RNI No. - PUNPUN/2022/82997
ISSN : 2584-1211

# ਆਪਣੀ ਆਵਾਜ਼
# अपनी आवाज़
# APNI AAWAAZ


| | | | | | | |
|---|---|---|---|---|---|---|
| Vol. 4 | Issue 2 | September 2025 | Punjabi Monthly | Published at Jalandhar | Price : Your Love & Affection | Page : 66 |
| ਸਾਲ 4 | ਅੰਕ 2 | ਸਤੰਬਰ 2025 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 66 |




ਫੋਟੋ : ਨੱਕਾਸ਼ ਚਿੱਤੇਆਣੀ

| ਸਾਲ 4 | Vol. 4 | ਅੰਕ 2 | Issue 2 | ਮਾਸਿਕ | Monthly | ਸਤੰਬਰ 2025 | September 2025 |
|---|---|---|---|---|---|---|---|



# Apni Aawaaz
Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu



**Contact :**

+9194174-49665
+9198725-21575
Email : apniaawaazjal@gmail.com
Website : aapniawaaz.com


## ਇਸ ਅੰਕ ਵਿੱਚ


| | | |
|---|---|---|
| 1. ਸੰਪਾਦਕੀ – ਚੁੱਕ ਲਓ ਆਪਣੇ ਵਿਕਾਸ ਦਾ ਭਾਂਡਾ... | ਡਾ. ਰਾਮ ਮੂਰਤੀ | 3 |
| 2. ਪੈਂਤੀ ਅੱਖਰੀ | ਸੁਰਿੰਦਰ ਸਿੰਘ ਸੁੰਨੜ | 4 |
| 3. ਮਨਜੀਤ ਬੋਪਾਰਾਏ ਦੀ 'ਕਾਫ਼ਿਰ ਹੀ ਪਵਿੱਤਰ ਮਨੁੱਖ' ਪੁਸਤਕ... | ਉਜਾਗਰ ਸਿੰਘ | 6 |
| 4. ਸਈਦ ਅਮੀਰ ਮਹਿਮੂਦ ਦੀ ਕਿਤਾਬ 'ਹਿੰਗਮ ਸਫ਼ਰ' 'ਤੇ.... | ਜ਼ਫਰ ਇਕਬਾਲ ਜ਼ਫਰ | 9 |
| 5. ਇਕ ਲੱਪ ਯਾਦਾਂ ਦੀ | ਭੁਪਿੰਦਰ ਉਸਤਾਦ | 11 |
| 6. ਸਰ ਆਈਜ਼ਕ ਨਿਊਟਨ | ਡਾ. ਹਰੀਸ਼ ਮਲਹੋਤਰਾ | 20 |
| 7. ਪੰਜਾਬੀ ਬੋਲੀ ਦਾ ਮੁੱਢ | ਨਾਜਰ ਸਿੰਘ | 24 |
| 8. ਮੌਤ ਦੀ ਦਾਅਵਤ ਦਾ ਆਯੋਜਨਾ ਕਰਨਾ ਜਾਂ ਉਸ ਵਿਚ... | ਕਿਸ਼ਨ ਸਨਮੁਖਦਾਸੀ | 28 |
| 9. "ਫਤਿਹ ਓਹਨਾਂ ਦੇ ਹਿੱਸੇ ਆਉਂਦੀ ਜਿਨ੍ਹਾਂ ਮਿਹਨਤ ... | ਜਸਵੀਰ ਸ਼ਰਮਾ ਦੱਦਾਹੂਰ | 31 |
| 10. ਆਪਣੇ ਸਾਥੀ ਤੁਸੀਂ ਆਪ ਹੋ | ਸੰਜੀਵ ਸਿੰਘ ਸੈਣੀ | 33 |
| 11. 'ਕੁਲ ਦੁਨੀਆਂ ਤੇ ਝੰਡਾ ਬੁਲੰਦ ਰਹੂ ਪੰਜਾਬੀ ਦਾ' ਗੀਤ... | ਬਲਜਿੰਦਰ ਮਾਨ | 35 |
| 12. ਅਦਾਕਾਰ, ਰੰਗਕਰਮੀ ਤੇ ਲੋਕ ਗਾਇਕ 'ਲਫਜ਼ ਧਾਲੀਵਾਲ'... | ਸ਼ਿਵਨਾਥ ਦਰਦੀ | 36 |
| 13. ਰੈਫਰੈਂਸ ਲਾਇਬ੍ਰੇਰੀ ਭਾਸ਼ਾ ਵਿਭਾਗ-ਹੱਥਲਿਖਤਾਂ | ਚੇਤਨ ਸਿੰਘ | 39 |
| 14. ਹੜ (ਕਹਾਣੀ) | ਪ੍ਰੋ. ਨਵਸੰਗੀਤ ਸਿੰਘ | 42 |
| 15. ਸਰਘੀ ਦਾ ਹਨੇਰਾ (ਮਿੰਨੀ ਕਹਾਣੀ) | ਬਲਜਿੰਦਰ ਮਾਨ | 43 |
| 16. ਮੇਰੇ ਦੇਸ਼ ਦਾ ਤਿਰੰਗਾ/ਕਿਤਾਬਾਂ ਵਰਗੀਆਂ ਕੁੜੀਆਂ | ਹਰਪੀਤ ਪੱਤੋ/ਜਸਪ੍ਰੀਤ ਕੌਰ | 44 |
| 17. ਟਰੰਪ ਦਾ ਆਰਥਿਕ ਹਥਿਆਰ "50 ਪ੍ਰਤੀਸ਼ਤ ਟੈਰਿਫ"... | ਕਿਸ਼ਨ ਸਨਮੁਖਦਾਸ | 45 |
| 18. ਸਿੱਖ ਨਵ-ਜਾਗਰਨ ਦਾ ਵਾਰਤਕ-ਕਾਰ ਜਸਵੰਤ ਨੇਕੀ | ਡਾ. ਰਾਮ ਮੂਰਤੀ | 48 |
| 19 ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 54 |
| 20. ਸੁਣ ਵੇ ਦਿਲਾ ਤੂੰ ਗੱਲ ਸੁਣ ਮੇਰੀ / ਦਸ਼ਾ ਤੇ ਦਿਸ਼ਾ | ਪ੍ਰਭਜੋਤ ਸੋਹੀ | 60 |
| 21. ਟਰਾਲੀ ਨਾਵਲ ਦੀ ਰਚਨਾ-ਸੰਰਚਨਾ | ਡਾ. ਰਣਜੀਤ ਕੌਰ ਹੁੰਦਲ | 61 |
| 22. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |



ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।



# ਆਪਣੀ ਆਵਾਜ਼

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

# APNI AAWAAZ

693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ

ਸੰਪਾਦਕੀ



# ਚੁੱਕ ਲਓ ਆਪਣੇ ਵਿਕਾਸ ਦਾ ਭਾਂਡਾ...

ਸ਼ੁਰੂ ਤੋਂ ਹੀ ਮਨੁੱਖ ਦਾ ਵਿਕਾਸ ਮਾਡਲ ਪ੍ਰਕਿਰਤੀ ਤੋਂ ਉਲਟ ਰਿਹਾ ਹੈ। ਹਵਾ ਪਾਨੀ ਅਗਨੀ ਵਰਗੀਆਂ ਕੁਦਰਤੀ ਸ਼ਕਤੀਆਂ ਉੱਪਰ ਕਾਬੂ ਪਾ ਕੇ ਜਿਉਣ ਦੀ ਕਲਾ ਨੂੰ ਮਨੁੱਖ ਵਿਕਾਸ ਦਾ ਨਾਂ ਦਿੰਦਾ ਰਿਹਾ ਹੈ। ਵਿਕਾਸ ਕਰਨ ਦੇ ਇਸ ਆਹਰ ਵਜੋਂ ਮਨੁੱਖ ਨੇ ਬਹੁਤ ਪਦਾਰਥਕ ਤਰੱਕੀ ਕੀਤੀ। ਇਸ ਨੇ ਅਸਮਾਨਾਂ ਵਿੱਚ ਉੱਡਣਾ ਸਿੱਖ ਲਿਆ, ਪਹੀਏ ਦੀ ਖੋਜ ਨਾਲ ਸੜਕਾਂ ਤੇ ਤੇਜ਼ ਰਫਤਾਰ ਵਿੱਚ ਦੌੜਨਾ ਸਿੱਖ ਲਿਆ, ਵੱਡੇ ਵੱਡੇ ਸ਼ਿਪ ਬਣਾ ਕੇ ਪਾਨੀਆਂ ਵਿੱਚ ਤੈਰਨਾ ਸਿੱਖ ਲਿਆ।

ਇਹ ਸਾਰਾ ਕੁਝ ਕਰਨ ਵਾਸਤੇ ਇਸ ਨੂੰ ਇੱਕ ਮਸ਼ੀਨ ਦੀ ਲੋੜ ਸੀ, ਇੱਕ ਇੰਜਣ ਦੀ ਲੋੜ ਸੀ। ਇਸਨੇ ਇੰਜਨ ਦੀ ਖੋਜ ਕੀਤੀ। ਇੰਜਣ ਨੂੰ ਚਲਾਉਣ ਲਈ ਈਧਨ ਦੀ ਲੋੜ ਸੀ, ਇਸ ਨੇ ਈਧਨ ਦੀ ਖੋਜ ਕਰ ਲਈ। ਪੈਟਰੋਲ ਬਣਾ ਲਿਆ, ਡੀਜ਼ਲ ਬਣਾ ਲਿਆ, ਗੈਸ ਪੈਦਾ ਕਰ ਲਈ। ਹੁਣ ਮਸ਼ੀਨ ਦੇ ਆਸਰੇ ਇਹਦਾ ਜੀਣਾ ਸੌਖਾ ਹੋ ਗਿਆ ਤੇ ਇਹ ਸੈਂਕੜੇ ਹਜ਼ਾਰਾਂ ਮੀਲਾਂ ਦਾ ਸਫਰ ਘੱਟ ਤੋਂ ਘੱਟ ਸਮੇਂ ਵਿੱਚ ਤੈ ਕਰਨ ਦੇ ਯੋਗ ਹੋ ਗਿਆ। ਫਿਰ ਆਬਾਦੀ ਵਧੀ ਤੇ ਹਰ ਇੱਕ ਦੇ ਮਨ ਵਿੱਚ ਇਹ ਇੱਛਾ ਪੈਦਾ ਹੋਈ ਕਿ ਮੇਰੀ ਆਪਣੀ ਖੁਦ ਦੀ ਮਸ਼ੀਨ ਹੋਵੇ, ਆਪਣੀ ਕਾਰ ਹੋਵੇ ਆਪਣਾ ਸਕੂਟਰ, ਆਪਣਾ ਜੈੱਟ, ਆਪਣਾ ਸ਼ਿਪ ਹੋਵੇ। ਇਸ ਤਰ੍ਹਾਂ ਇਸ ਨੇ ਲੱਖਾਂ ਕਰੋੜਾਂ ਇੰਜਣ ਬਣਾ ਲਏ ਤੇ ਉਹਨਾਂ ਇੰਜਣਾਂ ਵਿੱਚ ਲੱਖਾਂ ਲੀਟਰ ਤੇਲ ਦੀ ਖਪਤ ਹੋਣ ਲੱਗੀ। ਜਦੋਂ ਬੇ ਓੜਕ ਈਧਨ ਦੇ ਬਲਣ ਨਾਲ ਬੇ ਓੜਕ ਧੂਆਂ ਵਾਤਾਵਰਨ ਵਿੱਚ ਫੈਲਣ ਲੱਗਾ ਤਾਂ ਇਹਨੂੰ ਸਾਹ ਲੈਣਾ ਔਖਾ ਹੋ ਗਿਆ ਜਿਸ ਨੂੰ ਇਸ ਨੇ ਪ੍ਰਦੂਸ਼ਣ ਦਾ ਨਾਮ ਦਿੱਤਾ।

ਇਸ ਨੂੰ ਲੱਗਾ ਕਿ ਪਿੰਡਾਂ ਨਾਲੋਂ ਸ਼ਹਿਰਾਂ, ਮਹਾਨਗਰਾਂ ਵਿੱਚ ਰਹਿਣਾ ਸੌਖਾ ਹੈ ਇਸ ਲਈ ਇਸ ਨੇ ਮਹਾਂਨਗਰਾਂ ਦਾ ਵਿਕਾਸ ਕਰ ਲਿਆ। ਮਹਾਂ ਨਗਰੀਆਂ ਵਿੱਚ ਇਸਨੇ ਆਧੁਨਿਕ ਸੁੱਖ ਸਹੂਲਤਾਂਵਾਂ ਸਿਰਜ ਲਈਆਂ। ਸੌਖਾ ਰਹਿਣ ਲਈ ਵਾਤਾਨਕੂਲ ਕਮਰੇ ਬਣਾ ਲਏ, ਵਾਤਾਨੁਕੂਲ ਗੱਡੀਆਂ ਬਣਾ ਲਈਆਂ। ਘਰਾਂ ਹੋਟਲਾਂ ਵਿੱਚ ਖਾਣੇ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਫਰਿਜਾਂ ਬਣਾ ਲਈਆਂ। ਇਸ ਤਰ੍ਹਾਂ ਮਹਾਨਗਰਾਂ ਦਾ ਵਿਕਾਸ ਜੋ ਇਸ ਨੇ ਕੀਤਾ ਉਹ ਬੇਤਰਤੀਬਾ ਵੀ ਸੀ। ਮਹਾਨਗਰਾਂ ਵਿੱਚ ਕੂੜੇ ਦੀ ਸਮੱਸਿਆ ਪੈਦਾ ਹੋਈ। ਇਸ ਨੇ ਸੀਵੇਜ ਦੀ ਸਥਾਪਨਾ ਕੀਤੀ ਤੇ ਸੀਵੇਜ ਦਾ, ਫੈਕਟਰੀਆਂ, ਉਦਯੋਗਾਂ ਦਾ ਗੰਦਾ ਪਾਣੀ ਇਸ ਨੇ ਪਵਿੱਤਰ ਨਦੀਆਂ ਤੇ ਦਰਿਆਵਾਂ ਦੇ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਸਾਡੀਆਂ ਪਾਕ ਪਵਿੱਤਰ ਨਦੀਆਂ ਗੰਦੀਆਂ ਹੋ ਗਈਆਂ, ਪਲੀਤ ਹੋ ਗਈਆਂ। ਖੇਤੀ ਦਾ ਵਿਕਾਸ ਮਾਡਲ ਵੀ ਗਲਤ ਸਾਬਤ ਹੋਇਆ। ਹਰੀ ਕ੍ਰਾਂਤੀ ਨੇ ਜ਼ਮੀਨ ਦਾ ਨਾਸ਼ ਕੀਤਾ। ਵੱਧ ਝਾੜ ਪੈਦਾ ਕਰਨ ਲਈ ਜਹਰੀਲੀਆਂ ਦਵਾਈਆਂ ਤੇ ਖਾਦਾਂ ਦੀ ਬੇਲੋੜੀ ਵਰਤੋਂ ਨੇ ਸਾਡੀ ਮਿੱਟੀ, ਹਵਾ ਤੇ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿੱਚ ਆਪਣੀ ਵੱਡੀ ਭੂਮਿਕਾ ਨਿਭਾਈ। ਮਹਾਨਗਰੀਆਂ ਦਾ ਫੈਲਾਓ ਸੈਂਕੜੇ ਹਜ਼ਾਰਾਂ ਪਿੰਡਾਂ ਨੂੰ ਖਾ ਗਿਆ। ਖੇਤੀ ਯੋਗ ਜ਼ਮੀਨ ਨਿਗਲ ਲਈ। ਸ਼ਹਿਰਾਂ ਵਿੱਚ ਸੜਕਾਂ ਦਾ ਜਾਲ ਵਿਛਿਆ, ਫਰਸ਼ ਪੱਕੇ ਹੋ ਗਏ ਤੇ ਬਾਰਿਸ਼ਾਂ ਦੇ ਪਾਨੀ ਨੂੰ ਧਰਤੀ ਵਿੱਚ ਰਿਚਾਰਜ ਕਰਨ ਦੀ ਕੋਈ ਯੋਜਨਾ ਕਿਸੇ ਸਰਕਾਰ ਦੀ ਕਦੇ ਰਹੀ ਹੀ ਨਹੀਂ। ਨਤੀਜਤਨ ਅੱਜ ਅਸੀਂ ਧਰਤੀ ਨੂੰ ਐਸਾ ਰੂਪ ਦੇ ਦਿੱਤਾ ਹੈ ਕਿ ਇਹ ਥੋੜਾ ਜਿਹਾ ਪਾਨੀ ਵੀ ਆਪਣੇ ਵਿੱਚ ਜੀਰ ਸਕਣ ਦੇ ਸਮਰੱਥ ਨਹੀਂ ਰਹੀ। ਝੋਨੇ ਦੀ ਖੇਤੀ ਨੇ ਪਾਣੀ ਦੇਰ ਤੱਕ ਖੜ੍ਹਾ ਰੱਖਣ ਲਈ ਧਰਤੀ ਦੇ ਮੁਸਾਮਾਂ ਨੂੰ ਮਾਰਿਆ, ਬੰਦ ਕੀਤਾ ਜਿਸ ਨਾਲ ਪਾਣੀ ਧਰਤੀ ਵਿੱਚ ਸਮਾਂ ਸਕਣ ਤੋਂ ਅਸਮਰਥ ਹੋ ਗਿਆ। ਜਹਿਰੀਲੀਆਂ ਦਵਾਈਆਂ ਦੇ ਛਿੜਕਾਉ ਨਾਲ ਸੱਪ, ਡੱਡੂ, ਗੰਡੋਏ ਤੇ ਹੋਰ ਮਿੱਤਰ ਕੀੜੇ, ਪੰਛੀਆਂ ਤੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਖਤਮ ਹੋ ਗਈਆਂ। ਸੁਖ ਲੈਣ ਦੀ ਮਨੁੱਖ ਦੀ ਅਭਿਲਾਸ਼ਾ ਤੇ ਇਸ ਦੇ ਲੋਭ ਲਾਲਚ ਨੇ, ਆਰਾਮ ਪ੍ਰਸਤੀ ਦੀ ਇੱਛਾ ਨੇ ਧਰਤੀ ਦੇ ਪੌਣ ਪਾਣੀ ਤੇ ਵਾਤਾਵਰਨ ਦਾ ਅਜਿਹਾ ਘਾਣ ਕੀਤਾ ਜਿਸ ਦੇ ਨਤੀਜੇ ਅੱਜ ਸਾਡੇ ਸਾਹਮਣੇ ਹਨ।

ਲਗਭਗ ਸਾਰਾ ਹਿਮਾਚਲ ਤੇ ਅੱਧਾ ਪੰਜਾਬ ਅੱਜ ਪਾਨੀ ਦੀ ਮਾਰ, ਹੜ੍ਹਾਂ ਦੀ ਲਪੇਟ ਵਿੱਚ ਹੈ। ਅਸੀਂ ਤੇ ਸਾਡੀਆਂ ਸਰਕਾਰਾਂ ਪਿਛਲੇ ਤਜਰਬਿਆਂ ਤੋਂ ਸਿੱਖਦੇ ਨਹੀਂ। ਪੰਜਾਬ ਵਿੱਚ ਪਿਛਲੇ ਸਾਲ ਤੋਂ ਸੌਣ ਭਾਦੋਂ ਦੇ ਮਹੀਨਿਆਂ ਦੌਰਾਨ ਅਕਸਰ ਹੜ੍ਹ ਆਉਂਦੇ ਹਨ। ਅਗਲੇ ਸਾਲ ਹੜ੍ਹ ਨਾ ਆਉਣ ਇਸ ਦਾ ਅਗਾਊ ਪ੍ਰਬੰਧ ਸਾਡੀਆਂ ਸਰਕਾਰਾਂ ਵੱਲੋਂ ਕਦੇ ਕੀਤਾ ਹੀ ਨਹੀਂ ਜਾਂਦਾ। ਘੱਗਰ ਤਬਾਹੀ ਮਚਾਉਂਦਾ ਹੈ, ਸਤਲੁਜ ਤੇ ਬਿਆਸ ਵਿੱਚ ਹੜ੍ਹ ਆਉਂਦੇ ਹਨ ਲੇਕਿਨ ਇਹਨਾਂ ਨਾਲ ਨਜਿੱਠ ਸਕਣ ਦੇ ਅਗਾਊਂ ਪ੍ਰਬੰਧ ਕਰਨ ਦੀ ਕੋਈ ਯੋਜਨਾ ਸਾਡੀਆਂ ਸਰਕਾਰਾਂ ਪਾਸ ਹੈ ਹੀ ਨਹੀਂ। ਜਦੋਂ ਲੋਕ ਪਾਨੀ ਵਿੱਚ ਡੁੱਬ ਜਾਂਦੇ ਹਨ ਤਾਂ ਰਾਹਤ ਸਮੱਗਰੀ ਵੰਡਣ ਦੇ ਨਾਂ ਤੇ, ਤੁੱਛ ਜਿਹੇ ਮੁਆਵਜ਼ੇ ਦੇ ਨਾਂ ਤੇ ਸਾਡੇ ਲੀਡਰ ਆਪਣੀਆਂ ਵੋਟਾਂ ਪੱਕੀਆਂ ਕਰਨ ਜਰੂਰ ਨਿਕਲ ਪੈਂਦੇ ਹਨ। ਅਜਿਹੇ ਵਿਕਾਸ ਮਾਡਲ ਨੂੰ ਮੁੜ ਤੋਂ ਵਿਚਾਰਨ ਦੀ ਜ਼ਰੂਰਤ ਹੈ ਤੇ ਪ੍ਰਕਿਰਤੀ ਦੇ ਸੰਗੀ ਸਾਥੀ ਹੋ ਕੇ ਜਿਉਣ ਦੀ ਲੋੜ ਹੈ। ਨੀਤਸੇ ਦਾ ਉਹ ਨਾਹਰਾ ਕੁਦਰਤ ਵੱਲ ਵਾਪਸੀ (ਬੈਕ ਟੂ ਨੇਚਰ) ਨੂੰ ਲਾਗੂ ਕਰਨ ਦਾ ਅੱਜ ਮੌਕਾ ਆ ਗਿਆ ਹੈ। ਭਾਵੇਂ ਕਿ ਇਹ ਵੀ ਸੱਚ ਹੈ ਕਿ ਪਿੱਛੇ ਤਾਂ ਹੁਣ ਮੁੜਿਆ ਨਹੀਂ ਜਾ ਸਕਦਾ ਲੇਕਿਨ ਆਪਣੇ ਵਿਕਾਸ ਮਾਡਲ ਨੂੰ ਕੁਦਰਤ ਦਾ ਅਨੁਸਾਰੀ ਬਣਾ ਕੇ ਜਰੂਰ ਚੱਲਿਆ ਜਾ ਸਕਦਾ ਹੈ। ਮਨੁੱਖ ਦੀ ਇਹ ਬੌਣੀ ਸੋਚ ਕਿ ਸ਼ਾਇਦ ਇਹ ਧਰਤੀ ਮੇਰੇ ਲਈ ਹੀ ਬਣੀ ਹੈ, ਇਸਨੇ ਜੀਵ ਜੰਤੂਆਂ, ਫੁੱਲਾਂ ਬੂਟਿਆਂ ਤੇ ਰੁੱਖਾਂ ਦਾ, ਹਵਾ ਪਾਨੀ ਦਾ ਬਹੁਤ ਨੁਕਸਾਨ ਕੀਤਾ ਹੈ। ਸਿਆਣੇ ਬਣਨ ਦੀ ਲੋੜ ਹੈ। ਆਓ ਇਹਨਾਂ ਘਟਨਾਵਾਂ ਤੋਂ ਸਬਕ ਸਿੱਖੀਏ ਤੇ ਕੁਦਰਤ ਦੇ ਅਨੁਸਾਰੀ ਹੋ ਕੇ ਜਿਉਣਾ ਸ਼ੁਰੂ ਕਰੀਏ ਤਾਂ ਕਿ ਆਉਣ ਵਾਲੀਆਂ ਪੀੜੀਆਂ ਸਾਨੂੰ ਲਾਹਣਤਾਂ ਨਾ ਪਾਉਣ!

- ਡਾ. ਰਾਮ ਮੂਰਤੀ

ਅੱਖਰ-ਅੱਖਰ ਕਵਿਤਾ

# ਪੈਂਤੀ ਅੱਖਰੀ

-ਸੁਰਿੰਦਰ ਸਿੰਘ ਸੁੰਨੜ



ਊੜਾ ਊਲ ਜਲੂਲ ਵਿੱਚ ਉਮਰ ਬੀਤੀ,
ਉਸਦੀ ਸਮਝ ਨਾ ਆਈ ਉਸਨੂੰ ਪਾਵਣਾ ਕੀ।
ਉੱਪਰੋਂ-ਉੱਪਰੋਂ ਉਸਦੀ ਉਮੀਦ ਕੀਤੀ,
ਰਾਹ ਦੀ ਸਮਝ ਜੇ ਨਹੀਂ ਉਸ ’ਤੇ ਜਾਵਣਾ ਕੀ।

ਐੜਾ ਅਲਫ਼ ਅੱਲਾ ਦਾ ਹੀ ਆਸਰਾ ਹੈ,
ਆਲ-ਜਾਲ਼, ਜੰਜਾਲ਼ ਵਿਅਰਥ ਭੱਜ-ਨੱਠ।
ਐਵੇਂ ਧਰਤ ਆਕਾਸ਼ ਤੂੰ ਫਿਰੇਂ ਗਾਹੁੰਦਾ,
ਆਦਮ ਇੱਕ ਤੂੰ ਭਾਲਦਾ ਫਿਰੇਂ ਅੱਠ-ਸੱਠ।

ਈੜੀ ਇੱਕੋ-ਇੱਕ ਓਅੰਕਾਰ ਇਲਮੀ,
ਇਲਮਾਂ ਬਾਝ ਹੈ ਆਦਮੀ ਏਸ ਜੱਗ ਵਿੱਚ।
ਇਹ ਜੋ ਇਲਮ ਦੀ ਅਗਨ ਤੂੰ ਬਾਲਦਾਂ ਏਂ,
ਸੜ ਜਾਏਂਗਾ ਆਪਣੀ ਏਸ ਅੱਗ ਵਿੱਚ।

ਸੱਸਾ ਸਹਿਜ ਸੰਤੋਖ਼ ਸੀ ਸਰਲ ਕਾਇਦਾ,
ਭੰਬਲਭੂਸੇ ਵਿੱਚ ਫਸਿਆ ਸੰਸਾਰ ਐਵੇਂ।
ਸੁਪਨ ਦੁਨੀਆ ਤੂੰ ਸਿਰਜਦਾ ਫਿਰੇਂ ਜਿਹੜੀ,
ਸੱਚ ਨਹੀਂ, ਇਹ ਬਿਲਕੁਲ ਬੇਕਾਰ ਐਵੇਂ।

ਹਾਹਾ ਹਰੀਹਰ, ਹਰੀਹਰ ਫਿਰੇਂ ਕਰਦਾ,
ਮੂੰਹੋਂ ਹੋਰ ਤੇ ਅੰਦਰ ਕੁੱਝ ਹੋਰ ਬੰਦਿਆ!
ਹਰ ਹਾਲ ਵਿੱਚ ਹਰੀ ਤਾਂ ਨਾਲ ਤੇਰੇ,
ਹਉਮੈਂ ਤਿਆਗ ਕੇ ਹਰੀ ਨਾ’ ਜੋੜ ਬੰਦਿਆ!

ਕੱਕਾ ਕਰਮ ਨਾ ਕਿਸੇ ਦੇ ਕਦੇ ਬਦਲੇ,
ਕਰਨਹਾਰ ਹੈ ਕਿਰਤ, ਕਰਤੂਤ ਬੰਦਿਆ!
ਕਿਰਪਾ ਕਰੇ ਜੇ ਕੁਦਰਤ ਕ੍ਰਿਪਾਲ ਹੋ ਕੇ,
ਕੱਜ ਲਵੇ ਕਸੂਤੇ ਸਬੂਤ ਬੰਦਿਆ।

ਖੱਖਾ ਖ਼ਾਸਮ-ਖ਼ਾਸ ਹੀ ਖੜ੍ਹਨ ਲਾਗੇ,
ਖ਼ਾਸ ਨਹੀਂ ਜੇ ਕੋਈ ਤਾਂ ਖ਼ੈਰ-ਸੱਲਾ।
ਖੁਣਸੀ ਲੋਕਾਂ ਤੇ ਖੱਖਰ ਵਿਚ ਕੀ ਅੰਤਰ,
ਖ਼ਬਰੇ ਓਪਰੀ ਖੱਖਰ ਨਾ ਕਰੇ ਹੱਲਾ।

ਗੱਗਾ ਗੱਲ ਨੂੰ ਗੋਲ ਨਾ ਕਰ ਬੰਦਿਆ!
ਗੱਲਾਂ-ਗੱਲਾਂ ਵਿੱਚ ਗੱਲ ਨੇ ਨਸ਼ਰ ਹੋਣਾ।
ਗ਼ਲਤ ਸੋਚ ਨੇ ਗ਼ਲਤ ਹੀ ਰੁਖ਼ ਕਰਨਾ,
ਗ਼ਲਤ ਸੋਚ ਦਾ ਗ਼ਲਤ ਹੀ ਹਸ਼ਰ ਹੋਣਾ।

ਘੱਗਾ ਘੜੀ ਨੇ ਘੜੀ ਨਾ ਕਦੇ ਰੁਕਣਾ,
ਘੁੰਮਣ ਘੇਰੀਆਂ, ਘੇਰਨਾ ਘੁੰਮ-ਘੁੰਮ ਕੇ।
ਘਪਲੇਬਾਜ਼ ਦੁਨੀਆ ਘਾਪੇ ਕਿਵੇਂ ਪੂਰੇ,
ਘੌਂਦੂ ਰਾਮ ਨੂੰ ਘੂਰ ਨਾ ਦਰਦ ਸੁਣ ਕੇ।

ਚੱਚਾ ਚਾਰ ਕੂੰਟਾਂ ਚਾਰੇ ਫਰੋਲ ਛੱਡੀਆਂ,
ਚੰਨ-ਤਾਰਿਆਂ ਤੱਕ ਵੀ ਫਿਰੇਂ ਲੱਭਦਾ।
ਚੱਤੋਂ ਪਹਿਰ ਜੋ ਤੂੰ ਚਲੋ-ਚੱਲ ਲਾਈ,
ਬਣਿਆ ਚੌਧਰੀ ਹਰ ਜਗ੍ਹਾ ਫਿਰੇਂ ਫੱਬਦਾ।

ਛੱਛਾ ਸ਼ਾਮ ਦੇ ਢਲਦਿਆਂ ਸ਼ਾਂਤ ਹੋਵੇ,
ਓਹੜ-ਪੋਹੜ ਸਾਰਾ ਛੁੱਟਦਾ ਦਿਸੇ ਸਭ ਨੂੰ।
ਸ਼ਾਹੀ ਠਾਠ ਤੇਰਾ ਛਤਰ ਸ਼ੋਹਰਤਾਂ ਦੇ,
ਛੁੱਟਦੇ ਦੇਖ ਕੇ ਸ਼ਾਇਦ ਧਿਆਏਂ ਰੱਬ ਨੂੰ।

ਜੱਜਾ ਜੋ-ਜੋ ਕਰੇਂ ਉਹ ਜੁਗਤ ਲੱਗਦਾ,
ਜੁਗਤੀ ਬਹੁਤ ਹੀ ਫਿਰਨ ਜਹਾਨ ਦੇ ਵਿੱਚ।
ਜੁਗਤਾਂ ਸਾਰੀਆਂ ਨੇ ਜਾਨੀ ਜ਼ਬਤ ਹੋਣਾ,
ਚੱਪੂ ਚੱਲ ਨਾ ਸਕਣ ਤੂਫ਼ਾਨ ਦੇ ਵਿੱਚ।

ਝੱਜਾ ਝੂਠੀ-ਮੂਠੀ ਝਲਕ ਪਈ ਤੈਨੂੰ,
ਝਿਲਮਲ-ਝਿਲਮਲ ਜੋ ਕਰੇ ਸਭ ਝੂਠ ਹੀ ਹੈ।
ਝੱਲ ਤੇਰਾ ਜੋ ਝੰਡੇ ਝੁਲਾਉਣ ਵਾਲਾ,
ਝੂਠ ਪਿੱਛੇ ਭੱਜਦਿਆਂ ਲੱਗਦੀ ਛੂਟ ਹੀ ਹੈ।

ਟੈਂਕਾ ਟਣਕਦਾ ਫਿਰੇਂ ਤੂੰ ਖੋਟਿਆ ਵੇ!
ਟੈਂ-ਟੈਂ ਕਰਦਾ ਤੂੰ ਤੇ ਥੱਕਦਾ ਨਹੀਂ।
ਟਿੰਡ ਵਿੱਚ ਕਾਨਾ ਐਵੇਂ ਪਾਈ ਰੱਖਦੈਂ,
ਟੂਣੇਹਾਰਿਆ ਟਪਲੇ ਲਾ ਅੱਕਦਾ ਨਹੀਂ।

ਠੱਠਾ ਠੰਡ ਕਲੇਜੇ ਨੂੰ ਤਾਂ ਪੈਂਦੀ,
ਠਾਕੁਰਦੁਆਰਿਆਂ 'ਤੇ ਠੀਕਰ ਚਾੜ੍ਹ ਆਵੇਂ।
ਪਿੱਠ ਦੇ ਕੇ ਨੱਠ ਜਾਏਂ ਜਦੋਂ ਮਰਜ਼ੀ,
ਠੱਗੀ ਨਾਲ ਬੇਦਾਵੇ ਕਦੇ ਪਾੜ ਆਵੇਂ!

ਡੱਡਾ ਡਮਰੂ ਵਜਾਏਂ ਤੂੰ ਬਹੁਤ ਵਧੀਆ,
ਡੌਂਡੀ ਪਿੱਟਦਾ ਫਿਰੇਂ ਜਹਾਨ ਅੰਦਰ।
ਡਰੇ ਡਾਂਗ ਤੋਂ ਮਾੜੇ ਨਾ' ਲਵੇਂ ਪੰਗਾ,
ਡੰਗ ਸਾਰਦੈਂ ਤੂੰ ਰੱਖ ਕੇ ਧਿਆਨ ਅੰਦਰ।

ਢੱਢਾ ਢੋਲ ਢਮੱਕਾ ਤੂੰ ਕਰੇਂ ਕਾਫ਼ੀ,
ਗੱਲ ਜੋੜਦੈਂ ਢਾਡੀ ਜਿਉਂ ਵਾਰ ਗਾਵੇ।
ਢੱਕਣ ਦੇ ਕੇ ਰਿੰਨ੍ਹੀਏ ਜੇ ਕੁੱਝ ਵੀ,
ਕੀ ਰਿੱਝਦਾ ਕੋਈ ਨਾ ਸਮਝ ਪਾਵੇ।

ਤੱਤਾ ਤੇਰਿਆਂ ਨੇ ਤੈਨੂੰ ਤੰਗ ਕਰਨਾ,
ਐਸੀ ਤ੍ਰਿਪਤੀ ਤੋਂ ਚੰਗਾ ਅਤ੍ਰਿਪਤ ਰਹਿਣਾ।
ਤੈਨੂੰ ਤਲਖ਼ ਤਜ਼ਰਬੇ ਵੀ ਹੋਣਗੇ ਕਈ,
ਤੇਰੀ ਤਮ੍ਹਾ ਨੇ ਵੀ ਤੈਨੂੰ ਤੇਲ ਦੇਣਾ।

ਥੱਥਾ ਥੱਕ-ਹਾਰ ਕੇ ਸੁਰਤ ਆਵੇ,
ਥੁੜ੍ਹਿਆ ਕੀ ਸੀ ਏਹੋ ਜਿਹੇ ਟੌਹਰ ਬਾਝੋਂ।
ਥਾਂ-ਥਾਂ 'ਤੇ ਨੇ ਥਿੜਕਣ ਪੈਰ ਲੱਗੇ,
ਬੰਦਾ ਥਿੜਕਦਾ ਨਹੀਂ ਕਿਸੇ ਔਹਰ ਬਾਝੋਂ।

ਦੱਦਾ ਦਾਨਿਸ਼ਮੰਦਾਂ ਦੀ ਇਹ ਦੁਨੀਆ,
ਦਵਾ-ਦਾਰੂ ਵੀ ਦਰਦ ਦੇ ਮਿਲਣ ਏਥੇ।
ਕੰਡੇ ਦੁੱਖ ਦਿੰਦੇ, ਦਿਲ ਨੂੰ ਹੌਲ ਪੈਂਦੇ,
ਮਹਿਕ ਦੇਣ ਨੂੰ ਫੁੱਲ ਵੀ ਖਿਲਣ ਏਥੇ।

ਧੱਦਾ ਧੰਨ ਪਰਭਾਣੀਆਂ ਸਬਰ ਜਿਨ੍ਹਾਂ,
ਧਰਤੀ ਧਰਮ ਦੀ ਧੌਲ 'ਤੇ ਖੜੀ ਲੱਗਦੀ।
ਧੀਰਜ ਨਾਲ ਜੇ ਜਿਉਣ ਦਾ ਵੱਲ਼ ਹੋਵੇ,
ਧੰਨ-ਧੰਨ ਹੋ ਜਾਏ ਸ਼ੋਭਾ ਮਿਲੇ ਜੱਗ ਦੀ।

ਨੰਨਾ ਨਾਮ ਦਾ ਆਸਰਾ ਲੈ ਬੰਦਿਆ।
ਨਮੋਂ ਸ਼ਿਵਾ ਨਾਲ ਨਾਮ ਖ਼ੁਮਾਰੀਆਂ ਨੇ।
ਨਹੁੰ ਮਿਲ ਗਿਆ ਜੇਕਰ ਕਿਸੇ 'ਕੇਰਾਂ,
ਨਾਮੇ ਨਦਰੀਂ, ਫਿਰ ਨਦਰ ਨਿਹਾਰੀਆਂ ਨੇ।

ਪੱਪਾ ਪਰਮ ਪਰਮੇਸ਼ਵਰ ਪਿਤਾ ਪਿਆਰਾ,
ਪਲ-ਪਲ ਮੈਂ ਜਾਵਾਂ ਬਲਿਹਾਰ ਉਸ ਤੋਂ।
ਪਰਵਰਦਗਾਰ ਅਪਾਰ ਦਾ ਪਿਆਰ ਪਾ ਕੇ,
ਵਾਰੇ-ਵਾਰੇ ਜਾਵਾਂ, ਵਾਰ-ਵਾਰ ਉਸ ਤੋਂ।

ਫੱਫਾ ਫਿਕਫਿਕਾ ਲੰਘੇ ਨਾ ਸੰਘ ਅੰਦਰ,
ਫਿੱਕੇ ਬੋਲ ਵੀ ਕੰਨਾਂ ਨੂੰ ਨਹੀਂ ਭਾਉਂਦੇ।
ਫੁੱਲ ਫੱਬੇ ਨਾ ਲਾਟ 'ਤੇ ਸੜੇ ਜਿਹੜਾ,
ਆਪੇ ਫਾਥੜੀ ਨੂੰ ਕੋਈ ਨਾ ਮੂੰਹ ਲਾਉਂਦੇ।

ਬੱਬਾ ਬਹੁਤ ਕੁੱਝ ਬੰਦੇ ਨੂੰ ਬਖ਼ਸ਼ਿਆ ਹੈ,
ਹੋਰ ਬਹੁਤੇ ਤੋਂ ਬਹੁਤਾ ਹੁਣ ਕੀ ਹੋਵੇ।
ਬਾਹ੍ਰਾਂਤਾਲਿਆਂ ਬੰਦਿਆ! ਬਣ ਬੰਦਾ,
ਨਾਮ ਸਿਮਰ ਬਸ! ਜਿੰਨਾ ਚਿਰ ਜੀਅ ਹੋਵੇ।

ਭੱਭਾ ਭਰਮ ਦੀ ਭਾਜੀ ਪਕਾਈ ਫਿਰਦੈਂ,
ਭਾਂਤ-ਭਾਂਤ ਦੇ ਚਸਕੇ ਤੂੰ ਲਾਏਂ ਭਾਊ!
ਭੁੱਲਿਆ ਕੁੱਝ ਨਹੀਂ ਜਾਣਦੈਂ ਭਲੀ-ਭਾਂਤੀ,
ਭਉ, ਭਾਓ ਹੀ ਹੈ ਜੋ ਪਾਰ ਲਾਊ।

ਮੰਮਾ ਮੇਰਿਆਂ-ਤੇਰਿਆਂ ਵਿੱਚ ਉਲਝੇ,
ਮੋਹ-ਮਾਇਆ ਨੇ ਜਾਲ ਵਿਛਾਇਓ ਨੇ!
ਕਦੇ ਮੌਤ ਨੂੰ ਮੇਰੀ ਨਾ ਕਹੇ ਕੋਈ,
ਮਲਕਲ ਮੌਤ ਵੀ ਆਇਆ ਕਿ ਆਇਓ ਨੇ।

ਯੱਯਾ ਯਾਦ ਰੱਖੀਂ। ਯਾਰੀ ਟੁੱਟ ਜਾਣੀ,
ਸਾਰੇ ਯੁਗ, ਯੁਗਾਂਤਰ ਵੀ ਪਲਟ ਜਾਂਦੇ।
ਜਮ ਪਕੜ ਕੇ ਤੁਰ ਗਿਆ ਜਦੋਂ ਤੈਨੂੰ,
ਚੰਗੇ-ਭਲੇ ਸਾਹ ਇਕ ਦਮ ਹਲਟ ਜਾਂਦੇ।

ਰਾਰਾ ਰੌਣਕਾਂ ਤੇਰੀਆਂ ਰਹਿਣੀਆਂ ਨਹੀਂ,
ਤੁਰ ਜਾਏਂਗਾ ਰੋਜ਼ ਦੋ ਰੋਜ਼ ਰਹਿ ਕੇ।
ਰਾਹੀ ਰੱਬ ਦੀਆਂ ਰਮਝਾਂ ਨੂੰ ਨਾ ਜਾਣੇ,
ਰਾਤੋ-ਰਾਤ ਜਾਣਾ ਕਿਹੜੀ ਰੇਲ ਬਹਿ ਕੇ।

ਲੱਲਾ ਲਾ ਕੇ ਬੈਠਾਂ ਤੂੰ ਦਿਲ ਦਿਲਬਰ,
ਲਾਲ੍ਹਾਂ ਸੁੱਟਦਾਂ ਤੂੰ ਲੱਡੂ ਖਾਣ ਦੇ ਲਈ।
ਲਿਖਿਆ ਲੇਖ ਤੇਰਾ ਜੋ ਲਾਲ ਅੱਖ਼ਰੀਂ,
ਲੱਭ ਲਈਂ ਕੁੱਝ ਨਾਲ ਲਿਜਾਣ ਦੇ ਲਈ।

ਵਾਵਾ ਵਾਹਿਗੁਰੂ-ਵਾਹਿਗੁਰੂ ਕਰ ਬੰਦਿਆ।
ਵਕਤ ਨਾਲ ਤੂੰ ਵਕਤ ਪਛਾਣ ਭਾਈ।
ਵਗੀ ਪੁਰੇ ਦੀ 'ਵਾ ਜਦ ਵੇਗ ਦੇ ਵਿੱਚ,
ਹਰੇ ਪੱਤੇ ਵੀ ਪਲ 'ਚ ਝੜ ਜਾਣ ਭਾਈ।

ੜਾੜਾ ਰਿੜਕਿਆ ਬੜਾ ਤੂੰ ਸਾਫ਼ ਪਾਣੀ,
ਪਾਣੀ ਵਿੱਚ ਮਧਾਣੀ ਪਾ ਲੱਭਿਆ ਕੀ।
ਰਿੜ੍ਹਨਾ, ਤੁਰਨਾ ਤੂੰ ਸਿੱਖ ਕੇ ਭੱਜ ਤੁਰਿਆ,
ਰੁੜ੍ਹ ਗਿਆ ਪੂਰਾ ਆਬੂ ਛੱਡਿਆ ਕੀ।

ਬੱਤੀ ਅੱਖ਼ਰਾਂ ਦਾ ਬਣਦਾ ਵਜ਼ਨ ਬਹੁਤਾ,
ਤਿੰਨ ਅੱਖ਼ਰ ਜੋ ਕਾਬੂ ਵਿੱਚ ਨਹੀਂ ਆਏ।
ਸਿੱਖਿਆ ਵੱਲ ਗ੍ਰੰਥਾਂ ਨੂੰ ਪੜ੍ਹ-ਸੁਣ ਕੇ,
ਸਾਡੇ ਪੂਰਬਿਆਂ ਪੂਰਨੇ ਬਹੁਤ ਪਾਏ।

ਕਰਿਓ! ਤੁੱਛ ਜਿਹੀ ਭੇਟਾ ਮਨਜ਼ੂਰ ਮੇਰੀ
ਸੁੰਨੜ ਅਜੇ ਤੱਕ ਇੱਕ ਵਿਦਿਆਰਥੀ ਹੈ।
ਸ਼ਰਨ ਸਾਹਿਤਕਾਰਾਂ ਦੀ ਵਿੱਚ ਬੈਠਾ
ਸੁੰਨੜ ਸਮਝਦਾ ਅਜੇ ਸ਼ਰਨਾਰਥੀ ਹੈ।

ਙੰਙਾਂ ਗਿਆਨ ਨਾ ਮੈਨੂੰ ਵੰਞਾਂ ਜੁਗਤ ਕੋਈ,
ਣਾਣਾ ਵੀ ਨਾ ਕਾਬੂ ਵਿੱਚ ਕਰਨ ਜੋਗਾ।
ਪੈਂਤੀ ਅੱਖ਼ਰੀ ਮਾਲਾ ਦੇ ਤਿੰਨ ਮਣਕੇ
ਙੰਙਾਂ, ਵੰਞਾਂ ਤੇ ਣਾਣਾ ਨਹੀਂ ਘੜਨ ਜੋਗਾ।

# ਮਨਜੀਤ ਬੋਪਾਰਾਏ ਦੀ ਪੁਸਤਕ 'ਕਾਫ਼ਿਰ ਹੀ ਪਵਿੱਤਰ ਮਨੁੱਖ'

## (ਵਿਗਿਆਨਕ ਸੋਚ ਦੀ ਲਖਾਇਕ)

ਉਜਾਗਰ ਸਿੰਘ

ਭਾਰਤੀ ਖਾਸ ਕਰਕੇ ਪੰਜਾਬੀ ਧਾਰਮਿਕ ਵਲੱਗਣਾਂ ਵਿੱਚ ਗੜੂੰਦ ਹੋਏ ਪਏ ਹਨ। ਇਥੇ ਹੀ ਬੱਸ ਨਹੀਂ ਸਗੋਂ ਕੱਟੜਤਾ ਵਿੱਚ ਵੀ ਗ੍ਰਸੇ ਹੋਏ ਹਨ, ਜਿਸ ਕਰਕੇ ਵਿਕਾਸ ਦੇ ਰਸਤੇ ਵਿੱਚ ਖੜੋਤ ਆ ਜਾਂਦੀ ਹੈ। ਇਸ ਦਾ ਖਮਿਆਜਾ ਪੰਜਾਬੀ ਭੁਗਤ ਰਹੇ ਹਨ। ਨੌਜਵਾਨ ਪੀੜ੍ਹੀ ਵਿੱਚ ਵਿੱਦਿਆ ਦਾ ਪਾਸਾਰ ਹੋਣ ਨਾਲ ਵਿਗਿਆਨਕ ਸੋਚ ਬਣਦੀ ਜਾ ਰਹੀ ਹੈ। ਮਨਜੀਤ ਬੋਪਾਰਾਏ ਜੋ ਖ਼ੁਦ ਵਿਗਿਆਨਕ ਸੋਚ ਦਾ ਮੁੱਦਈ ਹੈ ਤੇ ਦਲੀਲ ਨਾਲ ਗੱਲ ਕਰਨ ਦਾ ਸਮਰਥੱਕ ਹੈ, ਉਸਨੇ ਨੌਜਵਾਨਾਂ ਨੂੰ ਵਿਗਿਆਨਕ ਸੋਚ ਨਾਲ ਜੋੜਨ ਲਈ ਕੋਸ਼ਿਸ਼ ਕੀਤੀ ਹੈ। ਉਹ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸ ਦੀ ਪਰੰਪਰਾ ਦਾ ਕੱਟੜ ਵਿਰੋਧੀ ਹੈ। ਮੁੱਢਲੇ ਤੌਰ 'ਤੇ ਉਹ ਇੱਕ ਬਿਹਤਰੀਨ ਇਨਸਾਨ ਹੈ। ਮਨੁੱਖਤਾ ਦੀ ਭਲਾਈ 'ਤੇ ਪਹਿਰਾ ਦੇਣਾ ਉਸਦੀ ਵਿਚਾਰਧਾਰਾ ਹੈ। ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸ ਦੇ ਜਾਲ ਵਿੱਚ ਫਸੇ ਪੰਜਾਬੀਆਂ ਨੂੰ ਵਿਗਿਆਨਕ ਆਧਾਰ 'ਤੇ ਵਿਚਰਣ ਦੇ ਇਰਾਦੇ ਨਾਲ ਉਸਨੇ ਇੱਕ ਪੁਸਤਕ 'ਜੋਤਿਸ਼ ਝੂਠ ਬੋਲਦਾ ਹੈ' ਲਿਖੀ ਸੀ, 'ਕਾਫ਼ਿਰ ਹੀ ਪਵਿੱਤਰ ਮਨੁੱਖ' ਉਸਦੀ ਇਸੇ ਲੜੀ ਵਿੱਚ ਦੂਜੀ ਪੁਸਤਕ ਹੈ। ਇਸ ਪੁਸਤਕ ਨੂੰ ਮਨਜੀਤ ਬੋਪਾਰਾਏ ਨੇ 27 ਅਧਿਆਇ ਵਿੱਚ ਵੰਡਿਆ ਹੈ। ਇਹ ਸਾਰੇ ਅਧਿਆਏ ਇੰਟਰਕਨੈਕਟਡ ਤੇ ਉਦਾਹਰਨਾਂ ਭਰਪੂਰ ਅਤੇ ਵਿਗਿਆਨਕ ਤੱਥਾਂ ਵਾਲੇ ਹਨ। ਲੇਖਕ ਨੇ ਇਸ ਪੁਸਤਕ ਵਿੱਚ ਲੋਕਾਂ ਨੂੰ ਸਮਝਾਉਣ ਲਈ ਖ਼ਰੀਆਂ-ਖ਼ਰੀਆਂ ਤੇ ਕੋਰੀਆਂ-ਕੋਰੀਆਂ ਗੱਲਾਂ ਕੀਤੀਆਂ ਹਨ। ਉਸਨੇ ਮਨੁੱਖਾਂ ਨੂੰ ਅੰਧ-ਵਿਸ਼ਵਾਸਾਂ ਵਿੱਚੋਂ ਕੱਢਣ ਲਈ ਤਰਕ ਨਾਲ ਕੁਦਰਤ ਅਤੇ ਰੱਬ ਦੇ ਵਖਰੇਵੇਂ ਨੂੰ ਸਮਝਾਇਆ ਹੈ। ਰੱਬ ਦੀ ਹੋਂਦ ਨੂੰ ਦਲੀਲਾਂ ਨਾਲ ਨਕਾਰਿਆ ਹੈ। ਅਗਿਆਨਤਾ ਅੰਧ-ਵਿਸ਼ਵਾਸ, ਕੱਟੜਪੰਥੀ, ਜ਼ੁਲਮ, ਅਪਰਾਧ, ਹਫੜਾ-ਦਫੜੀ ਅਤੇ ਭ੍ਰਿਸ਼ਟਾਚਾਰ ਦਾ ਆਧਾਰ ਬਣਦੀ ਹੈ। ਅਗਿਆਨਤਾ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਮੁੱਢਲੇ ਤੌਰ 'ਤੇ ਮਨਜੀਤ ਬੋਪਾਰਾਏ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬੱਚਾ ਇੱਕ ਇਨਸਾਨ ਦੇ ਤੌਰ 'ਤੇ ਪੈਦਾ ਹੁੰਦਾ ਹੈ, ਪ੍ਰੰਤੂ ਅਸੀਂ ਉਸਨੂੰ ਮਨੁੱਖ ਬਣਾਉਣ ਦੀ ਥਾਂ ਹਿੰਦੂ, ਸਿੱਖ, ਈਸਾਈ, ਯਹੂਦ ਅਤੇ ਮੁਸਲਮਾਨ ਬਣਾ ਦਿੰਦੇ ਹਾਂ। ਮਾਪੇ ਹੀ ਬੱਚਿਆਂ ਨੂੰ ਅੰਧ-ਵਿਸ਼ਵਾਸਾਂ ਵਿੱਚ ਧਕੇਲਦੇ ਹਨ। ਧਾਰਮਿਕ ਲੋਕਾਂ ਦੇ ਦੋਹਰੇ ਕਿਰਦਾਰ ਦਾ ਦਲੀਲਾਂ ਨਾਲ ਭਾਂਡਾ ਭੰਨਿਆਂ ਹੈ। ਧਾਰਮਿਕ ਲੋਕ ਆਪ ਵੀ ਵਿਗਿਆਨਕ ਤਰੀਕਿਆਂ ਨਾਲ ਇਲਾਜ਼ ਕਰਵਾਉਂਦੇ ਹਨ, ਪ੍ਰੰਤੂ ਕਹਿੰਦੇ ਹਨ ਕਿ ਰੱਬ ਨੇ ਬਚਾਇਆ ਹੈ। ਇਸ ਪੁਸਤਕ ਦਾ ਮਕਸਦ ਵਿਗਿਆਨਕ ਸੋਚ ਵਾਲੇ ਚੰਗੇ ਮਨੁੱਖ ਦੀ ਸਿਰਜਣਾ ਕਰਨਾ ਹੈ। ਇਸ ਸਾਰੇ ਕੁਝ ਨੂੰ ਸਮਝਾਉਣ ਲਈ ਮਨਜੀਤ



ਬੋਪਾਰਾਏ ਨੇ ਬ੍ਰਹਿਮੰਡ ਦੀ ਉਤਪਤੀ, ਖਣਿਜ ਦਾ ਵਿਕਾਸ ਧਰਤੀ ’ਤੇ ਜੀਵਨ ਦੀ ਉਤਪਤੀ ਤੇ ਗਿਆਨ ਵਿਗਿਆਨ ਦੇ ਵਿਕਾਸ ਦੀ ਪ੍ਰਗਤੀ ਦੀਆਂ ਪ੍ਰਸਥਿਤੀਆਂ ਬਾਰੇ ਜਾਣਕਾਰੀ ਦਿੰਦਿਆਂ, ਵਿਗਿਆਨਿਕ ਤਰਕ ਨਾਲ ਅੰਧ-ਵਿਸ਼ਵਾਸ ਨੂੰ ਅਗਿਆਨਤਾ ਦਾ ਮੁੱਖ ਕਾਰਨ ਕਿਹਾ ਹੈ, ਜਿਸ ਕਰਕੇ ਮਨੁੱਖ ਆਸਤਕ ਬਣਕੇ ਗੁੰਮਰਾਹ ਹੁੰਦਾ ਰਹਿੰਦਾ ਹੈ। ਪਹਿਲਾ ਅਧਿਆਏ ਵਧੀਆ ਮਨੁੱਖ ਬਣਨ ਲਈ ਤਸਦੀਕ ਕਰਦਾ ਹੈ ਕਿ ਜੀਵਨ ਵਿੱਚ ਪਾਰਦਰਸ਼ਤਾ, ਜਵਾਬ ਦੇਹੀ ਅਤੇ ਦਿਆਨਤਦਾਰੀ ਦੇ ਗੁਣ ਹੋਣੇ ਜ਼ਰੂਰੀ ਹੁੰਦੇ ਹਨ। ਦੂਜਾ ਅਧਿਆਏ ਦੱਸਦਾ ਹੈ ਕਿ ਸੱਚ ਅਸਲੀਅਤ ਦਾ ਸਬੂਤ ਹੁੰਦਾ ਹੈ, ਸੱਚ ਗ਼ਲਤ ਅਤੇ ਠੀਕ ਵਿੱਚ ਅੰਤਰ ਵਰਣਨ ਕਰਦਾ ਹੈ, ਵਿਗਿਆਨਕ ਤਰਕ ਨਾਲ ਸੱਚ ਲੱਭਿਆ ਜਾ ਸਕਦਾ ਹੈ। ਕੁਝ ਵੀ ਸਿੱਖਣ ਨੂੰ ਗਿਆਨ ਅਤੇ ਵਿਗਿਆਨ ਕਿਹਾ ਜਾ ਸਕਦਾ, ਪ੍ਰੰਤੂ ਇਸ ਦਾ ਆਧਾਰ ਤਰਕ ਹੁੰਦਾ ਹੈ। ਗਿਆਨ ਸੱਚ ਹੁੰਦਾ ਹੈ, ਗਿਆਨ ਤਰਤੀਬ ਬੰਦ ਪੜਤਾਲ ਕਰਨ ਨਾਲ ਆਉਂਦਾ ਹੈ, ਵਿਗਿਆਨਕ ਪਰਖ ਨਾਲ ਇਕੱਠੀ ਕੀਤੀ ਸੂਚਨਾ ਸਹੀ ਗਿਆਨ ਹੁੰਦਾ ਹੈ। ਵਿਗਿਆਨ ਸੱਚ ਜਾਨਣ ਦੀ ਤਰਕੀਬ ਹੈ। ਗਿਆਨ ਵਿਗਿਆਨ ਅਪਡੇਟ ਹੁੰਦਾ ਰਹਿੰਦਾ ਹੈ। ‘ਆਜ਼ਾਦੀ ਦਾ ਰੋਲ’ ਅਧਿਆਏ ਵਿੱਚ ਦੱਸਿਆ ਹੈ ਕਿ ਸੱਚ ਬੋਲਣਾ ਹੀ ਆਜ਼ਾਦੀ ਹੈ। ਆਜ਼ਾਦੀ ਤਿੰਨ ਤਰ੍ਹਾਂ ਰਾਸ਼ਟਰੀ, ਸਿਆਸੀ ਅਤੇ ਵਿਅਕਤੀਗਤ ਹੁੰਦੀ ਹੈ। ਆਜ਼ਾਦੀ ਦਾ ਅਰਥ ਸਵੈ-ਨਿਰਨਾ ਹੈ। ਕੁਦਰਤ ਦੇ ਭੇਦ ਖੋਲ੍ਹਣ ਵਿੱਚ ਆਜ਼ਾਦੀ ਦਾ ਮੁੱਖ ਰੋਲ ਹੈ। ਧਰਤੀ ’ਤੇ ਜੀਵਨ ਦੀ ਉਤਪਤੀ ਬਾਰੇ ਲੇਖਕ ਨੇ ਵਿਸਤਾਰ ਨਾਲ ਸ਼ੁਰੂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਤੀਜੇ ਗ੍ਰਹਿ ਦੀ ਵੱਖ-ਵੱਖ ਸਮੇਂ ਵਿਗਿਆਨੀਆਂ ਦੀ ਖੋਜ ਬਾਰੇ ਜਾਣਕਾਰੀ ਦਿੱਤੀ ਹੈ। ਸੰਸਾਰ ਵਿੱਚ ਆਉਣ ਤੋਂ ਬਾਅਦ ਮਨੁੱਖ, ਪੰਛੀ, ਬਨਾਸਪਤੀ, ਦਿਨ-ਰਾਤ, ਧੁੱਪ-ਛਾਂ, ਜੋ ਕੁਝ ਵੇਖਦਾ ਹੈ ਤਾਂ ਉਸਦੇ ਮਨ ਵਿੱਚ ਸਵਾਲ ਉਠਦੇ ਹਨ, ਇਹ ਸਭ ਕੁਦਰਤ ਹੈ, ਕੁਦਰਤ ਆਪਣੇ ਆਪ ਇੱਕ ਅਜੂਬਾ ਹੈ, ਕੁਦਰਤ ਨੂੰ ਸਿਰਸ਼ਟੀ ਵੀ ਕਿਹਾ ਜਾਂਦਾਹੈ। ਕਈ ਲੋਕ ਕੁਦਰਤ ਨੂੰ ਰੱਬ ਕਹਿੰਦੇ ਹਨ। ਲੇਖਕ ਨੇ ਸਮਝਾਇਆ ਹੈ ਕਿ ਸ਼ਰਧਾ, ਵਿਸ਼ਵਾਸ ਅਤੇ ਭਰੋਸਾ ਹੀ ਕੁਦਰਤ ਨੂੰ ਰੱਬ ਦਾ ਦਰਜਾ ਦਿੰਦੇ ਸਨ, ਇਨ੍ਹਾਂ ਸਾਰਿਆਂ ਦੀ ਜੜ੍ਹ ਅੰਧ-ਵਿਸ਼ਵਾਸ ਹੈ, ਲੇਖਕ ਨੇ ਉਦਾਹਰਨਾਂ ਨਾਲ ਸਮਝਾਇਆ ਹੈ ਕਿ ਅੰਧ-ਵਿਸ਼ਵਾਸ ਦੀ ਕੋਈ ਪਰਿਭਾਸ਼ਾ ਨਹੀਂ ਹੈ, ਇਸਦਾ ਅਰਥ ਆਮ ਤੌਰ ’ਤੇ ਅਲੌਕਿਕ ਸ਼ਕਤੀਆਂ ਵਿੱਚ ਵਿਸ਼ਵਾਸ ਹੈ। ਰੱਬ ਬਾਰੇ ਹਰ ਧਰਮ ਦੀ ਵੱਖਰੀ ਪਰਿਭਾਸ਼ਾ ਹੈ, ਇਸ ਦਾ ਭਾਵ ਰੱਬ ਵੀ ਅਨੇਕ ਹਨ, ਅਸਲ ਵਿੱਚ ਰੱਬ ਕਾਲਨਿਕ ਹੈ, ਜੇ ਰੱਬ ਸਭ ਕੁਝ ਕਰਦਾ ਹੈ ਤਾਂ ਲੋਕਾਂ ਤੋਂ ਗ਼ਲਤ ਕੰਮ ਵੀ ਉਹ ਹੀ ਕਰਵਾਉਂਦਾ ਹੈ। ਪੁਜਾਰੀ ਸ਼ਰਧਾਲੂ ਅਤੇ ਰੱਬ ਦਰਮਿਆਨ ਵਿਚੋਲੇ ਦਾ ਕੰਮਕਰਦਾ ਹੈ, ਚੜ੍ਹਾਵਾ ਰੱਬ ਨੂੰ ਖ਼ੁਸ਼ ਕਰਨ ਲਈ ਚੜ੍ਹਾਉਂਦਾ ਹੈ, ਸ਼ਰਧਾਲੂ ਆਪਣੇ ਲਾਭ ਲਈ ਦੂਜੇ ਦਾ ਨੁਕਸਾਨ ਕਰ ਸਕਦਾ, ਇਸ ਲਈ ਰੱਬ ਨਿਰਪੱਖ ਨਹੀਂ ਹੋ ਸਕਦਾ। ਜੇ ਰੱਬ ਸਰਬ-ਸ਼ਕਤੀਮਾਨ, ਸਰਬ-ਉਪਕਾਰੀ, ਸਰਬ-ਗਿਆਨੀ ਤੇ ਯੁੱਗੋ ਯੁੱਗ ਅਟੱਲ ਹੈ ਤਾਂ ਹਨ੍ਹੇਰੀਆਂ, ਭੂਚਾਲ, ਬਿਮਾਰੀਆਂਨਾਲਲੋਕਾਂ ਨੂੰ ਕਿਉਂ ਮਾਰਦਾ ਹੈ। ਸਭ ਨੂੰ ਇੱਕੋ ਜਹੇ ਕਿਉਂ ਨਹੀਂ ਸਮਝਦਾ? ਇਸ ਤੋਂ ਇਲਾਵਾ ਅਨੇਕਾਂ ਅਜਿਹੇ ਕੁਕਰਮ ਹੋ ਰਹੇ ਹਨ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਕੌਣ ਲਵੇਗਾ? ਬੁਰਾਈ ਵੀ ਤਾਂ ਰੱਬ ਹੀ ਕਰਾਉਂਦਾ ਹੈ, ਜੇ ਉਹ ਸਰਬ-ਸ਼ਕਤੀਮਾਨ, ਸਰਬ-ਉਪਕਾਰੀ, ਸਰਬ-ਗਿਆਨੀ ਤੇ ਯੁੱਗੋ ਯੁੱਗ ਅਟੱਲ ਹੈ। ਸੰਸਾਰ ਦੇ ਸਾਰੇ ਧਰਮਾਂ ਵਿੱਚ ਇਸਤਰੀ ਨੂੰ ਬਰਾਬਰਤਾ ਦਾ ਦਰਜਾ ਪ੍ਰਾਪਤ ਨਹੀਂ, ਗੱਲਾਂ ਬਾਤਾਂ ਜਿਵੇਂ ਮਰਜ਼ੀ ਕਹੀ ਜਾਣਅਮਲੀ ਤੌਰ ’ਤੇ ਇਸਤਰੀ ਨੂੰ ਦੂਜੇ ਦਰਜੇ ਦੀ ਕਿਹਾ ਜਾਂਦਾਹੈ। ਭਰੂਣ ਹੱਤਿਆ, ਜਿਨਸੀ ਸ਼ੋਸ਼ਣ, ਦਾਜ, ਹਿੰਸਾ, ਅਧੀਨਤਾ ਅਤੇ ਹੋਰ ਬਹੁਤ ਸਾਰੀਆਂ ਸਮਾਜਿਕ ਬੰਦਸ਼ਾਂ ਵਿੱਚ ਜਕੜਿਆ ਹੋਇਆ ਹੈ, ਇਹ ਵੀ ਅੰਧ-ਵਿਸ਼ਵਾਸ ਕਰਕੇ ਹੈ। 84 ਲੱਖ ਜੂਨਾ ਵਾਲਾ ਢਕਵੰਜ ਵੀ ਡਰਦੀ ਭਾਵਨਾ ਕਰਕੇ ਹੈ। ਅਲੌਕਿਕ, ਰਹੱਸਮਈ, ਦੈਵੀ ਵਰਤਾਰੇ ਸਭ ਡਰ ਕਰਕੇ ਬਣਾਏ ਗਏ ਹਨ। ਇਨ੍ਹਾਂ ਦਾ ਵਿਗਿਆਨ ਵਿੱਚ ਕੋਈ ਆਧਾਰ ਨਹੀਂ। ਭੂਤ ਪ੍ਰੇਤ ਸਭ ਕਾਲਪ ਨਿਕ ਗੱਲਾਂ ਹਨ। ਇਸ ਲਈ ਇਨ੍ਹਾਂ ਨੂੰ ਮੰਨਿਆਂ ਨਹੀਂ ਜਾ ਸਕਦਾ। ਬ੍ਰਹਿਮੰਡ ਕਿਸੇ ‘ਕਰਤੇ’ ਦੀ ਕਿਰਤ ਨਹੀਂ ਹੈ, ਸਗੋਂ ਰੱਬ ‘ਮਨੁੱਖ’ ਦੇ ਮਨ ਦੀ ਕਾਢ ਹੈ। ‘ਰੱਬ ਨੂੰ ਮਨੁੱਖ ਨੇ ਹੀ ਬਣਾਇਆ ਹੈ, ਨਾ ਕਿ ਰੱਬ ਨੇ ਕੁਦਰਤ ਦੀ ਉਪਜ ਕੀਤੀ ਹੈ। ‘ਬ੍ਰਹਿਮੰਡ/ਕੁਦਰਤ ਨੂੰ ਸਮਝਣ ਲਈ ਤਰਕਸ਼ੀਲ ਸਿਧਾਂਤ ਦੀ ਲੋੜ ਹੈ, ਸੂਝਵਾਨ ਅਤੇ ਸੂਖ਼ ਦਿਮਾਗ਼ ਵਾਲੇ ਮਨੁੱਖ ਨੇ ਮਨੁੱਖਾਂ ਲਈ ਦੇਵਤਿਆਂ ਦੇ ਡਰਦੀ ਕਾਢ ਕੱਢੀ, ਦੇਵਤੇ/ਰੱਬ ਮਨੁੱਖਾਂ ਦੀਆਂ ਕਾਲਪਨਿਕ ਧਾਰਨਾਵਾਂ ਹਨ। ਦੇਵਤੇ/ਰੱਬ ਅਗਿਆਨਤਾ ਕਰਕੇ ਮਿਥਹਾਸਕ ਕਿੱਸਿਆਂ ’ਤੇ ਅਧਾਰਤ ਹਨ, ਨਾ ਕਿ ਕਿਸੇ ਠੋਸਤਰਕ, ਨਿਰੀਖਣ ਅਤੇ ਸਬੂਤ’ਤੇ ਅਧਾਰਤ। ਪੁਰਾਤਨ ਸਮੇਂ ਕੁਦਰਤ ਦੇ ਵਰਤਾਰੇ ਚਮਤਕਾਰ ਹੀ ਮੰਨੇ ਜਾਂਦੇ ਸਨ।20ਵੀਂ ਸਦੀ ਵਿਗਿਆਨਕ ਯੁਗ ਸੀ। ਰੱਬ, ਦੇਵਤੇ, ਸਵਰਗ ਨਰਕ, ਭੂਤ-

ਪ੍ਰੇਤ, ਚਮਤਕਾਰ, ਆਤਮਾ ਆਦਿ ਵੱਖ-ਵੱਖ ਧਾਰਮਿਕ ਗ੍ਰੰਥਾਂ ਵਿੱਚ ਹੀ ਮਿਲਦੇ ਹਨ, ਪ੍ਰੰਤੂ ਵਿਗਿਆਨ ਦੀਆਂ ਕਿਤਾਬਾਂ ਵਿੱਚ ਨਹੀਂ ਮਿਲਦੇ। ਤਰਕਸ਼ੀਲਤਾ ਮਨੁੱਖੀ ਸੋਚ ਦੀ ਦਲੀਲ ਭਰਪੂਰ ਉਹ ਪ੍ਰਕ੍ਰਿਆ ਹੈ, ਜੋ ਸਾਨੂੰ ਗ਼ਲਤ, ਸੱਚ ਅਤੇ ਝੂਠ ਵਿੱਚ ਫ਼ਰਕ ਸਮਝਾਉਣ ਦੇ ਕਾਬਲ ਬਣਾਉਂਦੀ ਹੈ। ਇਸ ਮੰਤਵ ਲਈ ਗੁਰੂ/ਟੀਚਰ/ਕੋਚ ਹੀ ਬੱਚੇ ਨੂੰ ਤੱਥਾਂ 'ਤੇ ਅਧਾਰਤ ਜਾਣਕਾਰੀ ਦੇ ਸਕਦੇ ਹਨ। ਸਾਇੰਸ ਦੇ ਯੁਗ ਨੂੰ ਵੇਖਦੇ ਹੋਏ, ਗਿਆਨ ਵਿਗਿਆਨ ਹੀ ਇਨ੍ਹਾਂ ਦਾ ਆਧਾਰ ਹੁੰਦਾ ਹੈ। ਮਨਜੀਤ ਬੋਪਾਰਾਏ ਨੇ ਸਾਬਤ ਕੀਤਾ ਹੈ ਕਿ ਜਿਹੜੇ ਦੇਸ਼ਾਂ ਵਿੱਚ ਧਾਰਮਿਕ ਅਕੀਦਾ ਜ਼ਿਆਦਾ ਲੋਕਾਂ ਵਿੱਚ ਹੈ, ਉਨ੍ਹਾਂ ਦਾ ਵਿਕਾਸਨਹੀਂ ਹੋ ਸਕਿਆ। ਇਸਦੇ ਉਲਟ ਜਿਹੜੇ ਦੇਸ਼ਾਂ ਦੇ ਲੋਕ ਘੱਟ ਧਾਰਮਿਕ ਹਨ, ਉਹ ਵਿਕਾਸ ਦੀਆਂ ਸਿਖ਼ਰਾਂ 'ਤੇ ਪਹੁੰਚੇ ਹਨ। ਉਨ੍ਹਾਂ ਵਿੱਚ ਆਸਟਰੇਲੀਆ, ਸਵੀਡਨ, ਜਰਮਨੀ, ਨਿਊਜ਼ੀਲੈਂਡ, ਲਕਜ਼ਮਬਰਗ, ਡੈਨਮਾਰਕ, ਕੈਨੇਡਾ, ਫਰਾਂਸ ਅਤੇ ਨੀਦਰਲੈਂਡ ਵਰਗੇ ਦੇਸ਼ ਸ਼ਾਮਲ ਹਨ। ਲੇਖਕ ਨੇ ਇਹ ਵੀਸਾਬਤਕੀਤਾ ਹੈ ਕਿ ਲੋਕਾਂ ਦਾ ਨੈਤਿਕ ਵਿਕਾਸ ਪਹਿਲਾਂ ਹੋਇਆ, ਧਰਮ ਬਾਅਦ ਵਿੱਚ ਆਏ ਹਨ। ਇਤਿਹਸ ਗਵਾਹੀ ਭਰਦਾ ਹੈ ਕਿ ਧਰਮਾਂ ਕਰਕੇ ਬਹੁਤੀਆਂ ਜੰਗਾਂ ਲੱਗੀਆਂ ਹਨ, ਕਿਉਂਕਿ ਧਾਰਮਿਕ ਅੱਤਵਾਦ ਇਨ੍ਹਾਂ ਲੜਾਈਆਂ ਦੀ ਜੜ੍ਹ ਰਿਹਾ ਹੈ। ਨਾਸਤਿਕ/ਆਸਤਿਕ ਦੇ 18 ਸੁਆਲ ਜਵਾਬ ਤੇਈਵੇਂ ਚੈਪਟਰ ਵਿੱਚ ਦਿੱਤੇ ਹਨ, ਇਨ੍ਹਾਂ ਦ ਾਸਾਰੰਸ਼ ਇਹ ਹੈ ਕਿ ਨਾਸਤਕ ਰੱਬ ਨੂੰ ਮੰਨਣ ਤੋਂ ਮੁਨਕਰ ਨਹੀਂ ਪ੍ਰੰਤੂ ਆਸਤਿਕ ਇਹ ਸਬੂਤ ਨਹੀਂ ਦੇ ਸਕਿਆ ਕਿ ਰੱਬ ਮੌਜੂਦ ਹੈ, ਜਿਹੜੀ ਚੀਜ਼ ਦੀਸਥਾਈ ਹੋਂਦ ਹੀ ਨਹੀਂ, ਅਸੀਂ ਉਸਨੂੰ ਮੰਨ ਕਿਵੇਂ ਸਕਦੇ ਹਾਂ। ਰੱਬ ਤਾਂ ਵਿਖਾਈ ਹੀ ਨਹੀਂ ਦਿੰਦਾ, ਸਥੂਲ ਹੀ ਨਹੀਂ ਹੈ। ਵਿਗਿਆਨਕ ਅਤੇ ਧਾਰਮਿਕ ਸੋਚ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਕਾਲਪਨਿਕ, ਸ਼ਕਤੀਆਂ, ਭਗਤੀਆਂ (ਰੱਬ ਦੇਵਤੇ) ਬਿਨਾ ਸਬੂਤ ਹੁੰਦੇ ਹਨ। ਵਿਗਿਆਨਕ ਸੋਚ ਸਬੂਤਾਂ ਤੇ ਸਚਾਈ 'ਤੇ ਅਧਾਰਤ ਹੁੰਦੀ ਹੈ। ਇਹੋ ਦੋਹਾਂ ਵਿੱਚ ਅੰਤਰ ਹੈ। ਸੱਚ ਸਭ ਤੋਂ ਉਤਮ, ਮਹਾਨ ਅਤੇ ਮਹੱਤਵਪੂਰਨ ਹੁੰਦਾ ਹੈ। ਸੱਚ ਤੋਂ ਅੱਗੇ ਕੁਝ ਨਹੀਂ। ਧਾਰਮਿਕ ਸੋਚ ਸਚਾਈ ਤੋਂ ਦੂਰ ਕਾਲਪਨਿਕ ਹੁੰਦੀ ਹੈ। ਨਵੇਂ ਤੇ ਪੁਰਾਣੇ ਵਿਸ਼ਵਾਸਾਂ ਵਿੱਚ ਹਮੇਸ਼ਾ ਟਕਰਾਓ ਹੁੰਦਾ ਹੈ, ਕਿਉਂਕਿ ਪੁਰਾਣੇ ਵਿਸ਼ਵਾਸ ਸਾਡੀਆਂ ਭਾਵਨਾਵਾਂ ਤੇ ਕਦਰਾਂ-ਕੀਮਤਾਂ ਨਾਲ ਜੁੜੇ ਹੁੰਦੇ ਹਨ। ਨਵੇਂ ਵਿਚਾਰ ਮੌਜੂਦਾ ਗਿਆਨ, ਜਾਣਕਾਰੀਅਤੇ ਅਨੁਭਵਾਂ ਦੇ ਸੁਮੇਲ ਤੋਂ ਹੀ ਬਣਦੇ ਹਨ। ਗਿਆਨ ਅਤੇ ਵਿਗਿਆਨਕ ਤਰੱਕੀ ਪਿਛਲੀਆਂ ਖੋਜਾਂ ਨੂੰ ਅਨੁਕੂਲ ਬਣਾਉਣ ਅਤੇ ਜੋੜਨ ਦੇ ਨਤੀਜੇ ਵਜੋਂ ਹੁੰਦੀ ਹੈ। ਮਨੁੱਖ ਗਿਆਨ ਸਮੇਂ ਦੇ ਨਾਲ ਵਿਕਸਤ ਅਤੇ ਸੁਧਾਰਿਆ ਹੈ। ਕੁਦਰਤ ਦਾ ਨਿਯਮ ਤਬਦੀਲੀ ਦੀ ਪ੍ਰਕ੍ਰਿਆ ਵਿੱਚ ਨਿਰੰਤਰ ਸਿੱਖਣਾ, ਨਵੀਂ ਜਾਣਕਾਰੀ ਦੇ ਅਨੁਕੂਲ ਹੋਣਾ, ਨਵੇਂ ਹੁਨਰ ਅਤੇ ਨਵੇਂ ਮਾਹੌਲ ਦਾ ਵਿਕਾਸ ਹੁੰਦਾ ਰਹਿਣਾ ਸ਼ਾਮਲ ਹੈ। ਕੁਦਰਤ ਵਿੱਚ ਜੋ ਚੀਜ਼ਾਂ ਪੈਦਾ ਹੁੰਦੀਆਂ ਹਨ, ਉਹ ਕੁਦਰਤੀ ਸ਼ਕਤੀਆਂ ਨਾਲ ਬਣਦੀਆਂ ਹਨ। ਵਿਗਿਆਨ ਵਰਣਨ ਕਰਦਾ ਹੈ ਕਿ ਬ੍ਰਹਿਮੰਡ/ਕੁਦਰਤ ਕਿਵੇਂ ਸ਼ੁਰੂ ਹੋਈ। ਵਿਗਿਆਨ ਮੁਤਾਬਕ ਧਾਰਮਿਕ ਗ੍ਰੰਥਾਂ ਵਿੱਚ 'ਕਰਤੇ ਦੀ ਕਿਰਤ ਬ੍ਰਹਿਮੰਡ' ਦੇ ਦਾਅਵੇ ਅੰਧ-ਵਿਸ਼ਵਾਸ ਹੀ ਹਨ। ਕੁਦਰਤ ਗਿਆਨ ਵਿਗਿਆਨ ਦਾ ਦੂਜਾ ਰੂਪ ਹੈ। ਮਨੁੱਖ ਧਰਮਾ ਦੇ ਵਖਰੇਵੇਂ, ਵਰਗ, ਨਸਲ, ਰੰਗ, ਭਾਸ਼ਾਵਾਂ, ਲਿੰਗ, ਵੱਖਰੇ ਰੀਤੀ-ਰਿਵਾਜ, ਰਾਜਨੀਤਕ ਅਤੇ ਆਰਥਿਕ ਪੱਧਰ ਵਿਚਕਾਰ ਵੀ ਵੰਡਿਆ ਹੋਇਆ ਹੈ। ਵੱਖ-ਵੱਖ ਧਰਮਾਂ ਵਿਚਲੀ ਕੱਟੜਪੰਥੀ ਮਨੁੱਖਤਾ ਲਈ ਸਭ ਤੋਂ ਵੱਧ ਖ਼ਤਰਨਾਕ ਸਿੱਧ ਹੋਈ ਹੈ, ਇਸ ਸੰਬੰਧੀ ਪੁਸਤਕ ਦੇ 198 ਪੰਨੇ ਤੋਂ 211 ਤੱਕ ਦਾ ਵਿਸ਼ੇਸ਼ ਟੇਬਲ ਇਹ ਸਿੱਧ ਕਰਦਾ ਹੈ। 6 ਧਰਮਾਂ ਅਤੇ ਨਾਸਤਿਕ ਦੇ 18 ਨੁਕਤਿਆਂ ਦੀ ਸੰਖੇਪ ਵਿਆਖਿਆ ਅਤੇ ਵਿਸ਼ਲੇਸ਼ਣ ਇਹ ਸਿੱਧ ਕਰਦੇ ਹਨ ਕਿ ਸਾਰੇ ਧਰਮ ਗ੍ਰੰਥ ਵੱਖ-ਵੱਖ ਨਿਰਦੇਸ਼ ਦਿੰਦੇ ਹਨ, ਫਿਰ ਸਾਰੇ ਸੱਚੇ ਤੇ ਠੀਕ ਗਿਆਨ ਕਿਵੇਂ ਹੋਏ? ਸਾਰੇ ਧਰਮ ਇੱਕੋ ਰੱਬ ਨੂੰ ਮੰਨਦੇ ਹਨ। ਕਾਫ਼ਿਰ ਹੀ ਪਵਿੱਤਰ (ਸ਼ੁੱਧ) ਮਨੁੱਖ ਹੁੰਦਾ ਹੈ। ਪਵਿੱਤਰ ਦੇ ਸ਼ਬਦੀ ਅਰਥ ਹਨ ਸ਼ੁੱਧ, ਜਿਸ ਵਿੱਚ ਕੋਈ ਮਿਲਾਵਟ ਨਾ ਹੋਵੇ। ਇਸੇ ਤਰ੍ਹਾਂ ਮਨੁੱਖੀ ਮਨ/ਸੋਚ ਵੀਅੰਧ-ਵਿਸ਼ਵਾਸ ਰਹਿਤ ਸ਼ੁੱਧ/ਪਵਿੱਤਰ ਹੁੰਦੀ ਹੈ। ਵਹਿਮ-ਭਰਮਅਤੇ ਅੰਧ-ਵਿਸ਼ਵਾਸ ਇੱਕ ਤਰ੍ਹਾਂ ਮਾਨਸਿਕ ਪ੍ਰਦੂਸ਼ਣ ਹੀ ਹੁੰਦੇ ਹਨ। ਨਾਸਤਿਕ ਵਿਗਿਆਨਕ ਸੋਚ ਦਾ ਧਾਰਨੀ ਹੁੰਦਾ ਹੈ। ਇਸ ਲਈ 'ਕਾਫ਼ਿਰ ਨੂੰ ਹੀ ਪਵਿੱਤਰ ਮਨੁੱਖ' ਕਿਹਾ ਜਾ ਸਕਦਾ ਹੈ, ਕਿਉਂਕਿ ਵਿਗਿਆਨਕ ਵਿਧੀ ਇੱਕੋ ਇੱਕ ਭਰੋਸੇ ਮੰਦ ਤਰੀਕਾ ਹੈ। ਮਨਜੀਤ ਬੋਪਾਰਾਏ ਦੀ ਇਹ ਪੁਸਤਕ ਬਹੁਤ ਹੀ ਸਾਰਥਿਕ ਤੱਥਾਂ ਨਾਲ ਦਿੱਤੀ ਜਾਣਕਾਰੀ ਮਾਨਵਤਾ ਲਈ ਬੇਹੱਦ ਲਾਭਦਾਇਕ ਸਿੱਧ ਹੋਵੇਗੀ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਇਲ-94178-13072
ujagarsingh48yahoo.com

# ਸਈਦ ਅਮੀਰ ਮਹਿਮੂਦ ਦੀ ਕਿਤਾਬ 'ਹਿੰਗਮ ਸਫਰ' 'ਤੇ ਮਜ਼ੇਦਾਰ ਟਿੱਪਣੀ

**(ਇੱਕ ਕਿਤਾਬ ਜਿਸਦੀ ਸ਼ੁਰੂਆਤ ਖੁਸ਼ਹਾਲ ਹੈ ਅਤੇ ਇਸਦਾ ਅੰਤ ਉਦਾਸ ਹੈ।)**

**ਟਿੱਪਣੀਕਾਰ : ਜ਼ਫਰ ਇਕਬਾਲ ਜ਼ਫਰ**



ਸਈਦ ਅਮੀਰ ਮਹਿਮੂਦ ਦੀ ਕਿਤਾਬ 'ਹਿੰਗਮ ਸਫਰ' ਵਿੱਚ, ਉਨ੍ਹਾਂ ਦੀ ਯਾਤਰਾ ਦੌਰਾਨ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਅਤੇ ਤਜ਼ਰਬਿਆਂ ਦਾ ਵਰਣਨ ਵੱਖ-ਵੱਖ ਸ਼ਹਿਰਾਂ ਦੇ ਹਵਾਲੇ ਨਾਲ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਪਾਠਕ ਆਪਣੀ ਯਾਤਰਾ ਆਪਣੇ ਪੈਰਾਂ ਹੇਠੋਂ ਲੰਘਦੀ ਮਹਿਸੂਸ ਕਰਨ ਲੱਗ ਪੈਂਦੇ ਹਨ। ਕਿਤਾਬ ਦੇ ਹਰ ਪੰਨੇ ਦੇ ਨਾਲ ਦ੍ਰਿਸ਼ ਵੀ ਬਦਲਦਾ ਹੈ, ਪਰ ਕਈ ਵਾਰ ਮੈਂ ਉਨ੍ਹਾਂ ਦ੍ਰਿਸ਼ਾਂ ਦਾ ਆਨੰਦ ਲੈਣ ਲਈ ਅੱਗੇ ਵਧਣ ਦੀ ਬਜਾਏ ਪਿੱਛੇ ਜਾਣਾ ਪਸੰਦ ਕਰਾਂਗਾ ਜੋ ਮੈਨੂੰ ਆਨੰਦ ਦੀ ਭਾਵਨਾ ਦਿੰਦੇ ਹਨ। ਕਿਤਾਬ ਦੇ ਪਾਠਕ ਨੂੰ ਬਿਨਾਂ ਇੱਕ ਕਦਮ ਚੁੱਕੇ ਦੁਨੀਆ ਦੇ ਦਿਲਚਸਪ ਸਥਾਨਾਂ 'ਤੇ ਲੈ ਜਾਣ ਵਾਲਾ ਲੇਖਕ ਦੱਸਦਾ ਹੈ ਕਿ ਉਸਨੇ ਲਾਹੌਰ ਤੋਂ ਬੁਖਾਰਾ ਅਤੇ ਸਮਰਕੰਦ ਤੱਕ ਬੱਸ ਅਤੇ ਰੇਲ ਰਾਹੀਂ ਯਾਤਰਾ ਕੀਤੀ। ਇਸ ਯਾਤਰਾ ਦੌਰਾਨ, ਉਸਨੂੰ ਪਾਕਿਸਤਾਨ, ਭਾਰਤ ਅਤੇ ਮੱਧ ਏਸ਼ੀਆ ਦੇ ਯਾਤਰੀਆਂ ਨੂੰ ਮਿਲਣ ਦਾ ਮੌਕਾ ਮਿਲਿਆ, ਜੋ ਆਪਣੀ ਯਾਤਰਾ ਦੀਆਂ ਕਹਾਣੀਆਂ ਸੁਣਾ ਰਹੇ ਸਨ। ਸਰਹੱਦਾਂ 'ਤੇ ਇਮੀਗ੍ਰੇਸ਼ਨ ਅਤੇ ਕਸਟਮ ਦੇ ਮੁੱਦੇ ਸਨ, ਅਤੇ ਵੱਖ-ਵੱਖ ਭਾਸ਼ਾਵਾਂ ਦੇ ਲੋਕਾਂ ਨਾਲ ਸੰਚਾਰ ਕਰਨ ਵਿੱਚ ਮੁਸ਼ਕਲਾਂ ਸਨ। ਉਨ੍ਹਾਂ ਨੇ ਸੁਲਤਾਨ ਅਹਿਮਦ ਮਸਜਿਦ, ਹਾਗੀਆ ਸੋਫੀਆ ਅਤੇ ਗਲਾਟਾ ਪੁਲ ਦੇ ਨੇੜੇ ਮੱਛੀ ਦੀ ਰੋਟੀ ਦਾ ਆਨੰਦ ਮਾਣਿਆ। ਲੇਖਕ ਨੇ ਸ਼ਹਿਰ ਦੀ ਸ਼ਾਨ, ਸੁੰਦਰਤਾ ਅਤੇ ਪ੍ਰਾਚੀਨ ਅਤੇ ਆਧੁਨਿਕ ਪਹਿਲੂਆਂ ਨੂੰ ਦੇਖਿਆ, ਅਤੇ ਇਸਦਾ ਵਰਣਨ ਇੰਨੇ ਮਨਮੋਹਕ ਢੰਗ ਨਾਲ ਕੀਤਾ ਕਿ ਪਾਠਕ, ਉਤਸੁਕਤਾ ਵਿੱਚ ਡੁੱਬਿਆ ਹੋਇਆ, ਅਧਿਐਨ ਦੀ ਡੂੰਘਾਈ ਵਿੱਚ ਉਤਰਦਾ ਰਹਿੰਦਾ ਹੈ।

ਲੇਖਕ ਨੇ ਕੈਪਾਡੋਸੀਆ (ਗੋਰਮ) ਵਿੱਚ ਗਰਮ ਹਵਾ ਦੇ ਗੁਬਾਰੇ ਦੀ ਉਡਾਣ ਦਾ ਅਨੁਭਵ ਕੀਤਾ। ਉਸਨੇ ਸੂਰਜ ਚੜ੍ਹਨ ਵੇਲੇ ਸੈਂਕੜੇ ਗੁਬਾਰੇ ਅਸਮਾਨ ਵਿੱਚ ਉੱਠਦੇ ਦੇਖੇ ਅਤੇ ਇਸ ਦ੍ਰਿਸ਼ ਨੂੰ "ਜਾਦੂਈ" ਦੱਸਿਆ। ਇਹ ਖੇਤਰ ਆਪਣੀਆਂ "ਪਰੀਆਂ ਦੀਆਂ ਚਿਮਨੀਆਂ" ਅਤੇ ਜਵਾਲਾਮੁਖੀ ਪਹਾੜਾਂ ਲਈ ਮਸ਼ਹੂਰ ਹੈ।

ਐਥਨਜ਼ ਵਿੱਚ, ਲੇਖਕ ਨੇ ਐਕਰੋਪੋਲਿਸ ਅਤੇ ਪ੍ਰਾਚੀਨ ਯੂਨਾਨੀ ਮੰਦਰਾਂ ਦਾ ਦੌਰਾ ਕੀਤਾ। ਉਸਨੇ ਸ਼ਹਿਰ ਦੀ ਇਤਿਹਾਸਕ ਮਹੱਤਤਾ ਅਤੇ ਕਲਾ ਦੀ ਪ੍ਰਸ਼ੰਸਾ ਕੀਤੀ, ਜਿੱਥੇ ਅਰਸਤੂ, ਪਲੈਟੋ ਅਤੇ ਸੁਕਰਾਤ ਵਰਗੇ ਦਾਰਸ਼ਨਿਕ ਗਿਆਨ ਫੈਲਾਉਂਦੇ ਸਨ। ਉਸਨੇ ਐਥਨਜ਼ ਦੇ ਇਤਿਹਾਸਕ ਸਥਾਨਾਂ ਦੀ ਆਪਣੀ ਯਾਤਰਾ ਦੌਰਾਨ ਫਲੀ ਮਾਰਕੀਟ ਅਤੇ ਯੂਨਾਨੀ ਕੌਫੀ ਦਾ ਵੀ ਆਨੰਦ ਮਾਣਿਆ, ਕਿਉਂਕਿ ਪੜ੍ਹਨ ਨਾਲ ਪਾਠਕ ਦਾ ਦਿਲ ਉਨ੍ਹਾਂ ਥਾਵਾਂ ਦੀ ਪੜਚੋਲ ਕਰਨ ਅਤੇ ਉੱਥੇ ਮੌਜੂਦ ਯਾਦਗਾਰੀ ਵਸਤੂਆਂ ਦੇ ਸੁਆਦਾਂ ਦਾ ਸੁਆਦ ਲੈਣ ਲਈ ਤਰਸਦਾ ਹੈ। ਉਸਨੇ ਵੇਨਿਸ ਵਿੱਚ ਇੱਕ ਗੰਡੋਲਾ ਦੀ ਸਵਾਰੀ ਕੀਤੀ ਅਤੇ ਸੈਨ ਮਾਰਕੋ ਪਲਾਜ਼ਾ ਵਰਗੀਆਂ ਸੁੰਦਰ ਥਾਵਾਂ ਦਾ ਦੌਰਾ ਕੀਤਾ। ਰੋਮ ਦੀ ਪ੍ਰਾਚੀਨ ਵਿਰਾਸਤ ਦੀ ਪੜਚੋਲ ਕਰਨ ਲਈ ਆਪਣੀ ਯਾਤਰਾ ਦੌਰਾਨ, ਲੇਖਕ ਨੇ ਕੋਲੋਸੀਅਮ ਅਤੇ ਪੈਂਥੀਅਨ ਵਰਗੇ ਇਤਿਹਾਸਕ ਸਥਾਨ ਦੇਖੇ। ਉਸਨੇ ਟ੍ਰੇਵੀ ਫਾਊਂਟੇਨ 'ਤੇ ਸਿੱਕੇ ਸੁੱਟਣ ਦੀ ਪਰੰਪਰਾ ਵਿੱਚ ਹਿੱਸਾ ਲਿਆ ਅਤੇ ਲੂਵਰ ਅਜਾਇਬ ਘਰ ਦਾ ਵੀ ਜ਼ਿਕਰ ਕੀਤਾ। ਫਲੋਰੈਂਸ ਵਿੱਚ, ਲੇਖਕ ਨੇ ਸ਼ਹਿਰ ਦੀ ਪੁਨਰਜਾਗਰਣ ਕਲਾ ਅਤੇ ਆਰਕੀਟੈਕਚਰ ਦੀ ਪ੍ਰਸ਼ੰਸਾ ਕੀਤੀ। ਉਸਨੇ ਅਰਨੋ ਨਦੀ, ਪੋਂਟੇ ਵੇਚਿਓ ਅਤੇ ਹੈਂਗਿੰਗ ਟਾਵਰ ਵਰਗੀਆਂ ਥਾਵਾਂ ਵੇਖੀਆਂ। ਸੇਵਿਲ ਦੀ ਆਪਣੀ ਯਾਤਰਾ ਦੌਰਾਨ, ਲੇਖਕ ਨੇ ਮੀਰਾਡੋਰ ਡੇ ਲਾਸ ਕਾਸਾਸ, ਅਲਕਾਜ਼ਾਰ ਅਤੇ ਪਲਾਜ਼ਾ ਡੇ ਐਸਪਾਨਾ ਦੇਖੇ, ਜੋ ਸ਼ਹਿਰ ਦੀ ਇਸਲਾਮੀ ਵਿਰਾਸਤ ਨੂੰ ਦਰਸਾਉਂਦੇ ਹਨ। ਉਸਨੇ ਬਲਦਾਂ ਦੀ ਲੜਾਈ ਦੀ ਰਿੰਗ ਦਾ ਵੀ ਜ਼ਿਕਰ ਕੀਤਾ। ਕੋਰਡੋਬਾ ਵਿੱਚ, ਲੇਖਕ ਨੇ ਕੋਰਡੋਬਾ ਦੀ ਮਸਜਿਦ ਦਾ ਦੌਰਾ ਕੀਤਾ, ਜੋ ਕਿ ਉਸਦੇ ਲਈ ਇੱਕ ਮਹੱਤਵਪੂਰਨ ਅਤੇ ਵਿਲੱਖਣ ਅਨੁਭਵ ਸੀ। ਉਸਨੇ ਸ਼ਹਿਰ ਦੀ ਇਸਲਾਮੀ ਸਭਿਅਤਾ ਅਤੇ ਸੱਭਿਆਚਾਰ ਦੀਆਂ ਡੂੰਘਾਈਆਂ ਨੂੰ ਮਹਿਸੂਸ ਕੀਤਾ ਅਤੇ ਆਪਣੀ ਕਲਮ ਅਤੇ ਕਿਤਾਬ ਰਾਹੀਂ ਪਾਠਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਡੋਲ੍ਹਿਆ। ਪ੍ਰਾਗ ਨੂੰ ÷ਰੋਸ਼ਨੀਆਂ ਦਾ ਸ਼ਹਿਰ÷ ਕਿਹਾ ਗਿਆ ਹੈ। ਲੇਖਕ ਨੇ ਚਾਰਲਸ ਬ੍ਰਿਜ ਅਤੇ ਪ੍ਰਾਚੀਨ ਖਗੋਲੀ ਘੜੀ ਦੀ ਪ੍ਰਸ਼ੰਸਾ ਕੀਤੀ। ਉਹ ਰਾਤ ਨੂੰ ਸ਼ਹਿਰ ਦੀ ਸੁੰਦਰਤਾ ਅਤੇ ਇਸਦੀ ਪ੍ਰਾਚੀਨ ਵਿਰਾਸਤ ਤੋਂ ਬਹੁਤ ਪ੍ਰਭਾਵਿਤ ਹੋਇਆ। ਐਮਸਟਰਡਮ ਵਿੱਚ, ਲੇਖਕ ਨੇ ਸਾਈਕਲਿੰਗ ਨੂੰ ਸ਼ਹਿਰੀ ਆਵਾਜਾਈ ਦਾ ਇੱਕ ਮਹੱਤਵਪੂਰਨ ਹਿੱਸਾ ਪਾਇਆ। ਉਸਨੇ ਡੈਮ ਸਕੁਏਅਰ ਦਾ ਦੌਰਾ ਕੀਤਾ ਅਤੇ ਸ਼ਹਿਰ ਦੀਆਂ ਬਹੁਤ ਸਾਰੀਆਂ ਨਹਿਰਾਂ ਅਤੇ ਸੁੰਦਰ ਗਲੀਆਂ ਵਿੱਚ ਘੁੰਮਿਆ। ਪੈਰਿਸ ਦੀ ਆਪਣੀ ਯਾਤਰਾ ਦੌਰਾਨ, ਲੇਖਕ ਨੇ ਆਈਫਲ ਟਾਵਰ ਦੇਖਿਆ ਅਤੇ ਇਸਦੀ ਸੁੰਦਰਤਾ ਤੋਂ ਪ੍ਰਭਾਵਿਤ ਹੋਇਆ। ਉਸਨੇ ਸ਼ਹਿਰ ਦੀਆਂ ਰੌਸ਼ਨੀਆਂ ਅਤੇ ਰੋਮਾਂਟਿਕ ਮਾਹੌਲ ਦੀ ਪ੍ਰਸ਼ੰਸਾ ਕੀਤੀ, ਹਾਲਾਂਕਿ ਉਸਨੂੰ ਲੱਗਿਆ ਕਿ ਪੈਰਿਸ ਨੂੰ ਪੂਰੀ ਤਰ੍ਹਾਂ ਦੇਖਣ ਲਈ ਹੋਰ ਸਮਾਂ ਚਾਹੀਦਾ ਹੈ। ਸੇਂਟ ਐਂਡਰਿਊਜ਼ ਆਪਣੀ ਯੂਨੀਵਰਸਿਟੀ ਅਤੇ ਗੋਲਫ ਕੋਰਸ ਲਈ ਮਸ਼ਹੂਰ ਹੈ। ਲੇਖਕ ਨੇ ਸ਼ਹਿਰ ਦੀ ਸ਼ਾਂਤ ਸੁੰਦਰਤਾ ਅਤੇ ਇਸਦੀ ਵਿਦਿਅਕ ਵਿਰਾਸਤ ਦੀ ਪ੍ਰਸ਼ੰਸਾ ਕੀਤੀ। ਓਸਲੋ ਨੂੰ ਇੱਕ ਸੁੰਦਰ ਅਤੇ ਹਰਾ ਸ਼ਹਿਰ ਦੱਸਿਆ ਗਿਆ ਹੈ, ਜਿੱਥੇ ਉੱਚੇ ਪਹਾੜ ਅਤੇ (ਫਜੋਰਡ) ਹਨ। ਲੇਖਕ ਨੇ ਸ਼ਹਿਰ ਦੀ ਸਫਾਈ, ਯੋਜਨਾਬੰਦੀ ਅਤੇ ਕੁਦਰਤੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ। ਆਈਸਲੈਂਡ ਦੀ ਯਾਤਰਾ ਦਾ ਮੁੱਖ ਆਕਰਸ਼ਣ ਉੱਤਰੀ ਰੌਸ਼ਨੀਆਂ ਨੂੰ ਦੇਖਣਾ ਸੀ। ਲੇਖਕ ਨੇ ਝਰਨੇ, ਗਲੇਸ਼ੀਅਰ, ਗਰਮ ਚਸ਼ਮੇ ਅਤੇ ਜਵਾਲਾਮੁਖੀ ਪਹਾੜਾਂ ਸਮੇਤ ਆਈਸਲੈਂਡ ਦੇ ਵਿਲੱਖਣ ਕੁਦਰਤੀ ਦ੍ਰਿਸ਼ਾਂ ਦੀ ਪ੍ਰਸ਼ੰਸਾ ਕੀਤੀ।

ਬਹਿਰੀਨ ਦੀ ਯਾਤਰਾ ਦਾ ਇੱਕ ਮਹੱਤਵਪੂਰਨ ਪਹਿਲੂ ਪੁਰਾਣੇ ਦੋਸਤਾਂ ਅਤੇ ਅਜ਼ੀਜ਼ਾਂ ਨੂੰ ਮਿਲਣਾ ਸੀ। ਲੇਖਕ ਨੇ ਬਹਿਰੀਨ ਦੀ ਮਹਿਮਾਨ ਨਿਵਾਜ਼ੀ ਅਤੇ ਆਪਣੇ ਦੋਸਤ, ਪ੍ਰਸਿੱਧ ਪਾਕਿਸਤਾਨੀ ਕਵੀ ਅਤੇ ਲੇਖਕ ਅਮਜਦ ਇਸਲਾਮ ਅਮਜਦ ਨਾਲ ਇੱਕ ਮਹੱਤਵਪੂਰਨ ਸਮਾਗਮ ਵਿੱਚ ਸ਼ਾਮਲ ਹੋਣ ਦਾ ਜ਼ਿਕਰ ਕੀਤਾ। ਹਰ ਯਾਤਰਾ ਨੇ ਲੇਖਕ ਨੂੰ ਨਵੇਂ ਅਨੁਭਵਾਂ ਅਤੇ ਸੂਝਾਂ ਨਾਲ ਜੋੜਿਆ, ਜਿਸ ਨਾਲ ਦੁਨੀਆ ਦੀ ਉਸਦੀ ਸਮਝ ਵਿੱਚ ਵਾਧਾ ਹੋਇਆ। ਇਹ ਯਾਤਰਾਵਾਂ ਇੱਕ ਸ਼ੀਸ਼ੇ ਵਾਂਗ ਹਨ ਜੋ ਲੇਖਕ ਦੀਆਂ ਯਾਦਾਂ ਨੂੰ ਜਗਾਉਂਦੀਆਂ ਹਨ ਅਤੇ ਉਸਨੂੰ ਜੀਵਨ ਦੀ ਸੁੰਦਰਤਾ ਦੀ ਕਦਰ ਕਰਨ ਦਾ ਮੌਕਾ ਦਿੰਦੀਆਂ ਹਨ। 'ਹਿੰਗਮ ਸਫਰ' ਕਿਤਾਬ ਵਿੱਚ ਸਈਅਦ ਆਮਿਰ ਮਹਿਮੂਦ ਦੇ ਯਾਤਰਾ ਟੀਚਿਆਂ ਦਾ ਵਰਣਨ ਵੱਖ-ਵੱਖ ਪਹਿਲੂਆਂ ਤੋਂ ਕੀਤਾ ਗਿਆ ਹੈ।

ਸਈਅਦ ਆਮਿਰ ਮਹਿਮੂਦ ਦਾ ਯਾਤਰਾ ਦਾ ਨਿੱਜੀ ਜਨੂੰਨ ਅਤੇ ਆਨੰਦ ਉਸਦੇ ਸਕੂਲ ਦੇ ਦਿਨਾਂ ਤੋਂ ਹੀ ਸ਼ੁਰੂ ਹੋਇਆ ਸੀ। ਉਸਨੂੰ ਸ਼ਹਿਰਾਂ ਵਿੱਚ ਘੁੰਮਣ ਅਤੇ ਘੁੰਮਣ ਦਾ ਸ਼ੌਕ ਹੈ। ਉਸਨੂੰ ਵੱਖ-ਵੱਖ ਸ਼ਹਿਰਾਂ ਦੇ ਜਾਦੂਈ ਰੰਗਾਂ ਅਤੇ ਭੇਦਾਂ ਨੂੰ ਵੇਖਣ ਵਿੱਚ ਖੁਸ਼ੀ ਅਤੇ ਅਨੰਦ ਮਿਲਦਾ ਹੈ। ਉਸਦੀ ਇਹ ਜਨੂੰਨ ਉਸਦੀ ਯਾਤਰਾ ਦੇ ਪਿੱਛੇ ਮੁੱਖ ਪ੍ਰੇਰਕ ਸ਼ਕਤੀ ਹੈ। ਲੇਖਕ ਦੇ ਮੁੱਖ ਟੀਚਿਆਂ ਵਿੱਚੋਂ ਇੱਕ ਹੈ ਆਪਣੀਆਂ ਯਾਤਰਾਵਾਂ ਦੌਰਾਨ ਪ੍ਰਾਪਤ ਕੀਤੇ ਅਨੁਭਵਾਂ, ਨਿਰੀਖਣਾਂ ਅਤੇ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨਾ। ਉਹ ਚਾਹੁੰਦਾ ਹੈ ਕਿ ਪਾਠਕ ਉਸਦੀ ਕਿਤਾਬ ਰਾਹੀਂ ਦੁਨੀਆ ਦੇ ਵੱਖ-ਵੱਖ ਸ਼ਹਿਰਾਂ ਦੀ ਵਰਚੁਅਲ ਯਾਤਰਾ ਕਰਨ ਅਤੇ ਦੁਨੀਆ ਨੂੰ ਉਸਦੀ ਅੱਖਾਂ ਰਾਹੀਂ ਵੇਖਣ ਦੇ ਯੋਗ ਹੋਣ।

ਕਹਾਣੀ ਲਿਖਣ ਪਿੱਛੇ ਲੇਖਕ ਦਾ ਟੀਚਾ ਹਰੇਕ ਸ਼ਹਿਰ ਦਾ ਸੰਖੇਪ ਪਰ ਸੱਚਾ ਇਤਿਹਾਸ ਪ੍ਰਦਾਨ ਕਰਨਾ ਹੈ। ਉਹ ਵੱਖ-ਵੱਖ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਦੀਆਂ ਸਥਿਤੀਆਂ, ਭਾਸ਼ਾਵਾਂ, ਜਲਵਾਯੂ, ਆਰਥਿਕਤਾ ਅਤੇ ਸਮਾਜਿਕ ਸਥਿਤੀਆਂ ਦਾ ਵਰਣਨ ਕਰਨਾ ਚਾਹੁੰਦਾ ਹੈ। ਇਸ ਕਿਤਾਬ ਦੇ ਟੀਚਿਆਂ ਵਿੱਚੋਂ ਇੱਕ ਹੈ ਪਾਠਕਾਂ ਦੀ ਦੁਨੀਆ ਪ੍ਰਤੀ ਸਮਝ ਨੂੰ ਵਧਾਉਣਾ ਅਤੇ ਉਹਨਾਂ ਨੂੰ ਨਵੀਂ ਸੂਝ ਪ੍ਰਦਾਨ ਕਰਨਾ। ਸਈਅਦ ਆਮਿਰ ਮਹਿਮੂਦ ਦਾ ਇਹ ਯਾਤਰਾ ਬਿਰਤਾਂਤ ਉਰਦੂ ਸਾਹਿਤ ਅਤੇ ਯਾਤਰਾ ਵਿਧਾ ਵਿੱਚ ਦਿਲਚਸਪੀ ਵਧਾਉਣ ਲਈ ਵੀ ਲਿਖਿਆ ਗਿਆ ਸੀ। ਇਸਦਾ ਉਦੇਸ਼ ਵਿਦਿਅਕ ਸੋਚ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਮਾਈਨਿੰਗ ਵਾਤਾਵਰਣ ਨੂੰ ਬਿਹਤਰ ਬਣਾਉਣ ਦੀ ਵੀ ਲੋੜ ਸੀ।

ਸਈਅਦ ਆਮਿਰ ਮਹਿਮੂਦ, ਜਿਨ੍ਹਾਂ ਦੇ ਪੇਸ਼ੇਵਰ ਅਤੇ ਖੋਜ ਹਿੱਤ ਸਿੱਖਿਆ ਅਤੇ ਸਮਾਜਿਕ ਵਿਕਾਸ ਦੇ ਖੇਤਰ ਵਿੱਚ ਹਨ, ਨੇ ਪਾਕਿਸਤਾਨ ਅਤੇ ਮੱਧ ਏਸ਼ੀਆ ਵਿੱਚ ਸਿੱਖਿਆ ਮੁੱਦਿਆਂ 'ਤੇ ਵੀ ਵਿਆਪਕ ਖੋਜ ਕੀਤੀ ਹੈ। ਹਾਲਾਂਕਿ ਕਿਤਾਬ ਹਰੇਕ ਯਾਤਰਾ ਦੇ ਪੇਸ਼ੇਵਰ ਉਦੇਸ਼ ਨੂੰ ਸਪੱਸ਼ਟ ਤੌਰ 'ਤੇ ਨਹੀਂ ਦੱਸਦੀ ਹੈ, ਪਰ ਉਨ੍ਹਾਂ ਦਾ ਪਿਛੋਕੜ ਦਰਸਾਉਂਦਾ ਹੈ ਕਿ ਉਨ੍ਹਾਂ ਦੀਆਂ ਅਕਾਦਮਿਕ ਅਤੇ ਖੋਜ ਰੁਚੀਆਂ ਉਨ੍ਹਾਂ ਦੀਆਂ ਯਾਤਰਾਵਾਂ ਨੂੰ ਚਲਾ ਰਹੀਆਂ ਹੋਣਗੀਆਂ, ਖਾਸ ਕਰਕੇ ਮੱਧ ਏਸ਼ੀਆ ਵਿੱਚ, ਜਿਵੇਂ ਕਿ ਬੁਖਾਰਾ ਅਤੇ ਸਮਰਕੰਦ ਦੀਆਂ ਉਨ੍ਹਾਂ ਦੀਆਂ ਯਾਤਰਾਵਾਂ, ਅਤੇ ਉਹ ਸ਼ਹਿਰਾਂ ਦੀ ਸੱਭਿਆਚਾਰਕ ਅਤੇ ਵਿਦਿਅਕ ਵਿਰਾਸਤ ਦੀ ਡੂੰਘਾਈ ਨਾਲ ਜਾਂਚ ਕਰਨ ਵਿੱਚ ਦਿਲਚਸਪੀ ਰੱਖਦੇ ਸਨ। ਇਸ ਤਰ੍ਹਾਂ, ਸਈਅਦ ਆਮਿਰ ਮਹਿਮੂਦ ਦੀਆਂ ਯਾਤਰਾਵਾਂ ਇੱਕ ਖੁੱਲ੍ਹੀ ਕਿਤਾਬ ਵਾਂਗ ਸਨ, ਜਿੱਥੇ ਹਰ ਪੰਨਾ ਨਵੀਆਂ ਥਾਵਾਂ ਦੀ ਕਹਾਣੀ, ਸੱਭਿਆਚਾਰਾਂ ਦੇ ਰੰਗਾਂ ਅਤੇ ਨਿੱਜੀ ਨਿਰੀਖਣਾਂ ਦੇ ਮੋਤੀਆਂ ਨਾਲ ਸ਼ਿੰਗਾਰਿਆ ਹੋਇਆ ਹੈ, ਜਿਸਦਾ ਉਦੇਸ਼ ਆਪਣੇ ਆਪ ਦਾ ਆਨੰਦ ਮਾਣਨਾ ਹੈ ਅਤੇ ਨਾਲ ਹੀ ਦੂਜਿਆਂ ਨੂੰ ਦੁਨੀਆ ਦੇ ਅਜੂਬਿਆਂ ਬਾਰੇ ਜਾਗਰੂਕ ਕਰਨਾ ਹੈ। ਸਈਅਦ ਅਮੀਰ ਮਹਿਮੂਦ, ਜਿਨ੍ਹਾਂ ਨੇ ਆਪਣੀਆਂ ਮੁਸ਼ਕਲ ਯਾਤਰਾਵਾਂ ਰਾਹੀਂ ਦੁਨੀਆ ਦੇ ਅਦਭੁਤ ਸਥਾਨਾਂ ਦੇ ਦ੍ਰਿਸ਼ਾਂ ਦੀਆਂ ਸੈਂਕੜੇ ਝਲਕੀਆਂ ਦੇਖ ਕੇ ਪਾਠਕਾਂ ਦੀ ਉੱਥੇ ਜਾਣ ਦੀ ਇੱਛਾ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ, ਨੇ ਪਾਕਿਸਤਾਨ ਦੇ ਆਜ਼ਾਦੀ ਦਿਵਸ, ਯਾਨੀ 14 ਅਗਸਤ, 2023 ਨੂੰ ਲਾਹੌਰ ਵਿੱਚ ਪਾਕਿਸਤਾਨ ਸਰਕਾਰ ਤੋਂ ਵਿਲੱਖਣਤਾ ਦਾ ਤਗਮਾ ਪ੍ਰਾਪਤ ਕੀਤਾ, ਅਤੇ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਹੋਏ ਜਿਨ੍ਹਾਂ ਦੇ ਮੱਥੇ 'ਤੇ ਇਹ ਪਵਿੱਤਰ ਧਰਤੀ ਮਾਂ ਵਾਂਗ ਚੁੰਮਦੀ ਹੈ ਅਤੇ ਕਹਿੰਦੀ ਹੈ, ÷ਤੂੰ ਮੇਰੀ ਹੈਂ।÷ ਮੇਰੇ ਪਿਆਰੇ... ਆਪਣੇ ਲੋੜਵੰਦ ਬੱਚਿਆਂ ਦੀ ਦੇਖਭਾਲ ਕਰਨ 'ਤੇ ਮਾਣ ਹੈ।

ਇੱਕ ਸੈਲਾਨੀ ਅਤੇ ਇੱਕ ਯਾਤਰੀ ਦੀ ਸਥਿਤੀ ਵਿੱਚ ਅੰਤਰ ਨੂੰ ਦਰਸਾਉਂਦੇ ਹੋਏ, ਇਹ ਕਿਹਾ ਗਿਆ ਸੀ ਕਿ ਇੱਕ ਯਾਤਰੀ ਆਪਣੀ ਯਾਤਰਾ ਦੀ ਸ਼ੁਰੂਆਤ ਵਿੱਚ ਉਦਾਸ ਅਤੇ ਅੰਤ ਵਿੱਚ ਖੁਸ਼ ਹੁੰਦਾ ਹੈ, ਜਦੋਂ ਕਿ ਇੱਕ ਸੈਲਾਨੀ ਆਪਣੀ ਯਾਤਰਾ ਦੀ ਸ਼ੁਰੂਆਤ ਵਿੱਚ ਖੁਸ਼ ਅਤੇ ਅੰਤ ਵਿੱਚ ਉਦਾਸ ਹੁੰਦਾ ਹੈ। ਹਿੰਗਮ ਸਫ਼ਰ ਵੀ ਇੱਕ ਅਜਿਹੀ ਕਿਤਾਬ ਹੈ ਜੋ ਪਾਠਕ ਨੂੰ ਆਪਣੇ ਅਧਿਐਨ ਦੀ ਸ਼ੁਰੂਆਤ ਵਿੱਚ ਖੁਸ਼ ਅਤੇ ਅੰਤ ਵਿੱਚ ਉਦਾਸ ਹੋਣ ਦੀ ਸਥਿਤੀ ਨਾਲ ਛੱਡ ਦਿੰਦੀ ਹੈ।

ਹਿੰਗਮ ਸਫਰ ਦੇ ਖਰੜੇ ਨੂੰ ਪੜ੍ਹਨ ਤੋਂ ਬਾਅਦ, ਖ਼ਾਲਿਦ ਮਸੂਦ ਖਾਨ ਨੇ ਕਿਤਾਬ ਦੀ ਜਾਣ-ਪਛਾਣ ਦੀਆਂ ਸ਼ੁਰੂਆਤੀ ਵਿਸ਼ੇਸ਼ਤਾਵਾਂ ਵਿੱਚ ਜੋ ਪ੍ਰਗਟਾਵਾ ਸ਼ਾਮਲ ਕੀਤਾ ਹੈ, ਉਹ ਇੱਕ ਪ੍ਰਭਾਵਸ਼ਾਲੀ ਵਿਆਖਿਆ ਹੈ ਜਿਸਨੇ ਮੇਰੇ ਵਰਗੇ ਲੇਖਕ ਨੂੰ ਵੀ ਹੈਰਾਨ ਕਰ ਦਿੱਤਾ ਅਤੇ ਸਈਅਦ ਆਮਿਰ ਮਹਿਮੂਦ ਸਾਹਿਬ ਕਿਤਾਬ ਦੇ ਅੰਤ ਤੱਕ ਉਸ ਹੈਰਾਨੀ ਤੋਂ ਉਭਰ ਨਹੀਂ ਸਕੇ। ਜਿੱਥੇ ਉਨ੍ਹਾਂ ਨੇ ਉਨ੍ਹਾਂ ਦੋਸਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਮਰਥਨ ਨੇ ਇੱਕ ਜਾਂ ਦੂਜੇ ਤਰੀਕੇ ਨਾਲ ਕਿਤਾਬ ਵਿੱਚ ਦਿਖਾਏ ਗਏ ਦ੍ਰਿਸ਼ਾਂ ਦੀ ਸੁੰਦਰਤਾ ਨੂੰ ਵਧਾਇਆ ਸੀ, ਉੱਥੇ ਉਨ੍ਹਾਂ ਨੇ ਖੁੱਲ੍ਹ ਕੇ ਉਨ੍ਹਾਂ ਖਰਚਿਆਂ ਦਾ ਜ਼ਿਕਰ ਨਹੀਂ ਕੀਤਾ ਜਿਨ੍ਹਾਂ ਕਾਰਨ ਸਾਰੀਆਂ ਯਾਤਰਾਵਾਂ ਪੂਰੀਆਂ ਹੋਈਆਂ, ਪਰ ਮੇਰਾ ਅੰਦਾਜ਼ਾ ਹੈ ਕਿ ਇਹ ਇੱਕ ਅਸਾਧਾਰਨ ਰਕਮ ਹੈ ਜਿਸ ਨੇ ਪ੍ਰਾਪਤ ਕੀਤੀਆਂ ਯਾਤਰਾਵਾਂ ਦਾ ਆਨੰਦ ਕਿਤਾਬ ਦੇ ਮਾਮੂਲੀ ਹਿੱਸੇ ਦੇ ਪਾਠਕਾਂ ਦੀ ਪਹੁੰਚ ਵਿੱਚ ਲਿਆ ਹੈ।

# ਇਕ ਲੱਪ ਯਾਦਾਂ ਦੀ

**ਭੁਪਿੰਦਰ ਉਸਤਾਦ ਇੱਕ ਅਣਗੌਲਿਆ ਪਰ ਸੰਜੀਦਾ ਗਲਪਕਾਰ ਹੈ ਉਸ ਨੇ ਬੜੀਆਂ ਖੂਬਸੂਰਤ ਕਹਾਣੀਆਂ ਪੰਜਾਬੀ ਗਲਪ ਨੂੰ ਦਿੱਤੀਆਂ ਹਨ। ਇਕ ਲੱਪ ਯਾਦਾਂ ਦੀ ਉਸਦਾ ਸਫ਼ਰਨਾਮਾ ਹੈ। ਜੋ ਜੋ ਅਨੁਭਵ ਉਸਨੇ ਅਰਬ ਦੇਸ਼ ਓਮਾਨ ਵਿਚ ਰਹਿ ਕੇ ਹੰਢਾਏ। ਉਹਨਾਂ ਦਾ ਬੜਾ ਦਿਲਚਸਪ ਵਰਣਨ ਇਸ ਸਫ਼ਰਨਾਮੇ ਵਿਚ ਪੜ੍ਹਣ ਨੂੰ ਮਿਲਦਾ ਹੈ। ਆਪਣੀ ਆਵਾਜ਼ ਦੇ ਪਾਠਕਾਂ ਲਈ ਇਹ ਸਫ਼ਰਨਾਮਾ ਲੜੀਵਾਰ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ। ਜਿਸ ਦਾ ਪਹਿਲਾਂ ਅੰਸ਼ ਇੱਥੇ ਪੇਸ਼ ਹੈ -**

**ਕਾਂਡ -1**

ਅਜੇ ਸਾਨੂੰ ਆਪਣੇ ਕੁਆਟਰ ਵਿਚ ਗਿਆਂ ਨੂੰ ਦੋ-ਤਿੰਨ ਦਿਨ ਹੀ ਹੋਏ ਸਨ ਕਿ ਮੇਜਰ ਸਿੰਘ ਨੂੰ ਬੁਖਾਰ ਹੋ ਗਿਆ ਤੇ ਮੈਨੂੰ ਵੀ ਇੰਝ ਲਗ ਰਿਹਾ ਸੀ ਜਿਵੇਂ ਤਬੀਅਤ ਸਾਜ਼ ਨਹੀਂ ਹੈ।

ਕਿਉਂ ? ਅਜੇ ਤਾਂ ਦੋ ਮਹੀਨੇ ਵੀ ਨਹੀਂ ਹੋਏ, ਘਰੋਂ ਨਿਕਲਿਆਂ, ਘਰ ਵਾਲੀਆਂ ਚੇਤੇ ਆ ਗਈਆਂ। ਬਲਦੇਵ ਸਾਡੇ ਵੱਲ ਦੇਖ ਕੇ ਹੱਸਿਆ।

ਕੀ ਤੈਨੂੰ ਨਹੀਂ ਯਾਦ ਆਉਂਦੀ ? ਤੇਰਾ ਤਾਂ ਵਿਆਹ ਵੀ ਤਾਜਿਆਂ ਵਰਗਾ। ਮੈਂ ਉਸ ਨੂੰ ਯਾਦ ਕਰਾਉਂਦਿਆਂ ਪੁੱਛਿਆ।

ਓ ਯਾਰ, ਯਾਦ ਤਾਂ ਔਂਦੀ ਹੈ, ਪਰ ਹੁਣ ਕਰੀਏ ਕੀ, ਮੈਂ ਤਾਂ ਤੁਹਾਨੂੰ ਮਖੌਲ ਕਰ ਰਿਹਾ ਸੀ। ਉਹ ਵੀ ਉਦਾਸ ਜਿਹਾ ਹੋ ਗਿਆ। ਜੇ ਸਾਰੇ ਹੀ ਉਨ੍ਹਾਂ ਦੀ ਯਾਦ 'ਚ ਉਦਾਸ ਹੋ ਕੇ ਬਹਿ ਗਏ ਤਾਂ ਕੰਮ ਕਿਵੇਂ ਚਲੂ। ਉਸਨੇ ਆਪਣੀ ਗਲ ਪੂਰੀ ਕੀਤੀ।

ਐਨੇ ਨੂੰ ਸਾਡਾ ਰਬਾਬ ਆ ਗਿਆ। ਮੈਂ ਬਲਦੇਵ ਨੂੰ ਕਿਹਾ ਕਿ ਉਸ ਤੋਂ ਡਾਕਟਰ ਵਾਰੇ ਪੁੱਛੇ। ਬਲਦੇਵ ਦੇ ਪੁੱਛਣ ਤੇ ਉਸਨੇ ਦੱਸਿਆ ਕਿ ਮੇਨ ਰੋਡ ਤੋਂ ਜੋ ਰਸਤਾ ਪਿੰਡ ਵੱਲ ਉਤਰਦਾ ਹੈ, ਉਸ ਨੁੱਕਰ ਉਤੇ ਹੀ ਦਰੀਜ ਵਾਲੇ ਪਾਸੇ ਚਿੱਟੀ ਬਿਲਡਿੰਗ ਹੈ, ਤੇ ਉਸ ਬਿਲਡਿੰਗ ਉਤੇ ਓਮਾਨ ਦਾ ਝੰਡਾ ਲਹਿਰਾ ਰਿਹਾ ਹੋਏਗਾ। ਉਹ ਹੀ ਡਿਸਪੈਂਸਰੀ ਹੈ।

ਸਾਡੇ ਕੁਆਟਰ ਤੋਂ ਉਹ ਬਿਲਡਿੰਗ ਕੋਈ ਡੇਢ ਕਿਲੋਮੀਟਰ ਸੀ। ਖੋਤਿਆਂ ਉਤੇ ਤਾਂ ਅਸੀਂ ਚੜ੍ਹ ਨਹੀਂ ਸੀ ਸਕਦੇ, ਹੋਰ ਸਾਡੇ ਕੋਲ ਸਾਧਨ ਕੋਈ ਨਹੀਂ ਸੀ, ਸੋ ਅਸੀਂ ਪੈਦਲ ਹੀ ਤੁਰ ਪਏ। ਅੱਧੇ ਘੰਟੇ ਤੋਂ ਉੱਤੇ ਸਾਨੂੰ ਲਗ ਗਿਆ ਉਥੇ ਤੱਕ ਜਾਣ ਵਾਸਤੇ। ਉਹ ਬਿਲਡਿੰਗ ਸਾਨੂੰ ਸਾਹਮਣੇ ਹੀ ਦਿਸ ਪਈ। ਬਾਹਰ ਇਕ ਆਦਮੀ ਖੜ੍ਹਾ ਸੀ ਗੰਦੀ ਤੇ ਪਾਟੀ ਜਿਹੀ ਬਨੈਣ ਪਾਈ ਤੇ ਨੀਲੀਆਂ ਡੱਬੀਆਂ ਵਾਲੀ ਗੰਦੀ ਜਿਹੀ ਧੋਤੀ ਲਾ ਕੇ । ਅਸੀਂ ਉਸ ਦੇ ਅੱਗੋਂ ਦੀ ਹੋ ਕੇ ਬਿਲਡਿੰਗ ਦੇ ਅੰਦਰ ਲੰਘ ਗਏ। ਸਾਹਮਣੇ ਕਮਰੇ ਵਿਚ ਇਕ ਮੇਜ਼ ਕੁਰਸੀ ਅਤੇ ਇਕ ਪਾਸੇ ਮਰੀਜ਼ ਦੇਖਣ ਲਈ ਟੇਬਲ ਲੱਗਾ ਹੋਇਆ ਸੀ । ਨਾਲ ਵਾਲੇ ਕਮਰੇ ਦਾ ਵੀ ਦਰਵਾਜ਼ਾ ਖੁੱਲਾ ਸੀ, ਬਲਦੇਵ ਨੇ ਉਸ ਵਿਚ ਵੀ ਝਾਤੀ ਮਾਰੀ, ਉਸ ਵਿਚ ਇਕ ਗੰਦਾ ਜਿਹਾ ਬਿਸਤਰਾ ਜ਼ਮੀਰ ਉਤੇ ਹੀ ਵਿਛਿਆ ਹੋਇਆ ਸੀ। ਉਸ ਉਤੇ ਜੋ ਚਾਦਰ ਤੇ ਸਿਰਹਾਣਾ ਸੀ, ਉਹ ਇੰਝ ਲਗਦੇ ਸਨ ਜਿਵੇਂ ਸਾਲ ਹੀ ਲੰਘ ਗਏ ਹੋਣ ਉਨ੍ਹਾਂ ਨੂੰ ਧੋਤਿਆਂ। ਉਹ ਬੰਦਾ ਉਥੇ ਹੀ ਖੜ੍ਹਾ ਸਾਡੇ ਵਲ ਦੇਖੀ ਜਾ ਰਿਹਾ ਸੀ । ਅਸੀਂ ਮੇਜਰ ਨੂੰ ਡਾਕਟਰ ਦੇ ਕਮਰੇ 'ਚ ਬੈਠਾ ਕੇ ਬਾਹਰ ਆ ਕੇ ਉਸ ਆਦਮੀ ਨੂੰ ਡਾਕਟਰ ਬਾਰੇ ਪੁੱਛਿਆ, ਤਾਂ ਉਸਨੇ ਬੰਗਾਲੀ 'ਚ ਸਾਨੂੰ ਜੁਆਬ ਦਿੱਤਾ, ਪਰ ਸਾਡੀ ਸਮਝ ਵਿਚ ਕੁਝ ਨਾ ਆਇਆ।

ਬਲਦੇਵ ਨੇ ਫਿਰ ਉਸ ਨੂੰ ਅੰਗਰੇਜ਼ੀ 'ਚ ਪੁੱਛਿਆ ਕਿ ਤੂੰ ਡਾਕਟਰ ਵਾਰੇ ਜਾਣਦਾ। ਤਾਂ ਉਸਨੇ ਅਰਬੀ 'ਚ ਕੁੱਝ ਕਿਹਾ। ਐਨੇ ਨੂੰ ਇਕ



ਉਮਾਨੀ ਆਦਮੀ ਸਾਡੇ ਵਲ ਨੂੰ ਆਇਆ। ਅਸੀਂ ਇਕ ਦਿਨ ਪਹਿਲਾਂ ਉਸ ਨੂੰ ਆਪਣੇ ਪਿੰਡ ਰਬਾਬ ਨਾਲ ਦੇਖਿਆ ਸੀ।

ਕੀ ਗਲ ਹੋਈ ? ਉਸ ਆਦਮੀ ਨੇ ਬਲਦੇਵ ਨੂੰ ਸਹੇਲੀ 'ਚ ਪੁੱਛਿਆ।

ਸਾਡੇ ਇਕ ਬੰਦੇ ਨੂੰ ਬੁਖਾਰ ਹੋ ਗਿਆ, ਤੇ ਇਸ ਦੀ ਤਬੀਅਤ ਵੀ ਠੀਕ ਨਹੀਂ ਹੈ, ਦੁਆਈ ਲੈਣ ਆਏ ਸੀ, ਪਰ ਇਥੇ ਡਾਕਟਰ ਹੈ ਨਹੀਂ। ਬਲਦੇਵ ਨੇ ਉਸ ਆਦਮੀ ਨੂੰ ਦੱਸਿਆ।

ਡਾਕਟਰ ਹੈ ਨਹੀਂ ? ਹੈਰਾਨੀ 'ਚ ਉਸ ਆਦਮੀ ਨੇ ਸਾਡੇ ਵਲ ਤੇ ਉਸ ਬੰਗਾਲੀ ਵਲ ਦੇਖਿਆ।

ਫਿਰ ਇਹ ਕੌਣ ਹੈ ? ਉਸ ਆਦਮੀ ਨੇ ਪੁੱਛਿਆ ਤੇ ਆਪ ਹੀ ਜੁਆਬ ਦਿੱਤਾ। ਇਹੀ ਤਾਂ ਡਾਕਟਰ ਹੈ।

ਮੈਂ ਤੇ ਬਲਦੇਵ ਹੈਰਾਨੀ ਨਾਲ ਉਸ ਡਾਕਟਰ ਵਲ ਦੇਖਣ ਲੱਗੇ। ਬਲਦੇਵ ਨੇ ਉਮਾਨੀ ਨੂੰ ਦੱਸਿਆ ਕਿ ਅਸੀਂ ਇਸ ਨੂੰ ਪੁੱਛ ਰਹੇ ਸੀ, ਇਹ ਦੱਸ ਹੀ ਨਹੀਂ ਸੀ ਰਿਹਾ ਕਿ ਇਸ ਭੈੜੀ ਹਾਲਤ 'ਚ ਇਹ ਡਾਕਟਰ ਹੀ ਖੜ੍ਹਾ ਹੈ।

ਫਿਰ ਉਸ ਆਦਮੀ ਨੇ ਡਾਕਟਰ ਨੂੰ ਕਿਹਾ ਕਿ ਉਹ ਸਾਨੂੰ ਦਵਾਈ ਦੇਵੇ। ਅਸੀਂ ਮਾਜਿਦ ਅਲਹਰਬੀ ਦੇ ਬੰਦੇ ਹਾਂ। ਸਾਡੇ ਰਬਾਬ ਦਾ ਨਾਂ ਸੁਣਦਿਆਂ ਹੀ ਉਸ ਡਾਕਟਰ ਦਾ ਤੌਰ ਤਰੀਕਾ ਹੀ ਬਦਲ ਗਿਆ। ਉਸ ਨੇ ਬੜੀ ਆਜਜੀ ਨਾਲ ਸਾਨੂੰ ਅੰਦਰ ਔਣ ਲਈ ਕਿਹਾ। ਪਹਿਲਾਂ ਉਸ ਨੇ ਮੇਜਰ ਨੂੰ ਚੈੱਕ ਕਰਕੇ ਦਵਾਈ ਦਿੱਤੀ, ਤੇ ਬਾਅਦ ਵਿਚ ਮੈਨੂੰ ਗੋਲੀਆਂ ਬੰਨ ਦਿੱਤੀਆਂ। ਵਾਪਸੀ ਤੇ ਉਹ ਉਮਾਨੀ ਆਦਮੀ ਵੀ ਸਾਡੇ ਨਾਲ ਹੀ ਤੁਰ ਪਿਆ।

ਉਸ ਆਦਮੀ ਦਾ ਨਾਮ ਧੁੰਮਾ ਸੀ, ਉਸ ਦੱਸਿਆ ਸਾਡਾ ਰਬਾਬ 13-14 ਪਿੰਡਾਂ ਦਾ ਮਾਲਕ ਹੈ ਤੇ ਉਸ ਦਾ ਭਰਾ ਵਾਲੀ ਹੈ । ਵਾਲੀ ਜਾਣੀ ਐਸ.ਪੀ. ਧੁੰਮੇ ਨੇ ਇਹ ਵੀ ਦੱਸਿਆ ਕਿ ਸਾਡੀ ਪਿੰਡ ਵਾਲੇ ਬਹੁਤ ਇੱਜ਼ਤ ਕਰਦੇ ਹਨ, ਕਿਉਂਕਿ ਸਾਡੀਆਂ ਦਾਹੜੀਆਂ ਸਨ ਤੇ ਸਿਰ ਉਤੇ ਅਸੀਂ (ਮੁਸੱਗਾ) ਪੱਗ ਬੰਨਦੇ ਸਾਂ ਤੇ ਉਹ ਸਾਰੇ ਸਾਨੂੰ ਮੁਸਲਿਮ ਹੀ ਸਮਝਦੇ ਸਨ।

ਸਾਨੂੰ ਉਸ ਡਾਕਟਰ ਨੇ ਦੋ ਦਿਨ ਦੀ ਹੀ ਦਵਾਈ ਦਿੱਤੀ ਸੀ । ਉਸ ਦਵਾਈ ਨਾਲ ਸਾਨੂੰ ਆਰਾਮ ਤਾਂ ਆ ਗਿਆ ਸੀ, ਫਿਰ ਵੀ ਅਸੀਂ ਉਸ ਕੋਲ ਹੋਰ ਦਵਾਈ ਲੈਣ ਚਲੇ ਗਏ। ਦਵਾਈ ਫਰੀ ਮਿਲਦੀ ਸੀ। ਜਦੋਂ ਅਸੀਂ ਉਥੇ ਪਹੁੰਚੇ ਤਾਂ ਡਾਕਟਰ ਉਸੇ ਲਿਬਾਸ ਵਿਚ ਸੀ।

ਡਾਕਟਰ ਤੂੰ ਵੀ ਸਾਡੇ ਤਰ੍ਹਾਂ ਪਰਦੇਸੀ ਹੈਂ ਤੇਰੇ ਇਸ ਹੁਲੀਏ ਨੂੰ ਦੇਖ ਕੇ ਇਹ ਲੋਕ ਤੇਰੇ ਅਤੇ ਤੇਰੇ ਮੁਲਕ ਬਾਰੇ ਕੀ ਸੋਚਦੇ ਹੋਣਗੇ ਕਿ ਦੋਵੇਂ ਨੰਗ ਭੁੱਖ ਦੇ ਮਾਰੇ ਹੋਏ ਨੇ। ਫਿਰ ਤੁਸੀਂ ਡਾਕਟਰ ਹੋ, ਤੁਹਾਨੂੰ ਤਾਂ ਪੈਸੇ ਵੀ ਚੰਗੇ ਮਿਲਦੇ ਹੋਣਗੇ, ਜਰਾ ਡਾਕਟਰਾਂ ਵਾਲਾ ਸਟੈਂਡਰਡ ਤਾਂ ਬਣਾਓ।

ਓ ਸਰਦਾਰ ਜੀ ਇਥੇ ਸਟੈਂਡਰ ਕਿਸਨੂੰ ਦਖਾਉਣਾ, ਸਟੈਂਡਰ ਤਾਂ ਆਪਣੇ ਮੁਲਕ ਵਿਚ ਚਾਹੀਦਾ। ਫਿਰ ਉਸ ਨੇ ਦੱਸਿਆ ਕਿ ਉਸ ਨੂੰ ਉਮਾਨ ਵਿਚ ਆਇਆਂ 10-12 ਸਾਲ ਹੋ ਗਏ ਹਨ। ਸੁਲਤਾਨ ਕਬੂਸ ਦੇ ਬਾਪ ਦਾ ਰਾਜ ਸੀ ਉਦੋਂ, ਪਿੰਡਾਂ ਵਿਚ ਨਵੀਆਂ-ਨਵੀਆਂ ਡਿਸਪੈਂਸਰੀਆਂ ਖੁੱਲ ਗਈਆਂ ਸਨ। ਇਥੇ ਪਹਿਲਾਂ ਕੱਚਾ ਜਿਹਾ ਕੋਠਾ ਹੁੰਦਾ ਸੀ ਤੇ ਦੋ ਗਧੇ ਸਾਨੂੰ ਦਿੱਤੇ ਹੋਏ ਸਨ ਇਕ ਬੰਦੇ ਨੂੰ, ਅਸੀਂ ਦੋ ਮੁੰਡੇ ਸੀ ਨਵੇਂ ਨਵੇਂ ਪੜ੍ਹ ਕੇ ਆਏ ਸਾਂ, ਡਿਗਰੀ ਡੁਗਰੀ ਸਾਡੇ ਕੋਲ ਕੋਈ ਨਹੀਂ ਸੀ। ਉਥੇ ਬੰਗਾਲ 'ਚ ਕਿਸੇ ਡਾਕਟਰ ਕੋਲ ਕੰਮ ਕਰਦੇ ਸਾਂ।

ਜਦੋਂ ਵੀ ਦੁਆਈ ਲੈਣ ਜਾਂਦੇ ਸਟੋਰ ਵਿਚੋਂ ਇਕ ਗਧਾ ਦੁਆਈਆਂ ਦਾ ਲੱਦ ਕੇ ਸਾਨੂੰ ਤੋਰ ਦਿੰਦੇ। ਅਸੀਂ ਵੀਹਾਂ ਪੱਚੀਆਂ ਦਿਨਾਂ 'ਚ ਏਥੇ ਆ ਡੇਰਾ ਲਾਉਂਦੇ। ਇਥੋਂ ਦੇ ਲੋਕ ਬਹੁਤ ਬਖਸ਼ੀਸ਼ ਦੇ ਜਾਂਦੇ ਹਨ। ਰਿਐਲ ਵੀ ਤੇ ਖਾਣ ਨੂੰ ਵੀ। ਸਰਕਾਰ ਵਲੋਂ ਤਨਖਾਹ ਵੀ ਮਿਲਦੀ ਹੈ। ਅਸੀਂ ਸਿਰਫ਼ ਨਜਲਾ, ਜ਼ੁਕਾਮ, ਬੁਖਾਰ ਵਗੈਰਾ ਦੀਆਂ ਹੀ ਦਵਾਈਆਂ ਦੇ ਸਕਦੇ ਹਾਂ। ਜੇਮਰੀਜ਼ ਜ਼ਿਆਦਾ ਸੀਰੀਅਸ ਹੋਵੇ ਤਾਂ, ਪਹਿਲਾਂ ਤਾਂ ਮਸਕਟ ਭੇਜਣਾ ਪੈਂਦਾ ਸੀ। ਹੁਣ ਤਾਂ ਰਸਤੇ ਵਿਚ ਮੁਦੈਰਬ ਇਬਰੇ ਸਮਾਇਲ ਵੀ ਹਸਪਤਾਲ ਬਣ ਗਏ ਹਨ, ਮਰੀਜ਼ਾਂ ਨੂੰ ਉਥੇ ਭੇਜ ਦੇਈਦਾ ਹੈ। ਹੁਣ ਉਨੀ ਆਮਦਨ ਨਹੀਂ ਹੁੰਦੀ, ਪਹਿਲਾਂ ਤਾਂ ਖੱਚਰਾਂ ਭਰ ਜਾਂਦੀਆਂ ਸਨ। ਬਹੁਤ ਪੈਸਾ ਕਮਾਇਆ।

ਪਰ ਨੀਤ ਨਹੀਂ ਸੁਧਰੀ, ਮੈਂ ਉਸ ਦੀ ਹਾਲਤ ਦੇਖ ਕੇ ਸੋਚਿਆ। ਕੁਆਟਰ ਆਕੇ ਅਸੀਂ ਤਿੰਨਾਂ ਨੇ ਆਪਣਾ ਆਪਣਾ ਕੰਮ ਸਾਂਭਿਆ ਤੇ ਰੋਟੀ ਬਨਾਉਣ ਦੇ ਆਹਰ ਲਗ ਗਏ। ਤਿੰਨੇ ਚੁੱਪ ਸਾਂ ਆਪਣੇ ਆਪਣੇ ਘਰਾਂ ਦੀ ਯਾਦ 'ਚ ਗੁਆਚੇ ਹੋਏ। ਬਲਦੇਵ ਨੇ ਆਟਾ ਗੁੰਨ ਕੇ, ਸਟੋਬ ਬਾਲ ਕੇ ਤਵਾ ਗਰਮ ਹੋਣ ਲਈ ਉਪਰ ਰੱਖ ਦਿੱਤਾ। ਮੈਂ ਮੂੰਗੀ ਮਸਰਾਂ ਦੀ ਦਾਲ ਜੋ ਮੇਜਰ ਸਿੰਘ ਲੁਧਿਆਣੇ ਤੋਂ ਪੰਜ ਕਿਲੋ ਲੈ ਕੇ ਆਇਆ ਸੀ, ਅੱਧਾ ਕੁ ਗਲਾਸ, ਧੋ ਕੇ ਆਪਣੇ ਸਟੋਬ ਉਤੇ ਪਤੀਲੇ 'ਚ ਪਾ ਕੇ ਰੱਖ ਦਿੱਤੀ ਸੀ ਤੇ ਚਟਣੀ ਬਨਾਉਣ ਦਾ ਜੁਗਾੜ ਕਰ ਰਿਹਾ ਸਾਂ। ਮੁਸ਼ਕਲ ਇਹ ਸੀ ਕਿ ਸਾਡੇ ਕੋਲ ਕੂੰਡੀ ਸੋਟਾ ਨਹੀਂ ਸੀ। ਅਜੇ ਅਸੀਂ ਅਜਿਹਾ ਕੰਮ ਇਕ ਛੋਟੀ ਪਤੀਲੀ ਵਿਚ ਹਥੋੜੀ ਦੇ ਦਸਤੇ ਨਾਲ ਹੀ ਕਰ ਰਹੇ ਸਾਂ। ਜਦੋਂ ਤੱਕ ਦਾਲ ਰਿਝੀ ਮੈਂ ਚਟਨੀ ਵੀ ਤਿਆਰ ਕਰ ਲਈ ਤੇ ਮੇਜਰ ਹੁਰੀਂ ਵੀ ਰੋਟੀ ਪਕਾ ਕੇ ਵਿਹਲੇ ਹੋ ਚੁੱਕੇ ਸਨ। ਸਾਰੇ ਜਾਣੇ ਨਹਾਉਣ ਲਈ ਚੁਬੱਚੇ 'ਚ ਵੜ ਗਏ। ਰੋਟੀ ਖਾ ਕੇ ਭਾਂਡੇ ਸਾਂਭਦਿਆਂ ਸਾਨੂੰ ਦੱਸ ਵਜ ਗਏ।

ਸਾਨੂੰ ਅਜਕਲ ਸਭ ਤੋਂ ਵੱਡੀ ਮੁਸ਼ਕਲ ਸੱਪਾਂ ਤੇ ਬਿਛੂਆਂ ਦੀ ਸੀ। ਉਹ ਜ਼ਮੀਨ ਬੇ-ਆਬਾਦ ਅਤੇ ਬੰਜਰ ਸੀ, ਰੇਤਲੀ ਹੋਣ ਕਰਕੇ ਉਥੇ ਸੱਪ ਅਤੇ ਠੂਹੇਂ ਬਹੁਤ ਨਿਕਲਦੇ ਸਨ।

ਅਸੀਂ ਪਹਿਲੇ ਦਿਨ ਹੀ ਜਦੋਂ ਕੁਆਟਰ 'ਚ ਗਏ, ਸ਼ਾਮ ਨੂੰ ਕੰਮ ਵਾਲੇ ਕੱਪੜੇ ਲਾਹ ਕੇ ਕਿਲੀਆਂ ਨਾਲ ਟੰਗ ਦਿੱਤੇ। ਸਵੇਰੇ ਉਠ ਕੇ ਜਦੋਂ

ਕਮੀਜ ਪਾਉਣ ਲੱਗਾ ਤਾਂ ਬੜੀ ਭਾਰੀ ਭਾਰੀ ਲੱਗੀ। ਸੋਚਿਆ ਸ਼ਾਇਦ ਰੇਤਾ ਰੂਤਾ ਜੇਬਾਂ 'ਚ ਪੈ ਗਈ ਹੋਏਗੀ ਜਾਂ ਟੇਪ ਹੋਏਗਾ। ਪਰ ਜਦੋਂ ਉਪਰ ਚੱਕ ਕੇ ਬਾਂਹ ਪਾਉਣ ਲੱਗਾ ਤਾਂ ਇਕ ਦਮ ਤਿੰਨ ਚਾਰ ਠੂੰਹੇਂ ਜੇਬਾਂ ਵਿਚੋਂ ਨਿਕਲ ਕੇ ਕੁਝ ਹੇਠਾਂ ਡਿੱਗੇ ਤੇ ਕੁਝ ਬਨੈਣ ਤੇ ਰਹਿ ਗਏ, ਮੈ ਫਟਾ ਫਟ ਕਮੀਜ਼ ਬਾਹਰ ਸੁੱਟੀ ਤੇ ਧੌਣ ਵਲ ਨੂੰ ਆ ਰਹੇ ਇਕ ਠੂੰਹੇਂ ਨੂੰ ਹੱਥ ਮਾਰ ਕੇ ਲਾਹਿਆ। ਮੇਰੇ ਵੱਲ ਦੇਖ ਕੇ ਮੇਜਰ ਹੁਰਾਂ ਵੀ ਆਪਣੇ ਕਪੜੇ ਕਿੱਲੀਆਂ ਤੋਂ ਲਾਹ ਕੇ ਬਾਹਰ ਸੁੱਟ ਦਿੱਤੇ। ਕੱਪੜਿਆਂ ਵਿਚੋਂ ਕੋਈ 20-25 ਕਾਲੇ ਪੀਲੇ ਹਰੇ ਤੇ ਜਾਮਨੀ ਰੰਗ ਦੇ ਠੂੰਹੇ ਨਿਕਲਕੇ ਜਿਧਰ ਨੂੰ ਉਹ ਦੌੜ ਸਕੇ ਦੌੜ ਗਏ। ਇਹ ਸਿਲਸਿਲਾ 8-10 ਦਿਨਾਂ 'ਚ ਘਟਦਾ ਘਟਦਾ ਆਪੇ ਬੰਦ ਹੋ ਗਿਆ। ਐਨਾਂ ਹੋਇਆ ਕਿ ਸਾਨੂੰ ਕਦੇ ਨਾ ਠੂੰਹੇਂ ਨੇ ਕੱਟਿਆ ਤੇ ਨਾਂ ਹੀ ਸੱਪ ਨੇ। ਏਸੇ ਤਰ੍ਹਾਂ ਹਰ ਪਈ ਚੀਜ਼ ਦੇ ਉਹਲਿਓਂ ਸੱਪ ਨਿਕਲਦਾ ਸੀ, ਚਾਹੇ ਉਹ ਚੀਜ਼ ਦੋ ਚਾਰ ਘੰਟੇ ਪਹਿਲਾਂ ਹੀ ਕਿਉਂ ਨਾ ਰਖੀ ਗਈ ਹੋਵੇ। ਸਾਨੂੰ ਕਿਸੇ ਨੇ ਕਿਹਾ ਕਿ ਗੁੱਗਲ ਦੀ ਧੂਣੀ ਦਿਓ, ਅਸੀਂ ਕਈ ਦਿਨ ਸਵੇਰੇ ਸ਼ਾਮ ਗੁੱਗਲ ਦੀ ਧੂਣੀ ਦਿੰਦੇ ਰਹੇ।

ਘਰ ਵਾਲਿਆਂ ਦੀ ਯਾਦ ਬਹੁਤ ਤੜਪਾ ਰਹੀ ਸੀ, ਮੇਰੇ ਘਰ ਤਾਂ ਬੱਚੀਆਂ ਵੀ ਸਨ ਤੇ ਨਾਲ ਮਾਸੀ ਹੁਰੀ ਵੀ ਰਹਿੰਦੇ ਸਨ, ਇਸ ਕਰਕੇ ਕੋਈ ਜ਼ਿਆਦਾ ਫਿਕਰ ਵਾਲੀ ਗਲ ਨਹੀਂ ਸੀ, ਪਰ ਮੇਜਰ ਤੇ ਬਲਦੇਵ ਹੁਰਾਂ ਦੀਆਂ ਬੀਵੀਆਂ ਤਾਂ ਆਪਣੇ ਘਰਾਂ 'ਚ ਇਕੱਲੀਆਂ ਹੀ ਸਨ, ਕੁਝ ਲੋਕ ਤਾਂ ਗੱਲਾਂ ਨਾਲ ਹੀ ਵਿਨ ਦਿੰਦੇ ਹਨ। ਮੇਰੀ ਛੋਟੀ ਬੱਚੀ ਪੰਜ ਛੇ ਮਹੀਨੇ ਦੀਹੀ ਸੀ, ਮੈਨੂੰ ਉਸ ਦਾ ਬਹੁਤ ਖਿਆਲ ਆਉਂਦਾ ਸੀ। ਮੇਜਰ ਤੇ ਬਲਦੇਵ ਬੱਚਾ ਹੋਣ ਦੀ ਖਬਰ ਦਾ ਬੇਸਬਰੀ ਨਾਲ ਇੰਤਜਾਰ ਕਰ ਰਹੇ ਸਨ। ਕਈ ਅਜਿਹੀਆਂ ਸੋਚਾਂ ਸੋਚਦੇ ਅਸੀਂ ਦਿਨ ਕਟੀ ਜਾ ਰਹੇ ਸਾਂ।

ਬੁਖਾਰ ਤਾਂ ਮੇਜਰ ਦਾ ਠੀਕ ਹੋ ਗਿਆ ਸੀ, ਪਰ ਇਕ ਦਿਨ ਕੰਮ ਕਰਦਿਆਂ, ਪਤਾ ਨਹੀਂ ਉਸ ਦੇ ਪੈਰ ਵਿਚ ਕੱਚ ਕਿਵੇਂ ਲਗ ਗਿਆ, ਜਖਮ ਕਾਫੀ ਹੋ ਗਿਆ ਸੀ। ਰਬਾਬ ਨੂੰ ਦਸ ਕੇ ਉਹ ਦਰੀਜ ਉਸੇ ਬੰਗਾਲੀ ਡਾਕਟਰ ਕੋਲ ਚਲੇ ਗਿਆ, ਜਿਸ ਕੋਲੋਂ ਹਫਤਾ ਪਹਿਲਾਂ ਬੁਖਾਰ ਦੀ ਦੁਆਈ ਲਿਆਂਦੀ ਸੀ।

ਮੇਜਰ ਨੇ ਆ ਕੇ ਦਸਿਆ ਕਿ ਜਾਂਦੇ ਨੂੰ ਡਿਸਪੈਂਸਰੀ ਬੰਦ ਸੀ 'ਮੈਂ ਮਯੂਸ ਜਿਹਾ ਬਾਹਰ ਖੜਾ ਕੁਝ ਸੋਚ ਰਿਹਾ ਸੀ ਕਿ ਇਕ ਉਸ ਪਿੰਡ ਦਾ ਪੰਜਾਬੀ ਬੰਦਾ ਆਇਆ, ਪਤਾ ਨਹੀਂ ਉਹ ਭਾਰਤੀ ਸੀ ਜਾਂ ਪਾਕਿਸਤਾਨੀ। ਉਸਨੇ ਮੇਰੇ ਪੈਰ ਉਤੇ ਪੱਟੀ ਬੰਨੀ ਦੇਖ ਕੇ ਪੁਛਿਆ

'ਕੀ ਗੱਲ ਹੋਈ ਭਾਜੀ ? ਬੜੇ ਉਦਰੇ ਜਿਹੇ ਖੜ੍ਹੇ ਹੋ।'

'ਭਾਈ ਕੱਚ ਲਗ ਗਿਆ ਪੈਰ 'ਚ, ਪੱਟੀ ਕਰਾਉਣ ਆਇਆ ਸੀ, ਪਰ ਡਾਕਟਰ ਹੈ ਨਹੀਂ, ਸੋਚ ਰਿਹਾ ਕੀ ਕਰਾਂ ?'

'ਐਦਾਂ ਕਰੋ ਅੱਗੇ ਨਾਲਦੇ ਪਿੰਡ ਮੁਦੈਰਬ ਵਿਚ ਹਸਪਤਾਲ ਹੈ, ਉਥੇ ਚਲੇ ਜਾਉ, ਉਥੇ ਡਾਕਟਰ ਵੀ ਪਾਕਿਸਤਾਨੀ ਪੰਜਾਬੀ ਹੈ। ਇਥੋਂ 100 ਬੈਜਾ ਲਏਗਾ ਟੈਕਸੀ ਵਾਲਾ, ਤੁਹਾਨੂੰ ਪਿੰਡ ਦੇ ਮੋੜ ਤੇ ਲਾਹ ਦੇਵੇਗਾ, ਸ਼ਾਇਦ ਕੋਈ ਹਸਪਤਾਲ ਜਾਣ ਵਾਲਾ ਵੀ ਮਿਲ ਜਾਏ। ਮੇਜਰ ਨੇ ਦੱਸਿਆ ਕਿ ਜਦੋਂ ਉਸਨੇ ਜੇਬ 'ਚ ਹੱਥ ਮਾਰਿਆ ਤਾਂ ਜੇਬ ਖਾਲੀ ਸੀ। ਉਹ ਪੈਦਲ ਹੀ ਮੁਦੈਰਬ ਵਲ ਤੁਰ ਪਿਆ। ਉਥੋਂ ਕੋਈ ਦੋ ਮੀਲ ਸੀ ਹਸਪਤਾਲ, ਪੈਰ ਜਖ਼ਮੀ ਸੀ, ਇਕ ਵਜ ਗਿਆ ਸੀ ਉਸਨੂੰ ਹਸਪਤਾਲ ਪਹੁੰਚਦਿਆਂ। ਹਸਪਤਾਲ ਵੈਸੇ ਤਾਂ ਬੰਦ ਹੋ ਚੁੱਕਾ ਸੀ, ਪਿੰਡ ਦੇ ਜੋ ਦੋ ਡਾਕਟਰ ਤੇ ਨਰਸਾਂ ਕੰਮ ਕਰਦੀਆਂ ਸਨ ਉਹ ਰੋਟੀ ਖਾਣ ਘਰੀਂ ਜਾ ਚੁੱਕੇ ਸਨ। ਉਮਾਨ ਵਿਚ ਸਰਕਾਰੀ ਅਦਾਰਿਆਂ ਦਾ ਸਮਾਂ ਸਵੇਰੇ 7 ਵਜੇ ਤੋਂ ਇਕ ਵਜੇ ਤੱਕ ਤੇ ਸ਼ਾਮੀ ਚਾਰ ਤੋਂ ਸੱਤ ਵਜੇ ਤੱਕ ਹੈ ਆਮ ਦੁਕਾਨਾਂ ਵਾਲੇ ਵੀ ਤਕਰੀਬਨ ਦੁਕਾਨਾਂ ਬੰਦ ਕਰਕੇ ਚਲੇ ਜਾਂਦੇ ਹਨ ਘਰਾਂ ਨੂੰ ਦੁਪਹਿਰ ਵੇਲੇ।

ਮੇਜਰ ਨੂੰ ਹਸਪਤਾਲ 'ਚ ਘੁੰਮਦਿਆਂ ਦੇਖ ਕੇ ਕਿਸੇ ਨੇ ਉਸ ਨੂੰ ਪੁਛਿਆ।

ਕੀ ਗਲ ਐ ਸਰਦਾਰਾ ਕਿਵੇਂ ਫਿਰਦਾਂ ?

ਉਸਦੇ ਮੂੰਹੋਂ ਪੰਜਾਬੀ ਸੁਣ ਕੇ ਮੇਜਰ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਜੀ ਮੈਂ ਡਾਕਟਰ ਸਾਬ੍ਹ ਨੂੰ ਮਿਲਣਾ।

ਹਾਂ ਦੱਸੋ, ਮੈਂ ਹੀ ਇਥੇ ਦਾ ਡਾਕਟਰ ਹਾਂ, ਕਹਿੰਦਿਆਂ ਡਾਕਟਰ ਨੇ ਮੇਜਰ ਦਾ ਹੱਥ ਫੜਿਆ ਤੇ ਉਸ ਨੂੰ ਅੰਦਰ ਲੈ ਗਿਆ । ਉਸ ਨੇ ਮੇਜਰ ਨੂੰ ਕੁਰਸੀ ਤੇ ਬਿਠਾਇਆ ਤੇ ਪਾਣੀ ਦਾ ਗਿਲਾਸ ਲਿਆ ਕੇ ਪੀਣ ਲਈ ਦਿੱਤਾ। ਮੇਜਰ ਦੋ ਮੀਲ ਧੁੱਪ ਵਿਚ ਤੁਰ ਕੇ ਗਿਆ ਬੌਂਦਲਿਆ ਹੋਇਆ ਸੀ। ਉਸ ਨੇ ਸਹਿਜ ਹੋ ਕੇ ਦੱਸਿਆ ਕਿ ਉਸ ਦੇ ਪੈਰ 'ਚ ਕੱਚ ਲੱਗ ਗਿਆ ਹੈ। ਡਾਕਟਰ ਨੇ ਬੰਨੇ ਹੋਏ ਪੈਰ ਨੂੰ ਖੋਲ੍ਹਿਆ, ਜ਼ਖ਼ਮ ਕਾਫੀ ਸੀ। ਉਸ ਨੂੰ ਸਾਫ ਕੀਤਾ, ਮੇਜਰ ਨੂੰ ਥੋੜ੍ਹੀ ਤਕਲੀਫ ਹੋਈ।

ਕੀ ਗੱਲ ਮੈਂ ਸਰਦਾਰਾ ਇੰਜ ਕਿਉਂ ਕਰਦਾਂ ? ਸਰਦਾਰ ਤਾਂ ਅੱਧੇ ਵੱਢੇ ਜਾਣ ਤਾਂ ਵੀ ਸੀਬਰ ਹੈ

ਨਹੀਂ ਕਰਦੇ, ਫਿਕਰ ਨਾ ਕਰ, ਸਮਝ ਹੁਣ ਤੂੰ ਠੀਕ ਹੋ ਗਿਆ।' ਡਾਕਟਰ ਦੀਆਂ ਗੱਲਾਂ ਨਾਲ ਮੇਜਰ ਨੂੰ ਕੁਝ ਹੌਂਸਲਾ ਜਿਹਾ ਹੋਇਆ।

'ਮੇਜਰ ਨੇ ਡਾਕਟਰ ਨੂੰ ਦੱਸਿਆ' ਕਿ 'ਸਾਨੂੰ ਆਇਆਂ ਨੂੰ ਅਜੇ ਥੋਹੜਾ ਚਿਰ ਹੀ ਹੋਇਆ ਹੈ, ਘਰਾਂ ਦੀ ਬਹੁਤ ਯਾਦ ਆਉਂਦੀ ਹੈ ਤੇ ਮਨ ਨਿਰਾਸ਼ਾ 'ਚ ਘਿਰਿਆ ਰਹਿੰਦਾ ਹੈ।'

'ਹੋਰ ਕੌਣ ਕੌਣ ਹੈ ਤੇਰੇ ਨਾਲ ?" ਡਾਕਟਰ ਮਿਤਰ ਬਣਦਾ ਜਾ ਰਿਹਾ ਸੀ। ਮੇਜਰ ਨੇ ਦੱਸਿਆ ਕਿ 'ਅਸੀਂ ਤਿੰਨ ਜਾਣੇ ਹਾਂ, ਤੇ ਤਿੰਨੋ ਪਹਿਲੀ ਵਾਰ ਹੀ ਇਥੇ ਆਏ ਹਾਂ।'

'ਉਨ੍ਹਾਂ ਨੂੰ ਵੀ ਲੈ ਕੇ ਆਵੀਂ ਜੁੰਮੇ ਨੂੰ।' ਡਾਕਟਰ ਨੇ ਮਿਲਣ ਦੀ ਗਲ ਕੀਤੀ।

'ਠੀਕ ਐ ਮੈਂ ਤੁਹਾਡਾ ਸੁਨੇਹਾ ਦੇ ਦਿਆਂਗਾ ਉਨ੍ਹਾਂ ਨੂੰ।' ਮੇਜਰ ਨੇ

ਆਪਣੇ ਵਲੋਂ ਕਿਹਾ।

'ਗੱਲਾਂ ਕਰਦਿਆਂ ਕਰਦਿਆਂ ਡਾਕਟਰ ਨੇ ਪੱਟੀ ਕਰ ਦਿੱਤੀ ਤੇ ਟੀਕਾ ਵੀ ਲਾ ਦਿੱਤਾ।'

ਫਿਰ ਉਹ ਮੇਜਰ ਨੂੰ ਆਪਣੇ ਰੂਮ ਵਿਚ ਲੈ ਗਿਆ। ਡਾਕਟਰ ਨੇ ਅਜੇ ਰੋਟੀ ਖਾਣੀ ਸੀ। ਉਹ ਰੋਟੀ ਦੇ ਆਹਰ 'ਚ ਲਗ ਗਿਆ। ਉਸ ਨੇ ਮੇਜਰ ਨੂੰ ਵੀ ਰੋਟੀ ਲਈ ਪੁੱਛਿਆ, ਪਰ ਮੇਜਰ ਰੋਟੀ ਖਾਣ ਲਈ ਨਹੀਂ ਮੰਨਿਆ। ਕਿਉਂਕਿ ਉਸ ਦੇ ਦਿਲ ਵਿਚ ਸ਼ੰਕਾ ਸੀ ਕਿ ਡਾਕਟਰ ਮੁਸਲਮਾਨ ਹੈ ਤੇ ਪਤਾ ਨਹੀਂ ਕਿਤੇ ਇਸ ਦੀ ਰੋਟੀ ਮੈਨੂੰ ਭਿਟ ਹੀ ਨਾ ਦੇਵੇ।

ਚਲ ਠੀਕ ਐ ਤੂੰ ਅਰਾਮ ਕਰ ਲੈਂ, ਐਸ ਵੇਲੇ ਬਾਹਰ ਧੁੱਪ ਬਹੁਤ ਹੈ। ਇਥੇ ਧੁੱਪ ਤੋਂ ਜਿੰਨਾ ਬਚੋਗੇ, ਉਨਾਂ ਹੀ ਠੀਕ ਰਹੋਗੇ। ਡਾਕਟਰ ਨੇ ਅਜਿਹੀਆਂ ਗੱਲਾਂ ਦੀ ਲੜੀ ਛੇੜੀ ਕਿ ਮੇਜਰ ਨੂੰ ਪਤਾ ਹੀ ਨਾਂ ਲੱਗਾ ਕਦੋਂ ਚਾਰ ਵੱਜ ਗਏ। ਬਾਹਰ ਧੁੱਪ ਤਾਂ ਅਜੇ ਵੀ ਬਹੁਤ ਸੀ, ਏਨੇ ਨੂੰ ਸਾਡੇ ਪਿੰਡੋਂ ਹੀ ਕੋਈ ਸੱਜਣ ਦਵਾਈ ਲੈਣ ਗਿਆ ਤਾਂ ਡਾਕਟਰ ਨੇ ਮੇਜਰ ਨੂੰ ਉਸ ਨਾਲ ਹੀ ਗੱਡੀ ਵਿਚ ਇਹ ਵਾਅਦਾ ਕਰਕੇ ਭੇਜਿਆ ਕਿ ਜੁੰਮੇ ਨੂੰ ਮੇਜਰ ਸਾਨੂੰ ਦੋਹਾਂ ਨੂੰ ਨਾਲ ਲੈ ਕੇ ਡਾਕਟਰ ਕੋਲ ਆਏਗਾ।

ਜਦੋਂ ਮੇਜਰ ਨੇ ਸਾਰੀ ਗਲ ਆ ਕੇ ਦੱਸੀ ਤਾਂ ਸਾਨੂੰ ਬੜੀ ਖੁਸ਼ੀ ਹੋਈ ਕਿ ਆਪਣੀ ਬੋਲੀ, ਬੋਲਣ ਵਾਲਾ ਕੋਈ ਤਾਂ ਨੇੜੇ ਮਿਲ ਗਿਆ। ਉਸ ਦਿਨ ਬੁਧਵਾਰ ਸੀ, ਸਾਨੂੰ ਵੀਰਵਾਰ ਬੜੀ ਮੁਸ਼ਕਲ ਨਾਲ ਹੀ ਨਿਕਲਿਆ। ਸ਼ੁਕਰਵਾਰ ਨੂੰ ਅੱਧੀ ਦਿਹਾੜੀ ਲਾ ਕੇ ਨਹਾ ਧੋ ਕੇ, ਰੋਟੀ ਖਾਧੀ ਤੇ ਤਿਆਰ ਹੋ ਕੇ ਅਸੀਂ ਮਦੈਹਰਬ ਵਲ ਨੂੰ ਚਾਲੇ ਪਾ ਦਿੱਤੇ। ਇਕ ਪੰਜਾਬੀ ਨੂੰ ਮਿਲਣ ਦੀ ਐਨੀ ਖੁਸ਼ੀ ਸੀ ਕਿ ਸਾਨੂੰ ਦੁਪਹਿਰ ਦੀ ਧੁੱਪ ਦਾ ਵੀ ਖਿਆਲ ਨਾ ਰਿਹਾ। ਜਦੋਂ ਅਸੀਂ ਡਾਕਟਰ ਦੇ ਰੂਮ ਤੱਕ ਪਹੁੰਚੇ ਤਾਂ ਚਾਰ ਵੱਜਣ ਵਾਲੇ ਸਨ। ਡਾਕਟਰ ਹੁਰੀ ਆਰਾਮ ਕਰ ਰਹੇ ਸਨ ਜਦੋਂ ਅਸੀਂ ਜਾ ਦਰਵਾਜਾ ਖੜਕਾਇਆ।

ਡਾਕਟਰ ਨੇ ਉੱਠ ਕੇ ਦਰਵਾਜਾ ਖੋਲਿਆ।

ਕੀ ਗਲ ਡਾਕਟਰ ਸਾਬ੍ਹ, ਸਰਦਾਰਾਂ ਨੂੰ ਘਰ ਔਣ ਦਾ ਸੱਦਾ ਦੇ ਕੇ ਆਪ ਲੰਬੀਆਂ ਤਾਣ ਸੁੱਤੇ ਪਏ ਹੋ ? ਮੈਂ ਅੰਦਰ ਵੜਦਿਆਂ ਕਿਹਾ, ਤੇ ਸਲਾਮਾ ਲੇਕਮ ਕੀਤੀ। ਅੱਗੋਂ ਡਾਕਟਰ ਨੇ ਬੜੇ ਤਪਾਕ ਨਾਲ ਮੈਨੂੰ ਆਪਣੀਆਂ ਬਾਹਾਂ 'ਚ ਲੈਂਦਿਆਂ ਸਤਿ ਸ੍ਰੀ ਅਕਾਲ ਬੁਲਾਈ।

ਯਾਰੋ ਬੜਾ ਚੰਗਾ ਹੋਇਆ ਤੁਸੀਂ ਆਏ, ਇਕ ਮੁੱਦਤ ਤੋਂ ਬਾਅਦ ਨੇੜੇ ਹੀ ਪੰਜਾਬੀ ਮਿੱਤਰ ਮਿਲੇ ਹੋ। ਆਪਣੀ ਜ਼ੁਬਾਨ, ਆਪਣੀ ਹੀ ਹੈ। ਕਿਤੇ ਮਹੀਨੇ ਦੋ ਮਹੀਨੇ ਬਾਅਦ ਹੀ ਆਪਣੇ ਸੱਜਣਾ ਨੂੰ ਮਿਲ ਸਕੀਦਾ, ਤੁਸੀਂ ਆ ਗਏ ਹੋ, ਦੂਏ ਚੋਥੇ ਦਿਨ ਮੁਲਾਕਾਤ ਹੁੰਦੀ ਰਿਹਾ ਕਰੇਗੀ। ਡਾਕਟਰ ਦੇ ਪੈਰ ਭੁੰਜੇ ਨਹੀਂ ਸਨ ਲਗ ਰਹੇ। ਉਸਨੇ ਝੱਟ ਦੇਣੀ ਕੋਲਡ ਡਰਿੰਕਦੀ ਬੋਤਲ ਫਰਿਜ਼ ਵਿਚੋਂ ਕੱਢ ਕੇ ਸਾਡੇ ਸਾਹਮਣੇ ਮੇਜ ਉਤੇ ਰੱਖ ਦਿਤੀ। ਕਿਦਾਂ ਇਨੂੰ ਹੀ ਚੱਕ ਦਿਉਗੇ ਜਾਂ ਲਿਆਵਾਂ ਗਲਾਸ ਗਲੂਸ। ਡਾਕਟਰ ਸਾਬ?ਹ ਗਲਾਸ ਹੀ ਲੈ ਆਉ ਤਾਂ ਚੰਗਾ। ਮੇਜਰ ਨੇ ਗਲ ਸਾਫ ਕੀਤੀ। ਡਾਕਟਰ ਹੁਰਾਂ ਨੇ ਚਾਰ ਗਲਾਸ ਲਿਆ ਕੇ ਮੇਜ ਉਤੇ ਰੱਖ ਦਿੱਤੇ ਤੇ ਚੋਹਾਂ ਗਲਾਸਾਂ ਵਿਚ ਕੋਲਡ ਡਰਿੰਕ ਪਾ ਦਿੱਤੀ। ਅਸੀਂ ਹੌਲੀ ਹੌਲੀ ਉਹ ਪੀ ਗਏ। ਡਾਕਟਰ ਨੇ ਗਲਾਸ ਫਿਰ ਭਰ ਦਿੱਤੇ। ਡਾਕਟਰ ਸਾਬ੍ਹ ਬੱਸ ਕਰੋ। ਮੈਂ ਡਾਕਟਰ ਨੂੰ ਕਿਹਾ।

ਸਰਦਾਰੋ ਮੈਨੂੰ ਪਤਾ ਜੇ ਇਹ ਵਿਸਕੀ ਹੁੰਦੀ ਤਾਂ ਤੁਸੀਂ ਹੁਣ ਨੂੰ ਇਸ ਦੀ ਹਵਾ ਵੀ ਕੱਢ ਦੇਣੀ ਸੀ। ਇਹ ਚੜ੍ਹਦੀ ਨਹੀਂ, ਚੱਕ ਦਿਉ, ਡਾਕਟਰ ਨੇ ਹੱਸਦਿਆਂ ਕਿਹਾ।

ਨਹੀਂ, ਡਾਕਟਰ ਜੀ, ਤੁਹਾਨੂੰ ਕੁਝ ਗਲਤਫਹਿਮੀ ਹੈ, ਅਸੀਂ ਤਾਂ ਇਥੇ ਕਮਾਈ ਕਰਨ ਆਏ ਹਾਂ, ਸ਼ਰਾਬ ਪੀਣ ਨਹੀਂ, ਵੈਸੇ ਵੀ ਅਸੀਂ ਸ਼ਰਾਬ ਪੀਂਦੇ ਨਹੀਂ। ਅਸੀਂ ਤਾਂ ਸੁਣਿਆ ਹੈ ਇਥੇ ਤਾਂ ਸ਼ਰਾਬ ਪੀਣੀ ਉਂਞ ਹੀ ਗੁਨਾਹ ਹੈ। ਮੈਂ ਜਾਨਣਾ ਚਾਹਿਆ।

ਸਰਦਾਰਾ ਕੀ ਗਲ ਕੀਤੀ ਐ, ਏਥੇ ਵਰਗੀ ਤਾਂ ਸ਼ਰਾਬ ਹੀ ਕਿਤੇ ਨਹੀਂ ਮਿਲਦੀ। ਏਥੇ ਆ ਕੇ ਤਾਂ ਪਾਕਿਸਤਾਨੀ ਵੀ ਕਹਿਣ ਲੱਗ ਪਏ ਹਨ ਕਿ ਪਾਕਿ ਸਰਕਾਰ ਨੇ ਇਕ ਹੂਰ ਤੋਂ ਵਾਂਝਿਆਂ ਰੱਖਿਆ, ਏਦਾਂ ਤਾਂ ਨਜ਼ਾਰਾ ਹੀ ਕੁਝ ਹੋਰ ਹੈ। ਤੁਹਾਡੇ ਤਾਂ ਪਰਮਿੰਟ ਵੀ ਬਨਣ ਲਗਿਆਂ ਦੇਰ ਨਹੀਂ ਲਗਣੀ, ਫਿਰ ਜਿੰਨੀ ਮਰਜੀ ਲੈ ਲਉ।

ਚਲੋ ਛੱਡੋ ਇਸ ਗੱਲ ਨੂੰ, ਜਿਸ ਪਿੰਡ ਨਹੀਂ ਜਾਣਾ, ਉਸ ਦਾ ਰਾਹ ਕੀ ਪੁੱਛਣਾ। ਮੈਂ ਉਸ ਗੱਲ ਨੂੰ ਖਤਮ ਕਰਨਾ ਚਾਹਿਆ। ਅੱਛਾ ਹੁਣ ਦੱਸੋ ਰੋਟੀ ਖਾਉਂਗੇ ਕਿ ਚਾਹ ਪੀਉਗੇ? ਡਾਕਟਰ ਨੇ ਸਾਨੂੰ ਪੁੱਛਿਆ।

ਡਾਕਟਰ ਸਾਬ੍ਹ ਰੋਟੀ ਤਾਂ ਅਸੀਂ ਖਾ ਕੇ ਆਏ ਹਾਂ। ਸਵੇਰੇ ਅੱਧੀ ਦਿਹਾੜੀ ਕੰਮ ਕੀਤਾ ਫਿਰ ਨਹਾ ਧੋ ਕੇ ਰੋਟੀ ਖਾਧੀ, ਤਿਆਰ ਹੋ ਕੇ ਏਧਰ ਨੂੰ ਤੁਰ ਪਏ। ਹੁਣ ਠੰਡਾ ਪੀ ਲਿਆ। ਮੇਰਾ ਖਿਆਲ ਹੈ ਕਿ ਹੁਣ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਮੈਂ ਸਾਰੀ ਗਲ ਦੱਸੀ।

ਚਲੋ ਠੀਕ ਐ, ਹੋਰ ਘੜੀ ਠਹਿਰ ਜਾਂਦੇ ਹਾਂ, ਫਿਰ ਚਾਹ ਪੀਆਂਗੇ, ਜਦ ਤੱਕ ਧੁੱਪ ਨਵੀਂ ਪੈ ਜਾਏਗੀ, ਫਿਰ ਤੁਹਾਨੂੰ ਪਿੰਡ ਦੀ ਸੈਰ ਕਰਵਾ ਕੇ ਲਿਆਵਾਂਗਾ। ਡਾਕਟਰ ਨੇ ਤਜਵੀਜ ਰੱਖੀ।

ਹੁਣ ਤੱਕ ਗੱਲਾਂ ਹੋਈ ਜਾ ਰਹੀਆਂ ਸਨ, ਆਪਸ ਵਿਚ ਇਕ ਦੂਜੇ ਬਾਰੇ ਜਾਣਕਾਰੀ

ਨਹੀਂ ਸੀ ਹੋਈ। ਮੈਂ ਡਾਕਟਰ ਸਾਹਬ ਨੂੰ ਮੁਖਾਤਬ ਹੋਇਆ। ਡਾਕਟਰ ਸਾਬ?ਹ ਤੁਹਾਨੂੰ ਕਿੰਨਾਂ ਚਿਰ ਹੋ ਗਿਆ ਆਇਆਂ ਤੇ ਤੁਹਾਡਾ ਨਾਮ ?

ਮੇਰਾ ਨਾਮ ਮੁਨੀਰ ਮੁਹੰਮਦ ਚੌਧਰੀ ਹੈ। ਮੈਂ ਪਾਕਿਸਤਾਨ ਵਿਚ ਤਲਵੰਡੀ ਦਾ ਰਹਿਣ ਵਾਲਾ ਹਾਂ।

ਉਹ ਬਾਬੇ ਨਾਨਕ ਦੀ ਤਲਵੰਡੀ ? ਮੈਂ ਡਾਕਟਰ ਦੀ ਗਲ

ਕੱਟਦਿਆਂ ਪੁੱਛਿਆ।

ਹਾਂ ਹਾਂ ਉਹ ਬਾਬੇ ਨਾਨਕ ਦੀ ਤਲਵੰਡੀ। ਡਾਕਟਰ ਨੇ ਦੱਸਿਆ ਤਾਂ ਮੈਂ ਅੱਗੇ ਵਧ ਕੇ ਉਸ ਨੂੰ ਆਪਣੇ ਕਲਾਵੇ 'ਚ ਲੈ ਲਿਆ। ਅਸੀਂ ਤਲਵੰਡੀ ਜਾ ਨਹੀਂ ਸਕੇ। ਤੁਹਾਨੂੰ ਆਪਣੇ ਨਾਲ ਘੁੱਟ ਕੇ ਇਕ ਸਕੂਨ ਜਿਹਾ ਮਿਲਿਆ। ਮੇਰੇ ਮੂੰਹੋਂ ਆਪ ਹੀ ਨਿਕਲ ਗਿਆ।

'ਮੈਨੂੰ ਚਾਰ ਕੁ ਸਾਲ ਹੋ ਗਏ ਹਨ ਇਥੇ ਆਇਆਂ। ਮੇਰੀ ਇਕ ਬੇਗਮ ਹੈ, ਦੋ ਲੜਕੇ ਤੇਇਕ ਲੜਕੀ। ਵੱਡਾ ਲੜਕਾ ਹੁਣੇ ਹੁਣੇ ਡਾਕਟਰੀ ਪੂਰੀ ਕਰਕੇ ਹਟਿਆ, ਛੋਟਾ ਇਨਜੀਨੀਅਰ ਬਣ ਰਿਹਾ, ਲੜਕੀ ਦੀ ਪਿਛਲੇ ਸਾਲ ਛੁੱਟੀ ਗਿਆ ਮੈਂ ਸ਼ਾਦੀ ਕਰਕੇ ਆਇਆ ਹਾਂ। ਸਾਰਾ ਪਰਿਵਾਰ ਮੇਰੇ ਮਾਂ-ਬਾਪ ਨਾਲ ਰਹਿ ਰਿਹਾ ਹੈ। ਅੱਲਾ ਦੀ ਮਿਹਰ ਹੈ।

ਇਥੇ ਜ਼ਿਆਦਾ ਕਰਕੇ ਮੈਂ ਪਿੰਡਾਂ ਵਿਚ ਹੀ ਰਿਹਾ ਹਾਂ, ਜਿਥੇ ਜ਼ਿਆਦਾ ਕਰਕੇ ਬਦੂਆਂ ਨਾਲ (ਪੇਂਡੂ ਵਸੋਂ) ਵਾਹ ਪਿਆ ਹੈ। ਕਿਤੇ ਕਿਤੇ ਕੋਈ ਪੰਜਾਬੀ ਮਿਲਿਆ ਵੀ ਪਰ ਮਜਾ ਨਹੀਂ ਆਇਆ, ਤੁਹਾਡੇ ਨਾਲ ਮਿਲ ਕੇ ਸਕੂਨ ਜਿਹਾ ਮਿਲਿਆ ਹੈ, ਅੱਲ੍ਹਾ ਕਰੇ ਤੁਹਾਡੇ ਨਾਲ ਮੇਲ ਮੁਲਾਕਾਤ ਹੁੰਦੀ ਰਹੇ ਤੇ ਇਹ ਸਕੂਨ ਤੇ ਖੁਸ਼ੀ ਹੋਰ ਵਡੇਰੀ ਹੁੰਦੀ ਜਾਏ।

ਜ਼ਰੂਰ ਜ਼ਰੂਰ ਡਾਕਟਰ ਸਾਬ੍ਹ, ਰੱਬ ਚਾਹਿਆ ਤਾਂ ਸਕੂਨ ਤੇ ਖੁਸ਼ੀ ਆਪਣੇ ਪੈਰ ਪਸਾਰੇਗੀ।

ਇਹ ਮੇਜਰ ਸਿੰਘ ਹੈ ਲੁਧਿਆਣੇ ਤੋਂ, ਇਹ ਮਸ਼ੀਨਿਸ਼ਟ ਹੈ। ਮੇਜਰ ਸਿੰਘ ਇਸ ਬਲਦੇਵ ਸਿੰਘ ਦੇ ਸਾਂਢੂ ਦਾ ਲੰਗੋਟੀਆ ਯਾਰ ਹੈ। ਅਸੀਂ ਪਹਿਲੀ ਵਾਰ ਇਥੇ ਹੀ ਮਿਲੇ ਹਾਂ।

ਇਹ ਬਲਦੇਵ ਸਿੰਘ, ਮੇਰਾ ਮੁਹੱਲੇਦਾਰ, ਮੇਰੇ ਲੰਗੋਟੀਏ ਯਾਰ ਮਲਕੀਤ ਸਿੰਘ ਦਾ ਸਾਂਢੂ ਹੈ, ਇਹ ਮਕੈਨਿਕ ਹੈ।

ਮੈਨੂੰ ਗਰੀਬ ਨੂੰ ਭੁਪਿੰਦਰ ਸਿੰਘ ਕਹਿੰਦੇ ਹਨ, ਮੈਂ ਕਾਰਪੈਂਟਰ ਦਾ ਕੰਮ ਕਰਦਾ ਹਾਂ।

ਇਹ ਦੋਵੇਂ ਤਕਰੀਬਨ ਤਾਜੇ ਤਾਜੇ, ਨਹੀਂ ਦੋ ਕੁ ਸਾਲ ਤਾਜੇ ਵਿਆਹੇ ਹਨ। ਮੈਨੂੰ ਡੂੜ ਕੁ ਦੁਹਾਰਾ ਹੋ ਗਿਆ ਇਸ ਜੰਜਾਲ 'ਚ ਫਸਿਆਂ, ਮੇਰੀਆਂ ਚਾਰ ਬੱਚੀਆਂ ਹਨ ਜੋ ਪੜ੍ਹ ਰਹੀਆਂ ਹਨ। ਸਾਡੇ ਧਰਮ 'ਚ ਤਾਂ ਇਕੋ ਇਕ ਬੇਗਮ ਰੱਖਣ ਦੀ ਇਜ਼ਾਜਤ ਹੈ। ਤੁਹਾਡੇ ਧਰਮ ਵਿਚ ਤਾਂ ਚਾਰ ਬੇਗਮਾਂ ਤੱਕ ਰੱਖ ਸਕਦੇ ਹੋ। ਫਿਰ ਵੀ ਤੁਸੀਂ ਇਕ ਨਾਲ ਸਬਰ ਕਰ ਲਿਆ। ਮੈਂ ਡਾਕਟਰ ਤੋਂ ਜਾਨਣਾ ਚਾਹਿਆ।

ਸਰਦਾਰਾ ਤੂੰ ਇਕ ਰੱਖ ਕੇ ਜੰਜਾਲ ਕਹਿ ਰਿਹਾ, ਫਿਰ ਚਾਰ ਰੱਖ ਕੇ ਤਾਂ ਮਹਾਂ ਜੰਜਾਲ ਬਣ ਜਾਏਗਾ। ਸਹੀ ਜੀਵਨ ਤਾਂ ਇਕੋ ਨਾਲ ਹੀ ਗੁਜਰ ਸਕਦਾ।

ਜਦੋਂ ਮੈਂ ਦੱਸਿਆ ਕਿ ਅਸੀਂ ਜਲੰਧਰ ਤੋਂ ਹਾਂ।

ਤੁਸੀਂ ਜਲੰਧਰ ਤੋਂ ਹੋ ? ਡਾਕਟਰ ਨੇ ਬੜੀ ਖੁਸ਼ੀ ਭਰੀ ਤੋਂ 'ਚ ਸਾਡੇ ਵੱਲ ਦੇਖਿਆ।

ਹਾਂ ਹਾਂ ਅਸੀਂ ਬਿਲਕੁਲ ਜਲੰਧਰ ਦੇ ਹੀ ਹਾਂ। ਸਾਡੇ ਦੋਹਾਂ ਦੇ ਘਰ ਸਟੇਸ਼ਨ ਦੇ ਨੇੜੇ ਹੀ ਹਨ, ਮੁਹੱਲਾ ਗੋਬਿੰਦਗੜ੍ਹ ਵਿਚ।

ਉਠੋ ਉਠੋ, ਖੜੇ ਹੋ ਜਾਉ ਸਰਦਾਰੋ, ਉਸ ਨੇ ਆਪਣੀ ਕੁਰਸੀ ਤੋਂ ਉਠਦਿਆਂ ਸਾਨੂੰ ਕਿਹਾ। ਇਕ ਮਿੰਟ ਲਈ ਤਾਂ ਤਿੰਨੇ ਠਠੰਬ ਗਏ ਕਿ ਕੀ ਗੱਲ ਹੋ ਗਈ ? ਅਸੀਂ ਤਿੰਨੇ ਹੋਲੀ ਜਿਹੇ ਉੱਠ ਖੜੇ ਹੋਏ। ਜਦ ਤੱਕ ਡਾਕਟਰ ਸਾਡੇ ਨੇੜੇ ਹੋ ਚੁੱਕਾ ਸੀ ਤੇ ਉਸ ਨੇ ਸਾਨੂੰ ਤਿੰਨਾਂ ਨੂੰ ਆਪਣੇ ਕਲਾਵੇ 'ਚ ਭਰ ਲਿਆ। ਉਹ ਭਾਵੁਕ ਹੋ ਗਿਆ ਸੀ। ਮੈਂ ਥੋਹੜਾ ਜਿਹਾ ਸਮਝ ਗਿਆ ਕਿ ਮਾਜਰਾ ਕੀ ਹੈ। ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ ਡਾ. ਬੋਲ ਉੱਠਿਆ।

ਓ-ਸਰਦਾਰੋ, ਤੁਸੀਂ ਤਾਂ ਮੇਰੇ ਪੁਰਖਾਂ ਦੀ ਮਿੱਟੀ ਚੋਂ ਆਏ ਹੋ। ਉਸ ਨੇ ਇਕ ਵਾਰ ਫਿਰ ਸਾਨੂੰ ਆਪਣੇ ਗਲੇ ਲਗਾਇਆ।

ਮੈਂ ਵੀ ਉਸੇ ਜਲੰਧਰ ਦੀ ਪੈਦਾਇਸ਼ ਹਾਂ, ਉਦੋਂ ਮੈਂ 9-10 ਸਾਲ ਦਾ ਸੀ, ਜਦੋਂ ਮੁਲਕ ਦੇ ਚੌਧਰੀਆਂ ਨੇ ਆਪਣੀ ਗੰਦੀ ਰਾਜਨੀਤਕ ਖੇਡ ਨਾਲ ਮੁਲਕ ਦੇ ਦੋ ਟੋਟੇ ਕਰਕੇ ਵਜੀਰੀਆਂ ਲਈਆਂ, ਤੇ ਲੱਖਾਂ ਬੇਗੁਨਾਹ ਲੋਕਾਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ, ਤੇ ਹਜ਼ਾਰਾਂ ਨੂੰ ਮੌਤਦਿੱਤੀ। ਕਿਉਂਕਿ ਨਹਿਰੂ ਤੇ ਜਿਨਾਹ ਦੋਵੇਂ ਹੀ ਕੁਰਸੀ ਦੇ ਭੁਖੇ ਸਨ ਤੇ ਦੋਹਾਂ ਨੂੰ ਇਸੇ ਤਰ੍ਹਾਂ ਮੁਲਕ ਦੇ ਦੋ ਟੋਟੇ ਕਰਕੇ ਹੀ ਕੁਰਸੀ ਮਿਲ ਸਕਦੀ ਸੀ। ਡਾਕਟਰ ਮੁਨੀਰ ਗੁੱਸੇ 'ਚ ਕੰਬਣ ਲਗ ਪਿਆ। ਮੈਂ ਉਸ ਨੂੰ ਧੀਰਜ ਦੇ ਕੇ ਕੁਰਸੀ 'ਤੇ ਬਿਠਾਇਆ।

ਫਿਰ ਉਸ ਨੇ ਸਹਿਜ ਹੋ ਕੇ ਦਸਿਆ ਕਿ ਉਸ ਦੇ ਵਡੇਰੇ ਬਸਤੀ ਸ਼ੇਖ ਵਿਚ ਰਹਿੰਦੇ ਸਨ। ਜਿਥੇ ਪੀਰ ਗੁਰੂ ਹਰਗੋਬਿੰਦ ਜੀ ਦਾ ਗੁਰਦੁਆਰਾ ਹੈ। ਉਸੇ ਮੁਹੱਲੇ ਵਿਚ ਸਾਡਾ ਘਰ ਸੀ। ਮੇਰੇ ਦਾਦਾ ਜੀ ਤਾਂ ਹਰ ਰੋਜ਼ ਗੁਰਦੁਆਰੇ ਜਾਂਦੇ ਸਨ ਤੇ ਨਮਾਜ਼ ਮਸੀਤੇ ਆ ਕੇ ਪੜ੍ਹਦੇ ਸਨ। ਪਰ ਵਕਤ ਦੀ ਐਸੀ ਅੰਨੀ ਹਨ੍ਹੇਰੀ ਚੱਲੀ ਕਿ ਭਰਾ, ਭਰਾ ਦਾ ਖੂਨੀ ਹੋ ਗਿਆ।

ਕੀ ਤੁਸੀਂ ਗਏ ਹੋ ਬਸਤੀ ਸ਼ੇਖ ਕਦੇ। ਡਾ. ਨੇ ਬੜੀ ਉਤਸੁਕਤਾ ਨਾਲ ਸਾਨੂੰ ਪੁੱਛਿਆ।

ਹਾਂ-ਹਾਂ ਬਹੁਤ ਵਾਰ ਗਿਆ ਹਾਂ, ਮੇਰੇ ਦੋਸਤ ਦਾ ਘਰ ਉਥੇ ਹੀ ਹੈ। ਮੈਂ ਡਾ. ਨੂੰ ਦੱਸਿਆ, ਮਿੱਤਰੋਂ ਜੇ ਮੈਨੂੰ ਪਤਾ ਹੁੰਦਾ ਕਿ ਜਲੰਧਰੋਂ ਕੋਈ ਇਥੇ ਆ ਰਿਹਾ ਹੈ ਤਾਂ ਮੈਂ ਤੁਹਾਡੀ ਜਾਣਕਾਰੀ ਲੈ ਕੇ ਤੁਰਾਨੂੰ ਸਪੈਸ਼ਲ ਟੈਲੀਗਰਾਮ ਕਰਕੇ ਆਪਣੇ ਘਰ ਦਾ ਪਤਾ ਦਿੰਦਾ ਤੇ ਉਥੋਂ ਦੀ ਮਿਟੀ ਮੰਗਵਾਉਂਦਾ।

ਡਾਕਟਰ ਸਾਬ੍ਹ ਚਿੰਤਾ ਨਾ ਕਰੋ, ਤੁਹਾਡੀ ਇਹ ਖਾਹਸ਼ ਅਸੀਂ ਹੁਣ ਵੀ ਪੂਰੀ ਕਰਾਂਗੇ। ਤੁਸੀਂ ਸਾਨੂੰ ਘਰ ਦਾ ਟਿਕਾਣਾ ਦਸ ਦਿਉ ਮੈਂ ਅੱਜ ਹੀ ਘਰ ਖਤ ਲਿਖਦਾ ਹਾਂ ਕਿ ਬਸਤੀ ਸ਼ੇਖ ਜਾ ਕੇ, ਇਸ ਪਤੇ ਵਾਲਾ ਘਰ

ਲਭ ਕੇ, ਉਥੋਂ ਮਿਟੀ ਲਿਆ ਕੇ ਜਲਦੀ ਕਿਸੇ ਦੇ ਹੱਥ ਭੇਜ ਦਿਉ ਜਾਂ ਲਫਾਫੇ 'ਚ ਪਾ ਕੇ ਰਜਿਸਟੀ ਕਰ ਦਿਉ। ਜਦੋਂ ਵੀ ਉਹ ਬੇਸ਼ਕੀਮਤੀ ਮਿੱਟੀ ਮੇਰੇ ਤੱਕ ਪਹੁੰਚੇਗੀ, ਮੈਂ ਸਾਰੇ ਕੰਮ ਛੱਡ ਕੇ ਤੁਹਾਡੇ ਤੱਕ ਬਾ-ਅਦਬ ਪਹੁੰਚਦੀ ਕਰਾਂਗਾ। ਇਹ ਮੇਰਾ ਤੁਹਾਡੇ ਨਾਲ ਵਾਅਦਾ ਰਿਹਾ।

ਡਾਕਟਰ ਮੁਨੀਰ ਐਨਾ ਭਾਵੁਕ ਹੋ ਗਿਆ ਸੀ ਕਿ ਉਸ ਕੋਲੋਂ ਗਲ ਵੀ ਨਹੀਂ ਸੀ ਹੋ ਰਹੀ। ਉਸ ਨੇ ਇਕ ਵਾਰ ਫਿਰ ਉਠ ਕੇ ਮੈਨੂੰ ਆਪਣੀਆਂ ਬਾਹਾਂ 'ਚ ਘੁੱਟ ਲਿਆ।

ਜਲੰਧਰੀਓ ਸਰਦਾਰੋ ਤੁਸੀਂ ਤਾਂ ਮੈਨੂੰ ਮੁੜ ਬਚਪਨ ਵਿਚ ਲੈ ਗਏ ਹੋ। ਉਥੇ ਮੇਰੇ ਦੋ ਤਿੰਨ ਯਾਰ ਹੁੰਦੇ ਸਨ, ਪਤਾ ਨਹੀਂ ਉਹ ਕਿੱਥੇ ਹੋਣਗੇ ਤੇ ਮੁੰਨੇ ਨੂੰ ਯਾਦ ਵੀ ਕਰਦੇ ਹੋਣਗੇ ਕਿ ਨਹੀਂ।

ਉਹ ਫਿਰ ਯਾਦਾਂ 'ਚ ਖੁੱਭ ਗਿਆ ਜਿਵੇਂ ਉਸ ਨੂੰ ਕੁਝ ਯਾਦ ਆਇਆ ਹੋਵੇ।

ਉਥੇ ਸਟੇਸ਼ਨ ਸਾਹਮਣੇ ਇਕ ਖੂਹੀ ਹੁੰਦੀ ਸੀ, ਉਥੇ ਜੋ ਆਦਮੀ ਪਾਣੀ ਪਿਆਇਆ ਕਰਦਾ ਸੀ ਉਸ ਨੂੰ ਪੰਡਤ ਜੀ ਕਹਿੰਦੇ ਸਨ। ਅਸੀਂ ਜਦੋਂ ਕਦੇ ਨਕੋਦਰ ਜਾਂਦੇ ਹੁੰਦੇ ਸਾਂ ਤਾਂ ਉਸ ਖੂਹੀ ਤੋਂ ਪਾਣੀ ਪੀਂਦੇ ਹੁੰਦੇ ਸਾਂ। ਨਕੋਦਰ ਸਾਡੀ ਭੂਆ ਹੁੰਦੀ ਸੀ। ਬਸਤੀ ਤੋਂ ਜਦੋਂ ਟਾਂਗੇ 'ਚ ਬੈਠ ਕੇ ਸਟੇਸ਼ਨ ਨੂੰ ਔਣਾ ਤਾਂ ਬੜੀ ਰੌਣਕ ਦੇਖਣ ਨੂੰ ਮਿਲਣੀ। ਰਸਤੇ ਵਿਚ ਇਕ ਇਮਪ੍ਰੈਸ ਗਾਰਡਨ ਵੀ ਆਉਂਦਾ ਸੀ, ਬੜੀ ਵਧੀਆ ਛਾਂ ਹੁੰਦੀ ਸੀ ਤੇ ਖੁਲ੍ਹਾ ਹਵਾਦਾਰ, ਬੜੀ ਰੋਣਕ ਹੁੰਦੀ ਸੀ। ਦਾਦਾ ਜੀ ਕਦੀ ਕਦੀ ਉਥੇ ਲੈ ਕੇ ਜਾਂਦੇ ਹੁੰਦੇ ਸਨ।

ਕਦੀ ਕਦੀ ਕਾਜੀ ਸਿਨਮੇ 'ਚ ਮੇਰਾ ਚਾਚਾ ਮੈਨੂੰ ਫਿਲਮ ਦਿਖਾਉਣ ਲੈ ਜਾਂਦਾ ਸੀ। ਉਸ ਦੇ ਕੋਲ ਹੀ ਇਕ ਸੰਤ ਨਾਮ ਦਾ ਸਿਨਮਾ ਵੀ ਹੁੰਦਾ ਸੀ। ਏਥੇ ਸਾਡੇ ਨੇੜੇ ਤਾਂ ਹੋਰ ਕੋਈ ਸਿਨਮਾ ਨਹੀਂ ਸੀ ਹੁੰਦਾ। ਹੋਵੇਗਾ ਵੀ ਤਾਂ ਪਤਾ ਨਹੀਂ।

ਸਾਡਾ ਦਾਦਾ ਨਜੀਰ ਮੁਹੰਮਦ ਚੌਧਰੀ, ਦੂਸਰੇ ਤੀਸਰੇ ਮਹੀਨੇ ਸਾਨੂੰ ਅੰਮਿ?ਤਸਰ ਵੀ ਲੈ ਕੇ ਜਾਂਦਾ ਹੁੰਦਾ ਸੀ, ਪਤਾ ਨਹੀਂ ਉਸਨੂੰ ਗੁਰਦੁਆਰੇ ਜਾਣ ਦਾ ਬੜਾ ਚਾਅ ਹੁੰਦਾ ਸੀ । ਜਾਂ ਤਾਂਇਸ ਕਰਕੇ ਕਿ ਸਾਡੇ ਘਰ ਨਾਲ ਸਿਖਾਂ ਦੇ ਘਰ ਜਿਆਦਾ ਸਨ।

ਜਾਂ ਉਹ ਕਹਿੰਦਾ ਹੁੰਦਾ ਸੀ ਕਿ ਸਿੱਖਾਂ ਦੇ ਗ੍ਰੰਥ ਸਾਹਿਬ ਵਿਚ, ਸਾਡੇ ਪੀਰ ਕਬੀਰ ਅਤੇ ਪੀਰ ਫਰੀਦ ਦੀ ਬਹੁਤ ਸਾਰੀ ਬਾਣੀ ਦਰਜ ਹੈ ਸ਼ਾਇਦ ਇਸ ਕਰਕੇ ਉਸ ਨੂੰ ਗੁਰਦੁਆਰੇ ਨਾਲ ਜ਼ਿਆਦਾ ਮੋਹ ਸੀ। ਜਲੰਧਰੋਂ ਜਦੋਂ ਅਸੀਂ ਪਾਕਿਸਤਾਨ ਗਏ ਤਾਂ ਉਸ ਨੇ ਰਹਿਣ ਲਈ ਤਲਵੰਡੀ ਨੂੰ ਚੁਣਿਆ। ਉਥੇ ਕੋਈ ਅੱਧ ਕੁ ਮੀਲ ਉਤੇ ਸਾਡੇ ਘਰ ਤੋਂ ਗੁਰਦੁਆਰਾ ਨਨਕਾਣਾ ਸਾਹਿਬ ਹੈ। ਜਿੰਨਾਂ ਚਿਰ ਸਾਡਾ ਦਾਦਾ ਜਿਉਂਦਾ ਰਿਹਾ, ਉਹ ਰੋਜ ਪੈਦਲ ਹੀ ਗੁਰਦੁਆਰੇ ਜਾਇਆ ਕਰਦਾ ਸੀ। ਮਹੀਨੇ 'ਚ ਇਕ ਦੋ ਬਾਰ ਉਹ ਸਾਨੂੰ ਵੀ ਲੈ ਕੇ ਜਾਂਦਾ ਤੇ ਜਦੋਂ ਕੋਈ ਉਰਸ (ਗੁਰਪੁਰਬ) ਹੁੰਦਾ ਤਾਂ ਸਾਰੇ ਟੱਬਰ ਨੂੰ ਹੀ ਤੋਰ ਲੈਂਦਾ।

ਜਲੰਧਰ ਬਸਤੀ ਸ਼ੇਖ ਸਾਡੇ ਘਰ ਤੋਂ ਫਰਲਾਂਗ ਭਰ ਤੇ ਇਕ ਦਰਗਾਹ ਵੀ ਹੁੰਦੀ ਸੀ। ਬਾਬਾ ਯਾਹਰ ਪੀਰ ਦੀ। ਤੇ ਦੂਜੇ ਪਾਸੇ ਹੁੰਦਾ ਸੀ ਪੀਰ ਹਰਗੋਬਿੰਦ ਜੀ ਦਾ ਚਰਨ ਕੰਵਲ ਗੁਰਦੁਆਰਾ। ਜਾਣੀ ਸਾਡੇ ਘਰ ਦੇ ਸੱਜੇ ਹੱਥ ਵੀ ਪੀਰ ਤੇ ਖੱਬੇ ਹੱਥ ਵੀ ਪੀਰ।

ਹਾਂ ਹਾਂ ਮੈਂ ਦੇਖੇ ਹਨ ਦੋਵੇਂ ਥਾਂ। ਸ਼ੇਖ ਦਰਵੇਸ, ਸ਼ੇਖ ਮੀਆਂ ਮੀਰ ਜੀ ਦੇ ਗੁਰਭਾਈ ਸਨ।

ਸ਼ੇਖ ਮੀਆ ਮੀਰ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਨੀਂ ਪੱਥਰ ਰੱਖਿਆ ਸੀ। ਛੇਵੇਂ ਪਾਤਸ਼ਾਹ, ਲੇਖ ਦਰਵੇਸ਼ ਦੀ ਬੇਨਤੀ ਮੰਨ ਕੇ ਬਸਤੀ ਸ਼ੇਖ ਉਨ੍ਹਾਂ ਨੂੰ ਦਰਸ਼ਨ ਦੇਣ ਆਏ ਸਨ। ਸ਼ੇਖ ਦਰਵੇਸ਼ ਵੀ ਬਹੁਤ ਭਗਤੀ ਵਾਲੇ ਮਹਾਂਪੁਰਸ਼ ਸਨ। ਉਨ੍ਹਾਂ ਦਾ ਉਹ ਭੋਰਾ ਅਜੇ ਵੀ ਉਥੇ ਹੈ। ਮੈਂ ਡਾਕਟਰ ਨੂੰ ਸਾਰੀ ਕਥਾ ਦਾ ਸਾਰ ਅੰਸ਼ ਦੱਸਿਆ।

ਤੁਸੀਂ ਤਾਂ ਬਹੁਤ ਖੁਸ਼ਕਿਸਮਤ ਹੋ ਜੋ ਬਾਬੇ ਨਾਨਕ ਦੀ ਨਗਰੀ 'ਚ ਰਹਿੰਦੇ ਹੋ। ਅਸੀਂ ਤਾਂ ਤਰਸ ਗਏ ਹਾਂ ਉਹ ਥਾਂ ਦੇਖਣ ਵਾਸਤੇ। ਮੈਂ ਆਪਣੇ ਦਿਲ ਦੀ ਕਹੀ।

ਫਿਕਰ ਨਾ ਕਰ ਸਰਦਾਰਾ ਇਕ ਦਿਨ ਜ਼ਰੂਰ ਇਹ ਹੱਦਾਂ ਟੁੱਟਣਗੀਆਂ। ਰੱਬ ਕਰੇ ਤੁਹਾਨੂੰ ਨਨਕਾਣੇ ਆਉਣ ਦਾ ਮੌਕਾ ਜਲਦੀ ਮਿਲੇ।

ਤੁਹਾਡੀ ਜ਼ੁਬਾਨ ਮੁਬਾਰਕ ਹੋਵੇ।

ਮੈਂ ਡਾਕਟਰ ਨੂੰ ਦੱਸਿਆ ਕਿ ਜਦੋਂ ਦੇਸ਼ ਦੀ ਵੰਡ ਹੋਈ ਉਦੋਂ ਮੈਨੂੰ ਬਹੁਤਾ ਯਾਦ ਨਹੀਂ, ਬਿਮਾਰੀ ਦੀ ਵਜ?ਹਾ ਕਰਕੇ ਮੈਂ ਬਹੁਤ ਕਮਜ਼ੋਰ ਸਾਂ ।ਫਿਰ ਵੀ ਮੈਨੂੰ ਇਨਾ ਕੁ ਯਾਦ ਹੈ ਕਿ ਉਦੋਂ ਮੇਰੇ ਦਾਦਾ ਜੀ ਕੋਇਟੇ ਕਿਸੇ ਰੇਲਵੇ ਪੁਲ ਉੱਤੇ ਕੰਮ ਚਲਾ ਰਹੇ ਸਨ। ਉਹ ਰੇਲਵੇ 'ਚ ਬਰਿਜ ਮਿਸਤਰੀ ਸਨ । ਸਾਨੂੰ ਸਾਡੇ ਚੌਂਕੀਦਾਰ ਨੇ, ਜੋ ਮੁਸਲਮਾਨ ਹੀ ਸੀ, ਗਈ ਰਾਤੇ ਦੱਸਿਆ ਕਿ ਮੁਲਕ ਵਿਚ ਫਸਾਦ ਸ਼ੁਰੂ ਹੋ ਗਏ ਹਨ ਇਸ ਕਰਕੇ ਤੁਸੀਂ ਜਲਦੀ ਇਥੋਂ ਨਿਕਲ ਜਾਉ। ਮੇਰੇ ਦਾਦਾ ਜੀ ਨੇ, ਉਥੇ ਨਾਲ ਹੀ ਕੰਮ ਕਰਦੇ ਤੇ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਜਲਦੀ ਜਾਣ ਲਈ ਕਿਹਾ। ਮੈਨੂੰ ਇੰਨਾ ਕੁ ਯਾਦ ਹੈ ਕਿ ਹਰ ਕਿਸੇ ਦੇ ਹੱਥ ਵਿਚ ਕੋਈ ਵੱਡਾ ਸਮਾਨ ਨਹੀਂ ਸੀ ਛੋਟੇ ਛੋਟੇ ਥੈਲੇ ਜਾਂ ਛੋਟੀਆਂ ਟਰੰਕੀਆਂ ਹੀ ਸਨ। ਸਭ ਕੁਝ ਛੱਡ ਕੇ ਉਸ ਵੇਲੇ ਤੁਰ ਪਏ। ਫਿਰ ਪਤਾ ਨਹੀਂ ਕਿਥੋਂ ਕਿਥੋਂ ਗੱਡੀਆਂ ਵਿਚ ਹੁੰਦੇ ਹੋਏ ਕਈ ਦਿਨਾਂ ਬਾਅਦ ਜਲੰਧਰ ਪਹੁੰਚੇ। ਉਹ ਵੇਲਾ ਜਦੋਂ ਯਾਦ ਆਉਂਦਾ ਹੈ ਤਾਂ ਲੂੰ ਕੰਢੇ ਖੜ੍ਹੇ ਹੋ ਜਾਂਦੇ ਹਨ। ਬਲਦੇਵ ਮੇਜਰ ਹੈਰਾਨੀ ਜਿਹੀ 'ਚ ਸਾਡੀਆਂ ਗੱਲਾਂ ਸੁਣ ਰਹੇ ਸਨ ਕਿਉਂਕਿ ਉਨ੍ਹਾਂ ਇਹ ਸਮਾਂ ਦੇਖਿਆ ਨਹੀਂ ਸੀ।

ਯਾਰ ਉਥੇ ਸਟੇਸ਼ਨ ਕੋਲ ਇਕ ਸਰਾਂ ਵੀ ਹੁੰਦੀ ਸੀ। ਸਾਡਾ ਬਾਬਾ ਦਸਦਾ ਹੁੰਦਾ ਸੀ ਕਿ ਉਨ੍ਹਾਂ ਦੇ ਪੁਰਖਿਆਂ ਨੇ ਉਸ ਸਰਾਂ ਦੀ ਬਹੁਤ ਸਾਂਭ

ਸੰਭਾਲ ਕੀਤੀ ਸੀ। ਯਾਦਾਂ ਜਿਵੇਂ ਫਿਰਉਸਦੇ ਜਿਹਨ 'ਚ ਆ ਗਈਆਂ। ਉਹ ਅਜੇ ਵੀ ਕੁਝ ਸੋਚ ਰਿਹਾ ਸੀ। ਸੋਚਦਾ ਸੋਚਦਾ ਉਹ ਖੁਸ਼ੀ ਚ ਉਛਲਿਆ।

ਇਮਾਮ ਨਾਸਰ ਦੀ ਦਰਗਾਹ। ਉਹ ਬੜ ਬੜਾਇਆ, ਜਿਵੇਂ ਉਸ ਨੂੰ ਕੁਝ ਚੇਤਾ ਆ ਗਿਆ ਹੋਵੇ।

ਮੈਂ ਉਸ ਬਾਰੇ ਸੋਚਣ ਲੱਗਾ।

ਡਾਕਟਰ ਫਿਰ ਬੋਲਿਆ–ਮਿੱਠਾ ਬਾਜ਼ਾਰ।

ਮੇਰੇ ਜਿਹਨ 'ਚ ਵੀ ਆਇਆ ਕਿ ਜਿਸ ਨੂੰ ਮੈਂ ਮਾਮ ਨਾਸਰ ਕਰਕੇ ਜਾਣਦਾ ਹਾਂ, ਉਹੀ ਇਮਾਮ ਨਾਸਰ ਹੋਏਗਾ, ਕਿਉਂਕਿ ਮਿੱਠਾ ਬਾਜ਼ਾਰ ਉਥੇ ਹੀ ਹੈ। ਮੁਨੀਰ ਨੇ ਦੱਸਿਆ ਕਿ ਉਸ ਦਾ ਕੋਈ ਰਿਸ਼ਤੇਦਾਰ ਉਸ ਵੇਲੇ ਉਥੇ ਮੌਲਵੀ ਹੁੰਦਾ ਸੀ।

ਹਾਂ ਹਾਂ ਡਕਟਰ ਸਾਬ?ਹ ਇਮਾਮ ਨਾਸਰ ਉਥੇ ਹੀ ਹੈ ਮਿੱਠੇ ਬਜ਼ਾਰ ਵਿਚ। ਉਸ ਦੀ ਸਾਂਭਸੰਭਾਲ ਹੋ ਰਹੀ ਹੈ। ਪਰ ਸਟੇਸ਼ਨ ਕੋਲ ਦੀ ਸਰ੍ਹਾਂ ਦਾ ਤਾਂ ਨਾਂਅ ਹੀ ਰਹਿ ਗਿਆ ਹੈ। ਉਸ ਦਾ ਆਲਾ ਦੁਆਲਾ ਮੁਫਤਖੋਰਿਆਂ ਨੇ ਸਾਂਭ ਲਿਆ ਹੈ ਤੇ ਸਰਾਂ ਦਾ ਹੁਣ ਖੰਡਰ ਬਣ ਚੁੱਕਾ ਹੈ। ਨਾਂ ਤਾਂ ਪਬਲਿਕ ਨੇ ਹੀ, ਤੇ ਨਾਂ ਜਲੰਧਰ ਦੀ ਕਿਸੇ ਕਮੇਟੀ ਨੇ ਉਸ ਇਤਿਹਾਸਕ ਇਮਾਰਤ ਨੂੰ ਸਾਂਭਣ ਦੀ ਜ਼ਰੂਰਤ ਸਮਝੀ। ਸਾਂਭਣਾ ਤਾਂ ਕਿਸੇ ਚੀਜ਼ ਨੂੰ ਕੀ ਹੈ, ਲੋਕ ਤਾਂ ਚੰਗੀ ਭਲੀ ਚੀਜ਼ ਨੂੰ ਨਰਕ ਬਣਾ ਕੇ ਖੁਸ਼ ਹੁੰਦੇ ਹਨ।

ਭਾਊ ਪੰਜ ਵੱਜ ਚੁੱਕੇ ਹਨ। ਮੇਜਰ ਤੇ ਬਲਦੇਵ ਜੋ ਸ਼ਾਇਦ ਸਾਡੀਆਂ ਗੱਲਾਂ ਤੋਂ ਉਕਤਾ ਗਏ ਸਨ ਕਿਉਂਕਿ ਉਹ ਇਨ੍ਹਾਂ ਗੱਲਾਂ 'ਚ ਸ਼ਾਮਲ ਨਹੀਂ ਸਨ ਹੋ ਸਕੇ। ਉਨਾਂ ਟਾਇਮ ਦੱਸ ਕੇ ਸ਼ਾਇਦ ਆਪਣੀ ਵਾਰਤਾ ਖਤਮ ਕਰਨ ਦਾ ਸੰਕੇਤ ਕੀਤਾ।

ਡਾਕਟਰ ਹੁਰੀਂ ਉੱਠੇ, ਇਹ ਕਹਿੰਦਿਆਂ ਰਸੋਈ 'ਚ ਜਾ ਵੜੇ ਕਿ ਮੈਂ ਚਾਹ ਦਾ ਪਤੀਲਾ ਸਟੋਬ ਤੇ ਧਰ ਆਵਾਂ।

ਡਾਕਟਰ ਸਾਬ੍ਹ ਠੰਡੇ ਸਟੋਬ ਉਤੇ ਧਰੋਗੇ ਜਾਂ ਗਰਮ ਉਤੇ, ਪਿਛਿਉਂ ਮੇਜਰ ਦੀ ਆਵਾਜ।

ਕਹੋ ਤਾਂ ਠੰਡਾ ਰਹਿਣ ਦਿੰਦਾ, ਵੈਸੇ ਤਾਂ ਮੈਂ ਗਰਮ ਕਰਨਾ ਸੀ। ਡਾਕਟਰ ਨੇ ਸਟੋਬ ਨੂੰ ਬਾਲਦਿਆਂ ਪੁੱਛਿਆ।

ਮੈਨੂੰ ਇੰਝ ਲੱਗਾ ਕਿ ਡਾਕਟਰ ਨਾਲ ਸਾਡੀ ਪਹਿਚਾਣ ਅੱਜ ਹੀ ਨਹੀਂ ਹੋਈ। ਇਹ ਤਾਂ ਕੋਈ ਪਿਛਲੇ ਜਨਮਾਂ ਦੀ ਪਹਿਚਾਣ ਹੈ। ਅਸੀਂ ਪੂਰੀ ਤਰ੍ਹਾਂ ਇਕ ਦੂਜੇ 'ਚ ਘੁਲ ਗਏ ਸਾਂ।

ਡਾਕਟਰ ਸਾਬ੍ਹ, ਮੈਂ ਕੋਈ ਹੈਲਪ ਕਰਾਵਾਂ ? ਮੈਂ ਕਿਚਨ 'ਚ ਦਾਖਲ ਹੁੰਦਿਆਂ ਪੁੱਛਿਆ। ਨਈ ਓ ਸਰਦਾਰਾ, ਏਥੇ ਕੇੜ੍ਹਾ ਝੋਟਾ ਹਲਾਲਾ ਕਰਨਾ ਉਸ ਨੇ ਚਾਹ ਪੱਤੀ ਵਾਲੇ ਉਬਲਦੇ ਪਾਣੀ ਵਿਚ ਦੁੱਧ ਪਾਉਂਦਿਆਂ ਕਿਹਾ ਆਹ ਲੈ ਬਣ ਗਈ ਚਾਹ। ਚੱਲ ਜੇ ਤੂੰ ਆ ਹੀ ਗਿਆ ਤਾਂ ਚੱਕ ਲੈ ਚਾਰ ਕੱਪ ਤੇ ਉਹ ਦੋ ਪੈਕਟ। ਉਸ ਨੇ ਨਮਕੀਨ ਤੇ ਬਿਸਕੁਟ ਦੇ ਪੈਕਟਾਂ ਵੱਲ ਇਸ਼ਾਰਾ ਕਰਦਿਆਂ ਕਿਹਾ।

ਡਾ. ਇਨ੍ਹਾਂ ਦੀ ਕੀ ਜ਼ਰੂਰਤ ? ਮੈਂ ਡਾਕਟਰ ਨੂੰ ਕਿਹਾ।

ਜ਼ਰੂਰਤ ਦਾ ਤਾਂ ਮੈਨੂੰ ਨਹੀਂ ਪਤਾ, ਮੈਂ ਤਾਂ ਸਵੇਰ ਦਾ ਤੁਹਾਨੂੰ ਉਡੀਕ ਰਿਹਾ ਸੀ। ਪੰਜਾਬੀ ਦੇ ਘਰ ਕੋਈ ਆਏ, ਉਸ ਦਾ ਖੁਲ੍ਹੇ ਦਿਲ ਨਾਲ ਇਸਤਿਕਬਾਲ ਕਰਨਾ ਪੰਜਾਬੀਆਂ ਦਾ ਸੁਭਾਅ ਹੈ। ਤੁਸੀਂ ਤਾਂ ਹੋ ਵੀ ਪੰਜਾਬੀ। ਤਦ ਤੱਕ ਉਸਨੇ ਪਤੀਲੇ ਦੀ ਚਾਹ ਥਰਮੋਸ ਵਿਚ ਪਾ ਲਈ ਸੀ। ਉਸ ਨੇ ਮੈਨੂੰ ਹੱਥ ਮਾਰਦਿਆਂ ਕਿਹਾ ਆਜਾ ਆਜਾ ਸਰਦਾਰਾ ਚੱਕ ਲਿਆ, ਕੀ ਸੋਚੀਂ ਜਾ ਰਿਹਾ। ਚੰਗਾ ਖਾਣਾ ਤੇ ਚੰਗਾ ਪਹਿਨਣਾ ਪੰਜਾਬੀਆਂ ਦੀ ਸ਼ਾਨ ਅਤੇ ਸਭਾਅ 'ਚ ਸ਼ਾਮਲ ਹੈ। ਮੈਂ ਦੋਵੇਂ ਲਫਾਫੇ ਤੇ ਚਾਰੇ ਕੱਪ ਚੁੱਕ ਕੇ ਉਸ ਦੇ ਮਗਰ ਹੋ ਤੁਰਿਆ। ਮੇਜਰ ਸਿੰਘ ਊਂਘ ਰਿਹਾ ਸੀ।

ਸਰਦਾਰਾ ਕੀ ਗਲ ਐ ਰਾਤੀਂ ਸੁੱਤਾ ਨਹੀਂ ? ਕਿਤੇ ਘਰ ਵਾਲੀ ਤਾਂ ਤੰਗ ਨਈ ਕਰਦੀ ਰਹੀ। ਡਾਕਟਰ ਨੇ ਮੇਜਰ ਨੂੰ ਹਲੂਣਿਆ।

ਮੇਜਰ ਬੁਲਾਂ 'ਚ ਹੱਸਦਾ, ਕੱਪਾਂ 'ਚ ਚਾਹ ਪਾਉਣ ਲੱਗ ਪਿਆ।

ਹਸਪਤਾਲ ਪਿੰਡੋਂ ਬਾਹਰ ਕੋਈ ਡੂੜ ਕੁ ਫਰਲਾਂਗ ਵਡੀ ਸੜਕ ਵਲ ਸੀ। ਧੁੱਪ ਅਜੇ ਵੀ ਚੁੱਭ ਰਹੀ ਸੀ। ਇਸ ਕਰਕੇ ਕਿ ਸ਼ਾਇਦ ਅਸੀਂ ਏ.ਸੀ. ਦੀ ਠੰਡੀ ਹਵਾ ਵਿਚੋਂ ਆਏ ਸਾਂ। ਜਦੋਂ ਅਸੀਂ ਖਜੂਰਾਂ ਦੇ ਬਾਗ ਕੋਲ ਪਹੁੰਚੇ ਤਾਂ ਬਾਗ ਵਿਚੋਂ ਆਏ ਹਵਾ ਦੇ ਇਕ ਠੰਡੇ ਬੁੱਲੇ ਨੇ ਸਾਡਾ ਸਵਾਗਤ ਕੀਤਾ। ਹੌਲੀ ਹੌਲੀ ਅਸੀਂ ਪਿੰਡ ਦਾ ਚੱਕਰ ਕੱਢਿਆ। ਪਿੰਡ ਵਿਚ ਡਾਕਟਰ ਏਂਕਈ ਵਾਕਫ ਮਿਲੇ। ਸਾਡੀਆਂ ਪੌਚਵੀਆਂ ਪੱਗਾਂਤੇ ਪੰਜਾਬੀ ਕੁੜਤੇ ਪਜ਼ਾਮੇ ਦੇਖ ਕੇ ਉਨ੍ਹਾਂ ਦੀਆਂ ਨਜ਼ਰਾਂ 'ਚ ਸਵਾਲ ਉੱਠਦੇ। ਇਕ ਨੇ ਸਾਡੇ ਬਾਰੇ ਪੁੱਛ ਹੀ ਲਿਆ ਕਿ ਅਸੀਂ ਕੌਣ ਹਾਂ।

ਇਹ ਮੇਰੇ ਮਿਤਰ ਹਨ ਹਿੰਦੀ ਸਿੰਘ। ਡਾਕਟਰ ਨੇ ਜੁਆਬ ਦਿੱਤਾ।

ਆਉ ਸਰਦਾਰੋ ਤੁਹਾਨੂੰ ਕਿਸੇ ਨਾਲ ਮਿਲਾਵਾਂ। ਡਾਕਟਰ ਨੇ ਪਿੰਡ ਵਿਚ ਆਉਂਦਿਆਂ ਇਕ ਮੋੜ ਤੇ ਖੜੇ ਹੋ ਕੇ ਕਿਹਾ।

ਕੀ ਕੋਈ ਖਾਸ ਬੰਦਾ ਹੈ। ਮੈਂ ਡਾਕਟਰ ਨੂੰ ਪੁੱਛਿਆ। ਇਹ ਤਾਂ ਤੁਸੀਂ ਹੀ ਦੇਖ ਕੇ ਨਿਰਣਾ ਕਰਨਾ ਕਿ ਉਹ ਖਾਸ ਹੈ ਜਾਂ ਆਮ, ਤੇ ਡਾਕਟਰ ਨੇ ਇਕ ਘਰ ਦਾ ਦਰਵਾਜ਼ਾ ਜਾ ਮਾਵਾਜ ਖੜਕਾਇਆ। ਕਈ ਚਿਰ ਦਰਵਾਜ਼ਾ ਖੁੱਲ੍ਹਣ ਦੀ ਉਡੀਕ ਕਰਨੀ ਪਈ। ਫਿਰ ਅੰਦਰੋਂ ਇਕ ਬੜੀ ਮੁਲਾਇਮ ਜਿਹੀ ਆਵਾਜ਼ ਆਈ। ਸ਼ਾਇਦ ਉਸ ਨੇ ਪੁੱਛਿਆ ਸੀ ਕਿ ਬਾਹਰ ਕੌਣ ਹੈ?

ਡਾਕਟਰ ਮੁਨੀਰ। ਮੁਨੀਰ ਨੇ ਆਪਣੀ ਪਹਿਚਾਣ ਦੱਸੀ। ਦਰਵਾਜੇ ਦਾ ਇਕ ਪੱਲਾ ਹੋਲੀ ਜਿਹੇ ਖੁੱਲਿਆ। ਸਲਾਮਾ ਲੇਕਮ ਕਹਿੰਦਿਆਂ ਇਕ ਹੱਥ ਨਾਜ਼ੁਕ ਜਿਹਾ, ਸਿਰ ਵੱਲ ਨੂੰ ਗਿਆ। ਫਿਰ ਉਹ ਹੱਥ ਅਗਾਂਹ ਨੂੰ ਆਇਆ। ਮੁਨੀਰ ਨੇ ਦੋਹਾਂ ਹੱਥਾਂ ਨੂੰ ਬੜੇ ਪਿਆਰ ਨਾਲ ਬੋਚ ਲਿਆ। ਉਸ ਦੀ ਹਲਕੀ ਜਿਹੀ ਝਲਕ ਪਈ। ਮੁਨੀਰ ਨੇ ਅੰਦਰ

ਵੜਦਿਆਂ ਸਾਨੂੰ ਵੀ ਅੰਦਰ ਆਉਣ ਲਈਕਿਹਾ। ਉਸ ਨੇ ਦੂਜਾ ਪੱਲਾ ਵੀ ਖੋਲ੍ਹ ਦਿੱਤਾ ਤੇ ਮੁਸਕੁਰਾ ਕੇ ਸਾਰਿਆਂ ਨੂੰ ਸਲਾਮਾ ਲੇਕੁਮ ਕਿਹਾ। ਵਾਰੀ ਵਾਰੀ ਸਾਰਿਆਂ ਨਾਲ ਹੱਥ ਮਿਲਾਇਆ।

ਉਸ ਨੇ ਬੜੇ ਸਲੀਕੇਵਾਲਾ ਉਮਾਨੀ ਲਿਬਾਸ ਪਾਇਆ ਹੋਇਆ ਸੀ। ਤੰਗ ਮੋਹਰੀ ਦੀ ਹਰੀ ਕਢਾਈ ਕੀਤੀ ਹੋਈ ਸਲਵਾਰ, ਚਿੱਟੀ ਕਢਾਈ ਵਾਲੀ ਜਨਾਨਾਂ ਕਮੀਜ ਪੂਰੀਆਂ ਬਾਹਾਂ ਵਾਲੀ ਤੇ ਸਿਰ ਉਤੇ ਕਾਲੀ ਜਾਲੀ ਬੰਨ ਕੇ ਹਰੇ ਰੰਗ ਦਾ ਗੋਟੇ ਵਾਲਾ ਦੁਪੱਟਾ ਲਿਆ ਹੋਇਆ ਸੀ। ਗੋਰੇ ਰੰਗ ਤੇ ਹਸਮੁੱਖ ਚਿਹਰੇ ਨਾਲ ਉਹ ਬਹੁਤ ਫੱਬ ਰਹੀ ਸੀ।

ਉਸ ਹਸੀਨ ਨਾਜ਼ੁਕ ਚੀਜ਼ ਦਾ ਨਾਮ ਆਸ਼ਾ ਅਲਹਰਥੀ ਦੱਸਿਆ ਗਿਆ। ਉਸ ਦੀ ਉਮਰ 20-21 ਸਾਲ ਦੀ ਲਗਦੀ ਸੀ। ਉਸ ਨੇ ਅੱਗੇ ਹੋ ਕੇ ਸਾਨੂੰ ਸਿਟਿੰਗ ਰੂਮ ਵਿਚ ਬੈਠਣਲਈ ਕਿਹਾ। ਸਿਟਿੰਗ ਰੂਮ ਵਿਚ ਸਾਰੇ ਉਮਾਨੀ ਘਰਾਂ ਵਾਂਗ ਹੀ ਗਲੀਚਾ ਵਿਛਿਆ ਹੋਇਆ ਸੀ ਤੇ ਦੀਵਾਰ ਨਾਲ ਗੋਲ ਤਕੀਏ ਰੱਖੇ ਹੋਏ ਸਨ। ਉਮਾਨ ਵਿਚ ਜ਼ਮੀਨ ਉਤੇ ਹੀ ਬੈਠਣ ਦਾ ਰਿਵਾਜ਼ ਹੈ। ਇਹ ਲੋਕ ਜੁੱਤੀ ਲਾਹ ਕੇ, ਬੀਰ ਆਸਣ ਨਾਲ ਜਾਂ ਚੌਕੜੀ ਮਾਰ ਕੇ ਬੈਠਦੇ ਹਨ। ਇਸੇ ਕਰਕੇ ਇਹ ਜ਼ਿਆਦਾ ਚੱਪਲ ਹੀ ਪਾਉਂਦੇ ਹਨ। ਆਸ਼ਾ ਨੇ ਵੀ ਮੁਨੀਰ ਨੂੰ ਸਾਡੇ ਬਾਰੇ ਪੁੱਛਿਆ ਤਾਂ ਮੁਨੀਰ ਨੇ ਦੱਸਿਆ ਕਿ ਇਹ ਮੇਰੇ ਰਫੀਕ ਹਨ (ਪਹਿਚਾਣ ਵਾਲੇ) ਥੋਹੜਾ ਚਿਰ ਹੀ ਹੋਇਆ ਇਥੇ ਆਇਆਂ ਨੂੰ ਅਜ ਹੀ ਮੈਨੂੰ ਮਿਲਣ ਆਏ ਹਨ। ਆਸ਼ਾ ਨੂੰ ਥੋਹੜੀ ਥੋਹੜੀ ਉਰਦੂ ਆਉਂਦੀ ਸੀ, ਇਹ ਡਾਕਟਰ ਮੁਨੀਰ ਦੀ ਮਿਹਰਬਾਨੀ ਸੀ। ਉਹ ਬੈਠੀ ਗੱਲਾਂ ਕਰ ਰਹੀ ਸੀ।

ਮੈਂ ਡਾਕਟਰ ਨੂੰ ਪੁੱਛਿਆ ਕਿ ਨਾਮ ਆਸ਼ਾ ਹੈ ਜਾਂ ਆਇਸ਼ਾ। ਮੇਰੀ ਗੱਲ ਸੁਣ ਕੇ ਆਸ਼ਾ ਬੁਲਾਂ 'ਚ ਮੁਸਕੁਰਾਈ। ਉਸ ਨੇ ਦੱਸਿਆ ਕਿ ਜਦੋਂ ਉਹ ਪੈਦਾ ਹੋਣ ਵਾਲੀ ਸੀ ਤਾਂ ਉਸਦੇ ਮਾਂ ਬਾਪ ਅਜਮੇਰ ਸ਼ਰੀਫ ਦੀ ਜਿਆਮਤ ਤੇ ਗਏ ਸਨ। ਉਥੇ ਜਾ ਕੇ ਮਾਂ ਨੂੰ ਕੁਝ ਤਕਲੀਫ ਹੋ ਗਈ ਉਥੇ ਹਸਪਤਾਲ ਦਿਖਾਇਆ ਗਿਆ। ਜਿਸ ਡਾਕਟਰ ਨੇ ਮੇਰੀ ਮਾਂ ਦਾ ਟ?ਰੀਟਮੈਂਟ ਕੀਤਾ ਉਸ ਦਾ ਨਾਂਅ ਆਸ਼ਾ ਸੀ। ਮੈਂ ਤੇ ਮੇਰੀ ਮਾਂ ਦੋਵੇਂ ਠੀਕ ਸਾਂ ਇਸ ਵਿਚ ਡਾਕਟਰ ਆਸ਼ਾ ਨੇ ਬਹੁਤ ਮਿਹਨਤ ਕੀਤੀ ਸੀ ਇਸ ਕਰਕੇ ਮੇਰੀ ਮਾਂ ਨੇ ਮੇਰਾ ਨਾਮ ਆਸ਼ਾ ਰੱਖਿਆ।

ਬਾਹਰ ਦਰਵਾਜ਼ਾ ਖੜਕਣ ਦੀ ਆਵਾਜ ਆਈ ਤਾਂ ਆਸ਼ਾ ਉਠ ਕੇ ਦਰਵਾਜ਼ਾ ਖੋਲ੍ਹਣ ਚਲੇ ਗਈ। ਦਰਵਾਜ਼ਾ ਖੁੱਲ੍ਹਾ ਤਾਂ ਇਕ ਬੇਢੱਬਾ ਜਿਹਾ ਆਦਮੀ ਦਾਖਲ ਹੋਇਆ, ਸਾਨੂੰ ਸਾਹਮਣੇ ਖੁਲ੍ਹੇ ਦਰਵਾਜੇ ਵਿਚ ਦੀ ਦਿਸ ਰਿਹਾ ਸੀ। ਉਹ ਵੀ ਸਿੱਧਾ ਬੈਠਕ ਵਿਚ ਆ ਗਿਆ ਤੇ ਸਾਰਿਆਂ ਨਾਲ ਹੱਥ ਮਿਲਾ ਕੇ ਮੁਨੀਰ ਕੋਲ ਬੈਠ ਕੇ ਗੱਲਾਂ ਕਰਨ ਲੱਗਾ। ਸ਼ਾਇਦ ਉਹ ਸਾਡੇ ਬਾਰੇ ਪੁੱਛ ਰਿਹਾ ਸੀ।

ਐਨੇ ਨੂੰ ਆਸ਼ਾ ਕਾਹਵੇ ਵਾਲਾ ਥਾਲ ਚੁੱਕੀ ਅੰਦਰ ਆਈ। ਉਸਨੇ ਇਕ ਵੱਡੇ ਸਾਰੇ ਥਾਲ ਵਿਚ ਇਕ ਬਹੁਤ ਹੀ ਵਧੀਆ ਸੁਨਿਹਰੀ ਰੰਗ ਦੀ ਜਿਵੇਂ ਗੋਲਡ ਪਲੇਟਡ ਹੋਵੇ, ਸਾਕੀ ਨੁਮਾਂ ਥਰਮੋਸ ਰੱਖੀ ਹੋਈ ਸੀ । ਉਸ ਦੇ ਨਾਲ ਪੰਜ ਛੇ ਛੋਟੀਆਂ ਛੋਟੀਆਂ ਕੱਪੀਆਂ ਸਨ ਚੀਨੀ ਦੀਆਂ। ਥਾਲ ਦੇ ਇਕ ਪਾਸੇ ਕੰਢੇ ਤੇ ਕੋਈ ਕਿਲੋ ਭਰ ਮਸਾਲੇਦਾਰ ਖਜੂਰਾਂ ਦਾ ਢੇਰ ਬੜੇ ਸਲੀਕੇ ਨਾਲ ਲਾਇਆ ਹੋਇਆ ਸੀ। ਪੰਜ ਛੇ ਮੁਸੱਮੀਆਂ ਕੱਟ ਕੇ ਰੱਖੀਆਂ ਹੋਈਆਂ ਸਨ। ਇਕ ਪਾਸੇ ਦੇਸੀ ਘਿਉ ਦਾ ਖਜੂਰਾਂ ਦਾ ਹਲਵਾ ਪਿਆ ਸੀ।

ਆਸ਼ਾ ਨੇ ਉਸ ਆਏ ਆਦਮੀ ਨੂੰ ਕੁਝ ਕਿਹਾ ਤੇ ਉਸ ਨੇ ਡਾਕਟਰ ਨੂੰ । ਡਾਕਟਰ ਨੇ ਥਾਲ ਥੋਹੜਾ ਜਿਹਾ ਸਾਡੇ ਵੱਲ ਖਿਸਕਾ ਦਿੱਤਾ। ਲਉ ਸਰਦਾਰੋ, ਦੇਖੋ ਆਸ਼ਾ ਦੇ ਬਣਾਏ, ਦੇਸੀ ਘੇ 'ਚ ਖਜੂਰਾਂ ਦੇ ਹਲਵੇ ਦਾ ਸਵਾਦ। ਉਸ ਦੇ ਕਹਿਣ ਤੇ ਅਸੀਂ ਸੋਚਣ ਲਗ ਪਏ ਕਿ ਇਸਨੂੰ ਖਾਧਾ ਕਿਵੇਂ ਜਾਵੇ ਕਿਉਂਕਿ ਨਾਂ ਤਾਂ ਕੋਈ ਚਮਚਾ ਸੀ ਤੇ ਨਾਂ ਹੀ ਕੋਈ ਪਲੇਟ। ਸ਼ਾਇਦ ਡਾਕਟਰ ਨੇ ਸਾਡੀ ਔਖ ਨੂੰ ਮਹਿਸੂਸ ਕੀਤਾ। ਉਸ ਨੇ ਪਹਿਲ ਕਰਕੇ ਹੱਥ ਨਾਲ ਹੀ ਇਕ ਪਾਸੇ ਤੋਂ ਥੋੜ੍ਹਾ ਜਿਹਾ ਹਲਵਾ ਦੋ ਉਂਗਲਾਂ ਤੇ ਅੰਗੂਠੇ ਦੀ ਮਦਦ ਨਾਲ ਚੁੱਕਿਆ ਤੇ ਮੂੰਹ 'ਚ ਪਾ ਲਿਆ। ਅਸੀਂ ਵੀ ਉਸੇ ਤਰ੍ਹਾਂ ਉਸ ਦੇ ਮਗਰ ਹੋ ਤੁਰੇ।

ਫਿਰ ਉਸ ਆਦਮੀ ਨੇ ਇਕ ਖਜੂਰ ਚੁੱਕੀ, ਤੇ ਉਸ ਨੂੰ ਆਪਣੀਆਂ ਦੋ ਉਂਗਲਾਂ ਅਤੇ ਅੰਗੂਠੇ ਦੀ ਮਦਦ ਨਾਲ ਮਲ ਮਲ ਕੇ ਉਸ ਵਿਚੋਂ ਗਿਟਕ ਕੱਢ ਦਿੱਤੀ ਤੇ ਇਕ ਪਾਸੇ ਥਾਲਵਿਚ ਰੱਖ ਦਿੱਤੀ। ਖਜੂਰ ਦਾ ਗੁੱਦਾ ਖਾ ਲਿਆ। ਉਸ ਨੇ ਫਿਰ ਉਸੇ ਤਰ੍ਹਾਂ ਕੀਤਾ। ਪਰ ਸਾਡੇ ਕੋਲੋਂ ਇੰਝ ਨਹੀਂ ਹੋਇਆ ਕਿਉਂਕਿ ਸਾਨੂੰ ਅਜਿਹਾ ਅਭਿਆਸ ਨਹੀਂ ਸੀ। ਮੈਂ ਉਥੇ ਪਿਆ ਇਕ ਟੀਸ਼ੂ ਪੇਪਰ ਚੁੱਕਿਆ ਖਜੂਰ ਨੂੰ ਦੰਦੀ ਵੱਢੀ ਤੇ ਗਿਟਕ ਟੀਸੂ ਪੇਪਰ ਵਿਚ ਰਖ ਲਈ। ਮੇਰੀ ਰੀਸੇ ਮੇਜਰ ਤੇ ਬਲਦੇਵ ਨੇ ਵੀ ਇਸੇ ਤਰ੍ਹਾਂ ਕੀਤਾ।

ਫਿਰ ਆਸ਼ਾ ਨੇ ਕਾਹਵੇ ਦੀਆਂ ਪਿਆਲੀਆਂ ਊਣੀਆਂ ਜਿਹੀਆਂ ਕਰਕੇ, ਪਹਿਲਾਂ ਮੁਨੀਰ ਨੂੰ ਤੇ ਫਿਰ ਸਾਨੂੰ ਦੇ ਕੇ ਬਾਅਦ ਵਿਚ ਆਪਣੇ ਆਦਮੀ ਨੂੰ ਦੇ ਕੇ ਖੁਦ ਪੀਤਾ। ਮੈਂ ਨੋਟ ਕੀਤਾ ਕਿ ਮੁਨੀਰ ਨੇ ਤੇ ਉਸ ਆਦਮੀ ਨੇ ਇਕ ਵਾਰ ਕਾਹਵਾ ਪੀ ਕੇ ਪਿਆਲੀ ਫਿਰ ਅਗਾਂਹ ਕਰ ਦਿੱਤੀ। ਕਾਹਵਾ ਭਾਵੇਂ ਸੁਆਦ ਸੀ ਪਰ ਅਸੀਂ ਇਕੋ ਇਕ ਵਾਰੀ ਲਿਆ ਤੇ ਕੱਪ ਥਾਲ ਕੋਲ ਰੱਖ ਦਿੱਤੇ। ਪਰ ਮੁਨੀਰ ਹੁਰਾਂ ਨੇ ਦੁਬਾਰਾ ਕੱਪ ਅਗਾਂਹ ਨਹੀਂ ਕੀਤਾ। ਸਗੋਂ = ਡੁੱਗਡੁਗੀ ਵਾਂਗ ਹਿਲਾਇਆ, ਆਸ਼ਾ ਨੇ ਪਾਣੀ ਵਾਲਾ ਤਸਲਾ ਅਗਾਂਹ ਕਰ ਦਿੱਤਾ, ਉਨ੍ਹਾਂ ਨੇ ਕੱਪ ਉਸ ਤਸਲੇ ਵਿਚ ਰੱਖ ਦਿੱਤੇ। ਉਨਾਂ ਵਲ ਦੇਖ ਕੇ ਅਸੀਂ ਵੀ ਆਪਣੇ ਕੱਪ ਤਸਲੇ ਵਿਚ ਰੱਖ ਦਿੱਤੇ। ਕੱਪ ਜ਼ਮੀਨ ਤੇ ਰੱਖਣ ਨੂੰ ਇਹ ਲੋਕ ਬੁਰਾ ਮੰਨਦੇ ਹਨ। ਅਸੀਂ ਉਠਣ ਲੱਗੇ ਤਾਂ ਮੈਂ ਮੁਨੀਰ ਨੂੰ ਕਿਹਾ ਕਿ ਹਲਵਾ ਤੇ ਕਾਹਵਾ ਵਾਕਿਆ ਹੀ ਸੁਆਦ ਸੀ। ਮੈਂ ਆਸ਼ਾ ਦਾ ਧੰਨਵਾਦ ਕੀਤਾ। ਮੁਨੀਰ ਨੇ ਮੇਰੀ ਕਹੀ ਗਲ ਆਸ਼ਾ ਤੱਕ ਪਹੁੰਚਾਈ। ਅਸੀਂ ਵਾਪਸ ਜਾਣ ਲਈ ਉਠੇ ਤਾਂ ਆਸ਼ਾ

ਨੱਠ ਕੇ ਅੰਦਰ ਚਲੀ ਗਈ ਤੇ ਇਕ ਲਫਾਫੇ ਵਿਚ ਹਲਵਾ ਤੇ ਖਜ਼ੂਰਾਂ ਲੈ ਕੇ ਆਈ। ਉਸ ਨੇ ਮੁਨੀਰ ਦੇ ਜ਼ਰੀਏ ਉਹ ਸਾਨੂੰ ਦਿੱਤਾ।

ਸਰਦਾਰੋ ਤੁਸੀਂ ਤਾਂ ਪਹਿਲੇ ਦਿਨ ਹੀ ਮੋਰਚਾ ਮਾਰ ਲਿਆ। ਉਹ ਦੋਵੇਂ ਸਾਨੂੰ ਦਰਵਾਜੇ ਤੱਕ ਛੱਡਣ ਆਏ। ਪਰ ਦੁਬਾਰਾ ਆਉਣ ਲਈ ਰਹਿਣਾ ਨਾ ਭੁੱਲੋ। ਅਸੀਂ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਦੁਬਾਰਾ ਆਉਣ ਦਾ ਵਾਅਦਾ ਵੀ।

ਡਾਕਟਰ ਤੂੰ ਤਾਂ ਯਾਰ ਬੜਾ ਤਕੜਾ ਮੋਰਚਾ ਸਾਂਭ ਕੇ ਬੈਠਾ। ਅਸੀਂ ਡਾਕਟਰ ਨਾਲ ਕਾਫੀ ਖੁੱਲ੍ਹ ਚੁੱਕੇ ਸਾਂ। ਇਹ ਕਿਹਦੀ ਅੰਗੂਠੀ ਦਾ ਨਗ ਹੈ? ਮੈਂ ਡਾਕਟਰ ਨੂੰ ਪੁੱਛਿਆ।

ਇਹ ਤਾਂ ਸਾਨੂੰ ਡਾਕਟਰ ਹੁਰਾਂ ਦੀ ਹੀ ਦੂਜੀ ਅੰਗੂਠੀ ਦਾ ਨਗ ਲਗਦਾ, ਜਿਹੜੀ ਇਨ੍ਹਾਂ ਨੇ ਪਾਈ ਹੋਈ ਨਹੀਂ। ਮੈਨੂੰ ਦੋਹਾਂ ਦੀ ਆਵਾਜ਼ ਇਕੋ ਵੇਲੇ ਸੁਣੀ, ਮੇਜਰ ਤੇ ਬਲਦੇਵ ਡਾਕਟਰ ਵੱਲ ਦੇਖ ਰਹੇ ਸਨ।

ਉ ਨਈ ਸਰਾਦਰੋ ਐਵੇਂ ਨਾ ਮੇਰਾ । ਡਾਕਟਰ ਨੇ ਗਲ ਵਿਚੇ ਛੱਡ ਦਿੱਤੀ। ਨਾਂ ਇਹ ਹੈ ਕੀ ਚੀਜ਼ ? ਬਲਦੇਵ ਨੂੰ ਧੁੜਕੂ ਲੱਗਾ ਹੋਇਆ ਸੀ।

ਇਹ ਮੀਆਂ ਬੀਵੀ ਇਥੇ ਹਸਪਤਾਲ 'ਚ ਹੀ ਕੰਮ ਕਰਦੇ ਨੇ। ਆਸ਼ਾ ਨਰਸ ਦੀ ਹੈਲਪਰ ਹੈ, ਮੀਆਂ ਲੈਬੋਰਟਰੀ 'ਚ ਅਸਿਸਟੈਂਟ।

ਹੈਂ ? ਸਾਡੇ ਤਿੰਨਾਂ ਦੇ ਮੂੰਹੋਂ ਇਕੋ ਵਾਰ ਨਿਕਲਿਆ। ਇਹ ਇਸ ਦਾ ਖਾਬੰਦ ਹੈ ? ਯਾਰ ਰੱਬ ਵੀ ਕੀ ਦੇਖਦਾ, ਐਡੀ ਸੋਹਣੀ ਕੁੜੀ ਤੇ ਉਹ ਡਿਢਲ ਜਿਹਾ ਕਿਸੇ ਪਾਸਿਓਂ ਵੀ ਉਸਦੇ ਮੇਚ ਦਾ ਨਹੀਂ। ਮੈਂ ਅਫਸੋਸ ਜਾਹਰ ਕੀਤਾ।

ਅਗਲੇ ਨੇ ਪੈਸੇ ਦਿੱਤੇ ਆ ਬਈ। ਅਗਲੇ ਕੋਲ ਪੈਸੇ ਸਨ, ਉਸ ਨੇ ਖਰੀਦ ਲਈ। ਇਦ੍ਹੇ 'ਚ ਤੈਨੂੰ ਅਫਸੋਸ ਕਰਨ ਦੀ ਕੀ ਲੋੜ ਸੀ। ਬਲਦੇਵ ਨੇ ਮੈਨੂੰ ਜੁਆਬ ਦਿੱਤਾ।

ਗੱਲਾਂ ਕਰਦਿਆਂ ਤੇ ਤੁਰੇ ਆਉਂਦਿਆਂ ਪਤਾ ਹੀ ਨਾ ਲੱਗਾ ਕਦੋ ਹਸਪਤਾਲ ਪਹੁੰਚ ਗਏ ਅੱਛਾ ਡਾਕਟਰ ਸਾਬ੍ਹ ਹੁਣ ਸਾਨੂੰ ਇਜ਼ਾਜ਼ਤ ਦਿਉ। ਬਹੁਤ ਵਧੀਆਂ ਟਾਇਮ ਲੰਘ ਗਿਆ। ਤੁਹਾਡਾ ਬਹੁਤ ਬਹੁਤ ਧੰਨਵਾਦ। ਹੁਣ ਟਾਇਮ ਵੀ ਕਾਫੀ ਹੋ ਗਿਆ। ਬਤੀਆਂ ਜਗ ਪਈਆਂ ਹਨ।

ਕਿੱਥੇ ਨੂੰ ਇਜ਼ਾਜ਼ਤ ਬਈ, ਡਾਕਟਰ ਰਾਹ ਰੋਕ ਖੜੋ ਗਿਆ। ਹੁਣ ਚਲੀਏ ਆਪਣੇ ਡੇਰੇ, ਮੈਂ ਕਿਹਾ।

ਇਹ ਵੀ ਤਾਂ ਤੁਹਾਡਾ ਹੀ ਡੇਰਾ, ਨਾਲੇ ਮੈਂ ਜਿਹੜੀ ਸਵੇਰ ਦੀ ਹਾਂਡੀ ਚਾੜ੍ਹ ਕੇ ਬੈਠਾ ਤੁਹਾਡੇ ਵਾਸਤੇ,ਉਸਦਾ ਕੀ ਕਰਨਾ। ਦੁਪਹਿਰਾ ਤੁਸੀਂ ਲੰਘਾ ਆਏ ਤੇ ਹੁਣ ਜਾਣ ਲਈ ਕਹਿੰਦੇ ਹੋ, ਇਹ ਯਰਾਨਾ ਥੋੜ੍ਹੀ ਹੋਇਆ। ਇੰਝ ਨਹੀਂ ਹੋਣਾ, ਉਹ ਘੇਰ ਕੇ ਸਾਨੂੰ ਹਸਪਤਾਲ ਲੈ ਗਿਆ।

'ਸਾਨੂੰ ਉਸ ਨੇ ਜਾ ਕੇ ਸਿਟਿੰਗ ਰੂਮ ਵਿਚ ਬਿਠਾਇਆ ਤੇ ਆਪ ਕੱਪੜੇ ਬਦਲਣ ਦੂਜੇ ਕਮਰੇ 'ਚ ਚਲੇ ਗਿਆ। ਦੋ ਕੁ ਮਿੰਟਾਂ 'ਚ ਹੀ ਉਹ ਤਹਿਮਤ ਲਾਈ ਸਾਡੇ ਸਾਹਮਣੇ ਸੀ।

ਹਾਂ ਬਈ ਸਰਦਾਰੋ, ਹੁਣ ਕੀ ਖਾਉਗੇ, ਮੁਰਗਾ-ਮਟਨ ਜਾਂ ਉਸਦੀ ਗਲ ਪੂਰੀ ਹੋਣ ਤੋਂ ਪਹਿਲਾਂ ਹੀ ਮੈਂ ਪੁੱਛਿਆ, ਤੁਸੀਂ ਹਾਂਡੀ ਕਾਹਦੀ ਚਾੜ੍ਹੀ ਸੀ ?

ਹਾਂਡੀ ਤਾਂ ਤੁਕਾਂਡੀ ਸਰਦਾਰਾਂ ਵਾਲੀ, ਜੋ ਗੁਰਦੁਆਰਿਆਂ 'ਚ ਬਣਦੀ ਹੈ, ਮਾਂਹ ਛੋਲਿਆਂ ਦੀ ਦਾਲ।

ਕਮਾਲ ਹੋ ਗਈ ਡਾਕਟਰ ਜੀ, ਜੇ ਗੁਰਦੁਆਰੇ ਵਾਲੀ ਹਾਂਡੀ ਹੈ ਤਾਂ ਹੋਰ ਕੀ ਚਾਹੀਦਾ, ਲੈ ਆਉ ਫਟਾ ਫਟ। ਮੇਜਰ ਗਲ ਬੋਚ ਕੇ ਥੱਲੇ ਨਾ ਲੱਗਣ ਦਿੱਤੀ। ਮੈਂ ਮੇਜਰ ਤੇ ਬਲਦੇਵ ਨੂੰ ਕਿਹਾ ਉਠੋ ਯਾਰੋ ਕੀ ਸੋਚਦੇ ਹੋ ਆਪਣਾ ਹੀ ਘਰ ਹੈ, ਵੜ ਜਾਉ ਟੁੱਟ ਕੇ ਰਸੋਈ ਵਿਚ। ਰਸੋਈ ਵੀ ਕੀ ਯਾਦ ਕਰੂ ਕਿ ਕਿਹੜੇ ਸਰਦਾਰਾਂ ਨਾਲ ਵਾਹ ਪੈ ਗਿਆ, ਜਿਹੜੇ ਗਲ ਈ ਥੱਲੇ ਨਹੀਂ ਲੱਗਣ ਦਿੰਦੇ। ਉਹ ਦੋਵੇਂ ਬਾਹਾਂ ਚਾੜ੍ਹ ਕੇ ਮਨੀਰ ਦੇ ਪਿੱਛੇ-ਪਿੱਛੇ ਰਸੋਈ 'ਚ ਜਾ ਵੜੇ। ਡਾਕਟਰ ਸਾਬ੍ਹ ਦਿਖਾਉ ਇਨ੍ਹਾਂ ਨੂੰ ਆਟਾ, ਗੁੰਨ ਕੇ ਵਿਖਾਉਣ ਉਸ ਨੂੰ ਦੋ ਹੱਥ।

ਵੀਹ ਕੁ ਮਿੰਟ ਲੱਗੇ ਰੋਟੀ ਬਣ ਕੇ ਤਿਆਰ ਹੋ ਗਈ। ਮੁਨੀਰ ਨੇ ਤਿੰਨੇ ਹਾਂਡੀਆਂ ਗਰਮ ਕਰਕੇ ਮੇਜ ਉੱਤੇ ਰੱਖ ਦਿੱਤੀਆਂ। ਮੇਜਰ ਨੇ ਥੋਹੜਾ ਜਿਹਾ ਮੂੰਹ ਵਟਿਆ।

ਦੇਖ ਮਿੱਤਰਾ, ਆਪਾਂ ਪਰਦੇਸ ਵਿਚ ਹਾਂ, ਇਥੇ ਕਈ ਕੁਝ ਆਪਾਂ ਨੂੰ ਦੇਖਣਾ ਤੇ ਸਹਿਣਾ ਪੈਣਾ ਹੈ। ਥੋਹੜਾ ਜਿਹਾ ਆਪਣੇ ਆਪ ਨੂੰ ਤੇ ਆਪਣੀ ਸੋਚ ਨੂੰ ਖੁੱਲ੍ਹਾ ਕਰ। ਅਸੀਂ ਤੇਰੀਆਂ ਭਾਵਨਾਵਾਂ ਨੂੰ ਸਮਝਦੇ ਹਾਂ। ਅਸੀਂ ਵੀ ਇਨ੍ਹਾਂ ਚੀਜ਼ਾਂ ਦੇ ਆਦੀ ਨਹੀਂ। ਨਾਂ ਤਾਂ ਸਾਡੇ ਦਿਲ ਵਿਚ ਇਨ੍ਹਾਂ ਚੀਜ਼ਾਂ ਵਾਸਤੇ ਉਤਸ਼ਾਹ ਹੈ ਤੇ ਨਾ ਹੀ ਕੋਈ ਘ੍ਰਿਣਾ। ਦੁਨੀਆਂ ਦੀ ਆਬਾਦੀ ਦਾ ਪੰਜਵਾਂ ਹਿੱਸਾ ਤਾਂ ਪੱਕੇ ਤੌਰ ਤੇ ਮਾਸਾਹਾਰੀ ਹੈ ਤੇ ਬਾਕੀ ਦੁਨੀਆਂ ਰਲੀ ਮਿਲੀ। ਮੇਰੀ ਗੱਲ ਸੁਣਦਿਆਂ ਉਸਨੇ ਪਲੇਟ ਵਿਚ ਦਾਲ ਪਾਈ ਤੇ ਰੋਟੀ ਰੱਖ ਕੇ, ਮਾੜਾ ਜਿਹਾ ਪਾਸਾ ਵੱਟ ਕੇ ਰੋਟੀ ਖਾਣ ਲੱਗ ਪਿਆ।

ਅਸੀਂ ਰੋਟੀ ਖਾ ਕੇ ਹਟੇ ਹੀ ਸੀ ਕਿ ਡਾਕਟਰ ਦਾ ਇਕ ਦੋਸਤ ਗੱਡੀ ਲੈ ਕੇ ਆ ਗਿਆ।

ਆ ਵਈ ਗੋਰੀ - ਬੜਾ ਮੌਕੇ ਸਿਰ ਆਇਆਂ, ਕੀ ਖਾਏਂਗਾ ਕੀ ਪੀਏਂਗਾ। ਕੁਝ ਨਈਂ ਆਕਾ ਮੈਂ ਟੈਂਕੀ ਫੁੱਲ ਕਰਕੇ ਆਇਆਂ। ਚੰਗਾ ਫਿਰ ਪਹਿਲਾਂ ਇਨ੍ਹਾਂ ਸਰਦਾਰਾਂ ਨੂੰ ਛੱਡਿਆ 'ਇਜ਼' ਫਿਰ ਬਹਿ ਕੇ ਗੱਲਾਂ ਮਾਰਾਂਗੇ। ਉਹ ਉਸੇ ਵੇਲੇ ਤੁਰ ਪਿਆ। ਰਾਤ ਦਸ ਵਜ ਹਟੇ ਸਨ ਜਦੋਂ ਅਸੀਂ ਆਪਣੇ ਰੂਮ ਵਿਚ ਪਹੁੰਚੇ।

# ਸਰ ਆਈਜ਼ਕ ਨਿਊਟਨ

ਡਾ. ਹਰੀਸ਼ ਮਲਹੋਤਰਾ

ਸਰ ਆਈਜ਼ਕ ਨਿਊਟਨ ਦਾ ਜਨਮ 25 ਦਸੰਬਰ 1642 ਨੂੰ ਇੰਗਲੈਂਡ ਦੇ ਸ਼ਹਿਤ ਵਲਜ਼ਥਾਰਪ ਵਿਚ ਹੋਇਆ। ਉਹਦਾ ਪਿਤਾ ਉਸ ਦੇ ਜੰਮਣ ਤੋਂ ਪਹਿਲਾਂ ਹੀ ਚਲਾਣਾ ਕਰ ਗਿਆ ਸੀ। ਤਿੰਨ ਸਾਲ ਦੀ ਉਮਰ ਤਕ ਉਸ ਦੀ ਮਾਂ ਉਸ ਨੂੰ ਪਾਲਦੀ ਰਹੀ। ਫੇਰ ਉਸ ਦੂਜੀ ਸ਼ਾਦੀ ਕਰ ਲਈ ਅਤੇ ਬੱਚੇ ਨਿਊਟਨ ਨੂੰ ਉਸ ਦੀ ਦਾਦੀ ਦੇ ਹਵਾਲੇ ਕਰ ਦਿੱਤਾ। ਬਿਰਧ ਦਾਦੀ ਬੱਚੇ ਨਾਲ ਬਹੁਤ ਲਾਡ ਪਿਆਰ ਕਰਦੀ ਸੀ, ਇਸ ਕਰਕੇ ਨਿਊਟਨ ਪੜ੍ਹਾਈ ਵਿਚ ਕਮਜ਼ੋਰ, ਸਰੀਰ ਪੱਖੋਂ ਮਾੜੂਆ ਜਿਹਾ ਅਤੇ ਸੁਭਾਅ ਵੱਲੋਂ ਸ਼ਰਮਾਊ ਜਿਹਾ ਬਣ ਗਿਆ।

1654 ਵਿਚ ਉਹਨੂੰ ਗਰੈਲਸ ਦੇ ਗਰੈਮਰ ਸਕੂਲ ਵਿਚ ਦਾਖਲ ਕਰਾਇਆ ਗਿਆ। ਉਥੇ ਵੀ ਉਹ ਨਾ ਪੜ੍ਹਾਈ ਵਿਚ ਚਮਕਿਆ ਅਤੇ ਨਾ ਹੀ ਸਰੀਰਕ ਤੌਰ ਤੇ ਤਕੜਾ ਹੋਇਆ। ਬਾਕੀ ਜਮਾਤੀਆਂ ਨਾਲ ਵੀ ਉਹਦਾ ਮੇਲ ਨਹੀਂ ਸੀ।

ਇਕ ਹੋਰ ਲੜਕਾ ਸਰੀਰਕ ਤੌਰ ਤੇ ਤਕੜਾ ਸੀ ਅਤੇ ਦੂਜਿਆਂ ਲੜਕਿਆਂ ਨੂੰ ਕੁੱਟਦਾ ਰਹਿੰਦਾ ਸੀ। ਇਕ ਦਿਨ ਉਹ ਨਿਊਟਨ ਦੇ ਗਲ ਆ ਪਿਆ। ਦੋਵੇਂ ਗੁੱਥਮ-ਗੁੱਥਾ ਹੋ ਪਏ। ਦੇਖਣ ਵਾਲਿਆਂ ਨੂੰ ਬੜੀ ਹੈਰਾਨੀ ਹੋਈ ਜਦ ਨਿਊਟਨ ਨੇ ਉਸ ਨੂੰ ਧੜੱਲ ਕਰਕੇ ਧਰਤੀ ਉਤੇ ਪਟਕਾ ਦਿੱਤਾ। ਇਸ ਨਾਲ ਨਿਊਟਨ ਦਾ ਸਾਥੀਆਂ ਉਤੇ ਰੁਹਬ ਪੈ ਗਿਆ ਅਤੇ ਉਸ ਨੂੰ ਵੀ ਆਪਣੇ ਆਪ ਉਤੇ ਸਵੈ-ਵਿਸ਼ਵਾਸ ਹੋ ਗਿਆ। ਇਸ ਗੱਲ ਨੇ ਨਿਊਟਨ ਦੇ ਜੀਵਨ ਵਿਚ ਮੋੜ ਲੈ ਆਂਦਾ। ਪੜ੍ਹਾਈ ਵਿਚ ਵੀ ਉਹ ਦਿਲਚਸਪੀ ਲੈਣ ਲੱਗ ਪਿਆ ਅਤੇ ਇਕ ਸਾਲ ਵਿਚ ਉਹ ਆਪਣੀ ਜਮਾਤ ਵਿਚੋਂ ਅੱਵਲ ਨੰਬਰ ਤੇ ਆ ਗਿਆ।

1656 ਵਿਚ ਉਸ ਦੀ ਮਾਂ ਦੂਜੀ ਵਾਰ ਵਿਧਵਾ ਹੋ ਗਈ। ਉਹਨਾਂ ਦਾ ਗੁਜ਼ਾਰਾ ਜ਼ਮੀਨ ਤੇ ਸੀ, ਇਸ ਲਈ ਮਾਂ ਨੇ ਨਿਊਟਨ ਨੂੰ ਪੜ੍ਹਾਈ ਛੁਡਾ ਕੇ ਵਾਹੀ ਦੇ ਕੰਮ ਵਿਚ ਲਾ ਦਿੱਤਾ।

ਨਿਊਟਨ ਨੂੰ ਹਿਸਾਬ ਦੇ ਮਜ਼ਮੂਨ ਵਿਚ ਕੁਝ ਦਿਲਚਸਪੀ ਹੋ ਗਈ ਅਤੇ ਉਹ ਜ਼ਮੀਨ ਦੀ ਵਾਹੀ ਜਾਂ ਡੰਗਰਾਂ ਦੀ ਸੰਭਾਲ ਵਿਚ ਦਿਲਚਸਪੀ ਨਹੀਂ ਸੀ ਲੈਂਦਾ। ਮਾਂ-ਪੁੱਤਰ ਰੁੱਸੇ ਹੀ ਰਹਿੰਦੇ ਸਨ। ਉਸ ਦਾ ਮਾਮਾ ਟਰਿਨੇਟੀ ਕਾਲਜ ਕੈਂਬਰਜ ਦਾ ਮੈਂਬਰ ਸੀ। ਨਿਊਟਨ ਨਾਲ ਗੱਲਬਾਤ ਕਰਕੇ ਉਸ ਨੇ ਆਪਣੀ ਭੈਣ ਉੱਤੇ ਜ਼ੋਰ ਪਾਇਆ ਕਿ ਨਿਊਟਨ ਨੂੰ ਪੜ੍ਹਾਇਆ ਜਾਵੇ । 1660 ਵਿਚ ਨਿਊਟਨ ਨੂੰ ਫੇਰ ਸਕੂਲ ਵਿਚ ਦਾਖਲ ਕਰਵਾਇਆ ਗਿਆ। ਪੜ੍ਹਾਈ ਵਿਚ ਉਸ ਚੰਗੀ ਮਿਹਨਤ ਕੀਤੀ ਅਤੇ 1661 ਵਿਚਉਹ ਟਰਿਨੇਟੀ ਕਾਲਜ ਵਿਚ ਦਾਖਲ ਹੋ ਗਿਆ। 1665 ਵਿਚ ਉਸ ਬੀ.ਏ. ਦੀ ਡਿਗਰੀ ਪ੍ਰਾਪਤ ਕਰ ਲਈ। ਇਥੇ ਕਾਲਜ ਵਿਚ ਪੜ੍ਹਦਿਆਂ ਉਸ ਦੇ ਹਿਸਾਬ ਦੇ ਪ੍ਰੋਫੈਸਰ ਬੈਰੋ ਨਾਲ ਚੰਗੇ ਡੂੰਘੇ ਪ੍ਰੇਮ ਦੇ ਸੰਬੰਧ ਬਣ ਗਏ। ਪ੍ਰੋ. ਬੈਰੋ ਨਿਊਟਨ ਦੀ ਹਿਸਾਬ ਦੀ ਲਿਆਕਤ ਉਤੇ ਮੋਹਤ ਹੋ ਗਿਆ ਅਤੇ ਨਿਊਟਨ ਨੂੰ ਉਹਦੇ ਪਾਸੋਂ ਚੰਗੀ ਹੱਲਾ-ਸ਼ੇਰੀ ਮਿਲੀ। ਇਥੇ ਪੜ੍ਹਦਿਆਂ ਬੈਰੋ ਦੀ ਸੰਗਤ ਵਿਚ ਨਿਊਟਨ ਖੂਬ ਚਮਕਿਆ। 1665-66 ਵਿਚ ਉਸ ਨੂੰ ਕਾਲਜੋਂ ਘਰ ਵਾਪਸ ਆਉਣਾ ਪਿਆ ਪਰ ਚੇਟਕ ਉਥੇ ਹੀ ਲਗ ਚੁੱਕੀ ਸੀ। ਇਕ ਦਿਨ ਬਾਗ ਵਿਚ ਟਹਿਲ ਰਿਹਾ ਸੀ ਜਦ ਉਸ ਨੇ ਇਕ ਸੇਬ ਨੂੰ ਦਰੱਖਤ ਨਾਲੋਂ ਟੁੱਟ ਕੇ ਜ਼ਮੀਨ ਉਤੇ ਡਿਗਦਾ ਵੇਖਿਆ। ਬਸ ਵੇਖਦਿਆਂ ਹੀ ਵਿਚਾਰਾਂ ਵਿਚ ਡੁੱਬ ਗਿਆ। ਇਨ੍ਹਾਂ ਸੋਚਾਂ ਵਿਚਾਰਾਂ ਦਾ ਸੱਦਕਾ ਕੁਦਰਤ ਦਾ ਉਹ ਨਿਯਮ ਨਿਕਲਿਆ, ਜਿਸ ਨੂੰ ਮਾਦੇ ਦੀ ਅਕਰੱਸ਼ਣ-ਸ਼ਕਤੀ (LAW OF GRAVITY) ਕਿਹਾ ਜਾਂਦਾ ਹੈ। ਇਹ ਨਿਯਮ ਕੁਝ ਸਾਲ ਬਾਅਦ ਚੰਗੀ ਤਰ੍ਹਾਂ ਵਿਚਾਰਿਆ ਗਿਆ ਅਤੇ 1685-86 ਵਿਚ ਪ੍ਰਕਾਸ਼ਤ ਹੋਇਆ ਸੀ।

1665 ਵਿਚ ਨਿਊਟਨ ਨੇ ਬਾਈਨਾਮੀਅਲ ਥਿਊਰਮ (BINOMIAL THEOREM) ਦੀ ਖੋਜ ਕੀਤੀ।

1666 ਵਿਚ ਇਨਟੇਗਰਲ ਕੈਲਕੂਲੇਸ (INTEGRAL CALCULUS) ਪ੍ਰਕਾਸ਼ਿਤ ਹੋਇਆ।

1667 ਵਿਚ ਉਹ ਕੈਂਬਰਜ਼ ਯੂਨੀਵਰਸਿਟੀ ਦਾ ਫੈਲੋ ਬਣ ਕੇ ਯੂਨੀਵਰਸਿਟੀ ਵਿਚ ਵਾਪਸ ਆ ਗਿਆ। ਕੁੱਝ ਸਾਲ ਉਹ ਪ੍ਰਕਾਸ਼ ਸ਼ਕਤੀ (OPTICS) ਉਤੇ ਖੋਜ ਕਰਦਾ ਰਿਹਾ ਅਤੇ ਇਨ੍ਹਾਂ ਖੋਜਾਂ ਦੇ ਆਧਾਰ 'ਤੇ ਉਸ ਨੇ ਦੂਰਬੀਨ (REFLECTING TELE-SCOPE) ਬਣਾਈ ਅਤੇ ਉਸ ਨਾਲ ਬਰਹਸਪਤ (JUPITER) ਦੇ ਦੁਆਲੇ ਘੁੰਮਦੇ ਚੰਨਾਂ ਨੂੰ ਵੇਖਿਆ।

ਨਿਊਟਨ ਦੀ ਦੂਰਬੀਨ ਦੇ ਸ਼ੀਸ਼ੇ ਦਾ ਅਰਧ-ਵਿਆਸ (RADIUS) 6 ਇੰਚ ਸੀ। ਹੁਣ ਜਿਹੜੀ ਸੰਸਾਰ ਦੀ ਸਭ ਤੋਂ ਵੱਡੀ ਦੂਰਬੀਨ ਪੈਲੋਮਰ (ਕੈਲੀਫੋਰਨੀਆ) ਦੀ ਨਿਰੀਖਣਸ਼ਾਲਾ (OBSERVATORY) ਵਿਚ ਲੱਗੀ ਹੋਈ ਹੈ, ਉਸ ਦੇ ਸ਼ੀਸ਼ੇ ਦਾ ਅਰਧ-ਵਿਆਸ 200 ਇੰਚ ਹੈ। ਉਂਜ ਇਹ ਉਸੇ ਅਸੂਲ ਉਤੇ ਬਣੀ

ਹੋਈ ਹੈ ਜਿਸ ਤੇ ਨਿਊਟਨ ਨੇ ਆਪਣੀ ਪਹਿਲੀ ਦੂਰਬੀਨ ਬਣਾਈ ਸੀ।

ਉਦੋਂ ਹੀ ਨਿਉਟਨ ਨੇ ਰੋਸ਼ਨੀ ਨੂੰ ਵਰੈਕੋਨੀ ਸ਼ੀਸ਼ੇ (PRISM) ਵਿੱਚੋਂ ਲੰਘਾ ਕੇ ਦਸਿਆ ਕਿ ਰੋਸ਼ਨੀ ਸੱਤਾਂ ਰੰਗਾਂ ਦੀ ਬਣੀ ਹੋਈ ਹੈ।

1669 ਵਿਚ ਨਿਊਟਨ ਦੇ ਪ੍ਰੇਮੀ ਪ੍ਰੋਫੈਸਰ ਬੈਰੋ ਨੇ ਅਸਤੀਫਾ ਦੇ ਦਿੱਤਾ ਅਤੇ ਨਿਊਟਨ ਨੂੰ ਉਸ ਦੀ ਥਾਂ ਹਿਸਾਬ ਦਾ ਪ੍ਰੋਫੈਸਰ ਬਣਾਇਆ ਗਿਆ। ਉਸ ਵੇਲੇ ਨਿਊਟਨ ਦੀ ਉਮਰ ਸਿਰਫ 26 ਸਾਲ ਸੀ।

ਨਿਊਟਨ ਦੀ ਦੂਰਬੀਨ ਦੀ ਕਾਢ ਨੇ ਉਸ ਨੂੰ ਸਾਇੰਸ ਦੇ ਹਲਕਿਆ ਵਿਚ ਚੰਗਾ ਉੱਘਾ ਬਣਾ ਦਿੱਤਾ ਅਤੇ 1671 ਵਿਚ ਉਹ ਸੰਸਾਰ ਪ੍ਰਸਿੱਧ ਰੌਆਇਲ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ।

1679 ਵਿਚ ਨਿਊਟਨ ਦੀ ਸਤਿਕਾਰ ਯੋਗ ਮਾਤਾ ਚਲਾਣਾ ਕਰ ਗਈ। 1684 ਵਿਚ ਨਿਊਟਨ ਨੇ ਆਪਣੇ ਮਿੱਤਰ ਹੈਲੀ ਦੀ ਪ੍ਰੇਰਨਾ ਸਦਕਾ ਮਾਦੇ ਦੀ ਆਕਰਖਣ-ਸ਼ਕਤੀ ਉੱਤੇ ਕੀਤੇ ਆਪਣੇ ਕੰਮ ਨੂੰ ਪ੍ਰਕਾਸ਼ਿਤ ਕੀਤਾ। 1687 ਵਿਚ ਇਸ ਕੰਮ ਨੂੰ ਚੰਗ ਵਿਸਥਾਰ ਨਾਲ ਪੁਸਤਕ ਦੀ ਸ਼ਕਲ ਵਿਚ ਛਪਵਾਇਆ ਗਿਆ। ਇਹ ਆਕਰਸ਼ਣ-ਸ਼ਕਤੀ ਦਾ ਸਿਧਾਂਤ ਸਾਇੰਸ ਦੀ ਰੀੜ੍ਹ ਦੀ ਹੱਡੀ ਹੈ ਅਤੇ ਨਿਊਟਨ ਦੀ ਸਾਇੰਸ ਵਿਚ ਬਹੁਤ ਮਹਾਨਤਾ ਇਸੇ ਸਿਧਾਂਤ ਕਰਕੇ ਹੈ।

1689 ਵਿਚ ਉਹ ਯੂਨੀਵਰਸਿਟੀ ਵੱਲੋਂ ਪਾਰਲੀਮੈਂਟ ਦਾ ਮੈਂਬਰ ਬਣਿਆ । 1703 ਵਿਚ ਰੌਆਇਲ ਸੁਸਾਇਟੀ ਦਾ ਪ੍ਰਧਾਨ ਬਣਿਆ ਅਤੇ ਇਸ ਦੇ ਪਿੱਛੋਂ 25 ਸਾਲ ਤੱਕ ਉਹ ਹਰ ਸਾਲ ਪ੍ਰਧਾਨ ਚੁਣਿਆ ਜਾਂਦਾ ਰਿਹਾ। 1705 ਵਿਚ ਮਲਕਾ "ਏਨ" ਕੈਂਬਰਿਜ਼ ਯੂਨੀਵਰਸਿਟੀ ਦਾ ਮੁਲਾਹਜ਼ਾ ਕਰਨ ਲਈ ਗਈ ਤਾਂ ਉਥੇ ਨਿਊਟਨ ਨੂੰ "ਸਰ" ਦਾ ਖਿਤਾਬ ਦੇ ਆਈ।

1692-94 ਤਕ ਨਿਊਟਨ ਨੂੰ ਦਿਮਾਗ ਦੀ ਬੀਮਾਰੀ (NERVOUS BREAK-DOWN) ਹੋ ਗਿਆ। ਇਨਸਾਨੀ ਜੀਵਨ ਲਈ ਸੰਤੁਲਤ ਵਿਕਾਸ ਲਾਜ਼ਮੀ ਹੈ। ਭਾਵੇਂ ਕੋਈ ਵੱਡਾ ਧਰਮੀ ਮਹਾਂਪੁਰਸ਼ ਹੋਵੇ, ਕੋਈ ਵੱਡਾ ਫਲਾਸਫਰ ਜਾਂ ਸਾਇੰਸਦਾਰ ਹੋਵੇ ਜਾਂ ਪ੍ਰਸਿੱਧ ਪਹਿਲਵਾਨ ਹੋਵੇ। ਕੁਦਰਤ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਕੁਦਰਤ ਦੇ ਨਿਯਮ ਬੇਲਿਹਾਜ ਅਤੇ ਅਟੱਲ ਹਨ। ਬਹੁਤੀਆਂ ਵਿਚਾਰਾਂ ਕਰਨ ਵਾਲਿਆਂ ਅਤੇ ਸਰੀਰ ਦਾ ਘੱਟ ਖਿਆਲ ਕਰਨ ਵਾਲਿਆਂ ਨੂੰ ਆਮ ਤੌਰ ਤੇ ਕੋਈ ਦਿਮਾਗੀ ਬੀਮਾਰੀ ਹੋ ਜਾਂਦੀ ਹੈ।

ਨਿਊਟਨ ਵੀ ਇਸੇ ਮਰਜ਼ ਦਾ ਸ਼ਿਕਾਰ ਹੋਇਆ ਅਤੇ ਉਸ ਦੇ ਦੋਸਤਾਂ ਨੂੰ ਅਤੇ ਸਾਇੰਸ ਦੇ ਸਾਰੇ ਹਲਕਿਆਂ ਵਿਚ ਦੋ ਸਾਲ ਚੋਖੀ ਪ੍ਰੇਸ਼ਾਨੀ ਰਹੀ।

1694 ਵਿਚ ਉਹ ਰਾਜ਼ੀ ਹੋ ਗਿਆ ਅਤੇ 1695 ਵਿਚ ਉਹ ਸਰਕਾਰੀ ਟਕਸਾਲ ਦਾ ਵਾਰਡਨ ਅਤੇ ਚਾਰ ਸਾਲ ਬਾਅਦ ਮਾਸਟਰ ਅਥਵਾ ਚੋਟੀ ਦਾ ਅਫਸਰ ਬਣ ਗਿਆ।

ਇਸ ਅਹੁਦੇ ਤੇ ਉਹ ਬਾਕੀ ਸਾਰੀ ਉਮਰ ਟਿਕਿਆ ਰਿਹਾ ਪਰ ਇਸ ਕੰਮ ਦੇ ਨਾਲ-ਨਾਲ ਉਹ ਆਪਣੀਆਂ ਗਣਿਤ ਦੀਆਂ ਖੋਜਾਂ ਦਾ ਠਰਕ ਵੀ ਪੂਰਾ ਕਰਦਾ ਰਿਹਾ।

ਨਿਊਟਨ ਦੀਆਂ ਵੱਡੀਆਂ ਉਚੀਆਂ ਉਪਲੱਭਦੀਆਂ ਜਿਨ੍ਹਾਂ ਨੇ ਆਈਨਸਟੀਨ ਦੇ ਇਸ ਖੇਤਰ ਵਿਚ ਆਉਣ ਤਕ ਉਸ ਨੂੰ ਸਾਇੰਸ ਦਾ ਵੱਡਾ ਥੰਮ ਬਣਾਈ ਰੱਖਿਆ, ਇਹ ਹੈ :

1. (i) ਜੇ ਇਕ ਵਸਤੂ ਅਸਥਿਰ ਹੋਵੇ ਜਾਂ ਸਿੱਧੀ ਲਕੀਰ ਵਿਚ ਚਲ ਰਹੀ ਹੋਵੇ ਤਾਂ ਉਹ ਆਪਣੀ ਇਸ ਅਵਸਥਾ ਵਿਚ ਚਲਦੀ ਰਹੇਗੀ, ਜਿੰਨਾਂ ਚਿਰ ਬਾਹਰ ਦਾ ਬੱਲ ਉਸ ਨੂੰ ਨਾ ਲਾਇਆ ਜਾਵੇ।

(ii) ਉਸ ਦੀ ਹਰਕਤ ਇਸ ਲਾਏ ਬਲ ਦੇ ਅਨੁਕੂਲ ਹੋਵੇਗੀ ਅਤੇ ਉਸੇ ਲਕੀਰ ਵਿਚ ਹੋਵੇਗੀ, ਜਿਸ ਵਿਚ ਬਲ ਲਾਇਆ ਜਾ ਰਿਹਾ ਹੈ। ਜੇ ਬਲ ਥੋੜਾ ਹੋ ਜਾਵੇ ਤਾਂ ਤਬਦੀਲੀ ਵੀ ਥੋੜੀ ਹੋ ਜਾਵੇਗੀ। ਜੇ ਬਲ ਜ਼ਿਆਦਾ ਹੋ ਜਾਏ ਤਾਂ ਤਬਦੀਲੀ ਵੀ ਉਸੇ ਨਿਸਬਤ ਵਿੱਚ ਵਧ ਜਾਏਗੀ।

(ii) ਹਰ ਇਕ ਕਰਮ ਦਾ ਪ੍ਰਤਿਕਰਮ ਹੁੰਦਾ ਹੈ ਜਿਹੜਾ ਮਾਤਰਾ ਵਿਚ ਕਰਮ ਦੇ ਬਿਲਕੁਲ ਬਰਾਬਰ ਹੁੰਦਾ ਹੈ ਅਤੇ ਉਹਦੀ ਦਿਸ਼ਾ ਉਲਟੀ ਹੁੰਦੀ ਹੈ। ਅਸੀਂ ਜਦ ਪਾਣੀ ਵਿਚ ਤਰਦੇ ਹਾਂ ਤਾਂ ਪਾਣੀ ਨੂੰ ਪਿੱਛੇ ਧੱਕਦੇ ਹਾਂ। ਇਸ ਕਰਮ ਦਾ ਪ੍ਰਤਿਕਰਮ ਸਾਨੂੰ ਅਗਾਂਹ ਲਈ ਜਾਂਦਾ ਹੈ। ਇਸੇ ਤਰ੍ਹਾਂ ਜਦ ਅਸੀਂ ਧਰਤੀ ਉਤੇ ਟੁਰਦੇ ਹਾਂ ਤਾਂ ਸਾਡੇ ਪੈਰਾਂ ਦਾ ਜ਼ੋਰ ਧਰਤੀ ਉਪਰ ਹੇਠਾਂ ਅਤੇ ਪਿਛਾਂਹ ਨੂੰ ਲਗਦਾ ਹੈ। ਉਸਦਾ ਪ੍ਰਤਿਕਰਮ ਸਾਨੂੰ ਅਗਾਂਹ ਨੂੰ ਤੋਰੀ ਜਾਂਦਾ ਹੈ।

ਇਹ ਨਿਯਮ ਮੈਕੈਨਿਕਸ (MECHANICS) ਜਾਂ ਥਰਮੋਡਾਈਨੈਮਕਸ (THERMO-DYNAMICS) ਦੇ ਮੁਢਲੇ

ਨਿਯਮ ਹਨ :

2. ਨਿਊਟਨ ਦੀ ਦੂਜੀ ਉਪਲੱਭਦੀ ਆਕਰਸ਼ਣ ਸ਼ਕਤੀ (GRAVITY) ਦੀ ਹੈ। ਇਸ ਅਨੁਸਾਰ ਮਾਦੇ ਦਾ ਹਰ ਅਣੂ ਦੂਜੇ ਅਣੂ ਨੂੰ ਆਪਣੇ ਵੱਲ ਖਿੱਚਦਾ ਹੈ। ਇਹ ਖਿੱਚ ਮਾਦੇ ਦੀ ਮਾਤਰਾ ਦੀ ਨਿਸਬਤ ਵਿਚ ਹੁੰਦੀ ਹੈ। ਜਿੰਨਾ ਮਾਦਾ ਜ਼ਿਆਦਾ ਹੋਵੇ ਉਨੀ ਹੀ ਖਿੱਚ ਜ਼ਿਆਦਾ ਹੋਵੇਗੀ ।ਦੂਜੇ ਇਹ ਆਕਰਖਣ, ਮਾਦਿਆਂ ਦੀ ਵਿਚਲੀ ਵਿਥ ਦੇ ਉਲਟ ਉਸ ਵਿੱਥ ਦੇ ਸੁਕੇਅਰ ਅਨੁਸਾਰ ਹੋਵੇਗੀ।

ਜੇ ਦੋ ਵਸਤਾਂ ਵਿਚਕਾਰ ਵਿਥ ਪਹਿਲੇ ਨਾਲੋਂ ਦੁਗਣੀ ਅਤੇ ਫਿਰ ਚੌਗੁਣੀ ਵੀ ਕਰ ਦਿੱਤੀ ਜਾਵੇ ਤਾਂ ਖਿੱਚ 1/(2) ਅਤੇ 1(4) ਅਥਵਾ 1/4 ਅਤੇ 1/16 ਹੋ ਜਾਵੇਗੀ। ਜਿੰਨਾ ਫਾਸਲਾ ਵੱਧ ਹੋਵੇ, ਖਿੱਚ ਉਤਨੀ ਘੱਟ ਹੋਵੇਗੀ। ਅਕਰਖਣ ਦਾ ਸੰਬੰਧ ਮਾਦੇ ਦੀ ਮਾਤਰਾ ਅਤੇ ਵਿੱਥ ਨਾਲ ਹੁੰਦਾ ਹੈ। ਇਸ ਨਿਯਮ ਨੂੰ ਵਰਤ ਕੇ ਨਿਊਟਨ ਨੇ ਧਰਤੀ ਤੋਂ ਚੰਨ ਅਤੇ ਸੂਰਜ ਦੇ ਫਾਸਲੇ ਦਾ ਅੰਦਾਜ਼ਾ ਲਾਇਆ। ਆਪਣੀ ਗਣਿਤ ਵਿਦਿਆ ਦੇ ਆਸਰੇ ਉਸਨੇ ਇਹ ਵੀ ਲੱਭਿਆ ਕਿ ਖਿੱਚ ਦੇ ਅਸਰ ਹੇਠ ਚੰਨ ਧਰਤੀ ਦੇ ਦੁਆਲੇ ਅਤੇ ਧਰਤੀ ਸੂਰਜ ਦੇ ਦੁਆਲੇ ਘੁੰਮ ਰਹੀ ਹੈ ਅਤੇ ਇਹ ਘੁੰਮਣਾ ਦਾਇਰੇ (CIRCLE) ਵਿਚ ਨਹੀਂ ਹੁੰਦਾ ਸਗੋਂ ਧਰਤੀ 23 ਡਿਗਰੀ ਤੇ ਘੁੰਮ ਰਹੀ ਹੈ। ਨਿਊਟਨ ਦੀਆਂ ਉਪਲਭਦੀਆਂ ਉਨ੍ਹਾਂ ਸਾਧਨਾਂ ਦੀ ਨੀਂਹ ਬਣ ਗਈਆਂ ਜਿਹੜੇ ਅੱਜ ਸਾਨੂੰ ਚੰਨ ਤੱਕ ਪਹੁੰਚਾਉਂਦੇ ਹਨ ਅਤੇ ਜਿਹੜੇ ਭਵਿੱਖ ਵਿਚ ਇਨਸਾਨ ਨੂੰ ਸ੍ਰਿਸ਼ਟੀ ਦੇ ਕਈ ਗ੍ਰਹਿਆਂ ਦੀ ਸੈਰ ਕਰਾਣਗੇ।

ਜਦ ਨੀਲ ਆਰਮਸਟਰੌਂਗ ਜੋ ਚੰਨ ਉਤੇ 1969 ਵਿਚ ਉਤਰਿਆ ਸੀ, ਬੰਬਈ ਇੰਡੀਆ ਆਇਆ ਤਾਂ ਉਹਨੂੰ ਪੁੱਛਿਆ ਗਿਆ ਕਿ ਕਿਹੜੇ ਕਿਹੜੇ ਸਾਇੰਸਦਾਨਾਂ ਦੀਆਂ ਖੋਜਾਂ ਨੇ ਉਹਨੂੰ ਚੰਨ ਉਤੇ ਪਹੁੰਚਣ ਵਿਚ ਸਹਾਇਤਾ ਕੀਤੀ ਤਾਂ ਪਹਿਲਾ ਨਾਂ ਉਹਨੇ ਨਿਊਟਨ ਦਾ ਲਿਆ।

ਨਿਊਟਨ ਦੀ ਇਕ ਹੋਰ ਉਪਲੱਭਦੀ ਜਿਹੜੀ ਵਰਨਣਯੋਗ ਹੈ। ਉਹ ਰੌਸ਼ਨੀ ਦੀ ਰਫ਼ਤਾਰ ਜਾਂ ਪ੍ਰਕਾਸ਼ਗਤੀ ਹੈ। ਉਹਦੇ ਅਨੁਭਵ ਅਨੁਸਾਰ ਰੌਸ਼ਨੀ ਨਿੱਕੇ-ਨਿੱਕੇ ਕਿਣਕਿਆਂ (CORPUSCLES) ਦੀ ਬਣੀ ਹੁੰਦੀ ਹੈ। ਇਹ ਕਿਣਕੇ ਇਕ ਲੱਖ ਛਿਆਸੀ ਹਜ਼ਾਰ ਮੀਲ ਪ੍ਰਤੀ ਸੈਕੰਡ ਦੀ ਰਫ਼ਤਾਰ ਨਾਲ ਚਲਦੇ ਹਨ।

ਕੀ ਸਾਇੰਸ ਅਤੇ ਕੀ ਇਨਸਾਨੀ ਇਲਮ ਦੇ ਹੋਰਨਾਂ ਖੇਤਰਾਂ ਵਿਚ, ਵਿਕਾਸ ਤਾਂ ਚਲਦਾ ਹੀ ਰਹਿੰਦਾ ਹੈ। ਤਬਦੀਲੀ ਜਾਂ ਵਿਕਾਸ ਕੁਦਰਤ ਦਾ ਮੁੱਢਲਾ ਨਿਯਮ ਹੈ। ਪਰ ਇੱਟ ਉੱਤੇ ਇੱਟ ਰੱਖਣੀ ਹੁੰਦੀ ਹੈ। ਪਹਿਲੀ ਇੱਟ ਰੱਖਣ ਵਾਲੇ ਦਾ ਇਕ ਮਹਲ ਦੇ ਬਣਾਉਣ ਵਿਚ ਸਭ ਨਾਲੋਂ ਜ਼ਿਆਦਾ ਹਿੱਸਾ ਹੁੰਦਾ ਹੈ।

ਨਿਊਟਨ ਦੇ ਬਣਦੇ ਚਬੂਤਰੇ ਉਤੇ ਖੜੋ ਕੇ ਆਈਨਸਟੀਨ ਨੇ ਦੂਜੀ ਮੰਜ਼ਿਲ ਦੀ ਨੀਂਹ ਰੱਖੀ। ਕੋਈ ਹੋਰ ਸੂਰਮਾ ਆਏਗਾ, ਉਹ ਤੀਜੀ ਮੰਜ਼ਿਲ ਤਕ ਇਨਸਾਨ ਨੂੰ ਪਹੁੰਚਾਏਗਾ। ਨਿਊਟਨ ਨੂੰ ਇਹ ਸਭ ਗਿਆਨ ਸੀ। ਉਹਨੇ ਹੀ ਪਹਿਲਾਂ ਕਿਹਾ ਸੀ ਕਿ ਅਜੇ ਅਸੀਂ ਇਲਮ ਦੇ ਸਮੁੰਦਰ ਦੇ ਕੰਢੇ ਦੀ ਰੇਤ ਵਿਚੋਂ ਘੋਗੇ ਸਿੱਪੀਆਂ ਚੁਗ ਰਹੇ ਹਾਂ। ਇਲਮ ਦਾ ਅਥਾਹ ਸਮੁੰਦਰ ਤਾਂ ਅਜੇ ਅੱਗੇ ਪਿਆ ਹੈ।

ਇਹਨਾਂ ਮਹਾਂਪੁਰਸ਼ਾਂ ਦੀਆਂ ਜ਼ਿੰਦਗੀਆਂ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਜੀਵਨ ਦੀ ਸਫ਼ਲਤਾ ਇਲਮ ਦੇ ਪੁਜਾਰੀ ਬਣਨ ਵਿਚ ਹੈ ਨਾ ਕਿ ਮਾਇਆ ਦੇ ਪੁਜਾਰੀ ਬਣਨ ਵਿਚ।

ਨਿਊਟਨ ਸ਼ਾਂਤ ਸੁਭਾਅ ਦਾ ਇਨਸਾਨ ਸੀ। ਕਹਿੰਦੇ ਹਨ ਕਿ ਇਕ ਵਾਰ ਰਾਤ ਨੂੰ ਉਹਦੇ ਮੇਜ਼ ਉਤੇ ਜਲ ਰਹੀ ਮੋਮਬਤੀ ਉਹਦੇ ਪਾਲਤੂ ਜਾਨਵਰ ਨੇ ਡੇਗ ਦਿੱਤੀ ਜਿਹਦੇ ਨਾਲ ਉਹਦੀ ਕਈ ਵਰ੍ਹਿਆਂ ਦੀ ਕੀਤੀ ਮਿਹਨਤ ਅਤੇ ਨਵੀਆਂ ਖੋਜਾਂ ਦੇ ਕਾਗਜ਼ ਸੜ ਕੇ ਸੁਆਹ ਹੋ ਗਏ। ਉਸ ਸ਼ਾਂਤ ਚਿਤ ਇਨਸਾਨ ਨੇ ਪਾਲਤੂ ਜਾਨਵਰ ਨੂੰ ਬਸ ਇਨ੍ਹਾਂ ਹੀ ਕਿਹਾ ਕਿ, "ਤੈਨੂੰ ਨਹੀਂ ਪਤਾ ਕਿ ਤੂੰ ਮੇਰੀ ਵਰ੍ਹਿਆਂ ਦੀ ਘਾਲਣਾ ਸੁਆਹ ਕਰ ਕੇ ਰੱਖ ਦਿੱਤੀ ਹੈ।"

ਇਸ ਜ਼ਿੰਦਗੀ ਦੀ ਖੇਡ ਦਾ ਅੰਤ ਵੀ ਇਕ ਦਿਨ ਆ ਜਾਂਦਾ ਹੈ। ਵੱਡੇ-ਵੱਡੇ ਵਿਦਵਾਨ, ਫਿਲਾਸਫਰ, ਰਾਹ ਦਰਸਾਊ ਅਤੇ ਖਲਕਤ ਦਾ ਭਲਾ ਕਰਨ ਵਾਲੇ ਸਾਇੰਸਦਾਨ ਕਦੇ ਮਰਦੇ ਨਹੀਂ। ਉਹਨਾਂ ਦੀਆਂ ਖੋਜਾਂ ਦਾ ਅਨੰਦ ਮਾਣਦੇ ਅਸੀਂ ਹਰ ਰੋਜ਼ ਉਹਨਾਂ ਨੂੰ ਯਾਦ ਤਾਂ ਕਰਦੇ ਹੀ ਹਾਂ ਸਗੋਂ ਅਸੀਸਾਂ ਵੀ ਦਿੰਦੇ ਹਾਂ। ਸਰ ਆਈਜ਼ਕ ਨਿਊਟਨ ਇਸ ਸਰੀਰ ਨੂੰ 20 ਮਾਰਚ 1727 ਨੂੰ ਤਿਆਗ ਕੇ ਸਾਥੋਂ ਸਦਾ ਲਈ ਜੁਦਾ ਹੋ ਗਿਆ। ਉਹ ਉਸ ਵੇਲੇ 85 ਸਾਲ ਦਾ ਸੀ। ਦੁਨੀਆਂ ਦੀ ਵਾਹ-ਵਾਹ ਦੀ ਇਨ੍ਹਾਂ ਮਹਾਂਪੁਰਸ਼ਾਂ ਨੂੰ ਭੁੱਖ ਨਹੀਂ ਹੁੰਦੀ। ਪਰ ਦੁਨੀਆਂ ਨੇ ਆਪਣਾ ਫਰਜ਼ ਪੂਰਾ ਕਰਨਾ ਹੁੰਦਾ ਹੈ। ਵੱਖੋ-ਵੱਖਰੇ ਦੇਸ਼ਾਂ ਵਿਚ ਵਡਿਆਉਣ ਦੇ ਵੱਖਰੇ-ਵੱਖਰੇ ਰਿਵਾਜ਼ ਹਨ। ਆਪਣੇ ਰਿਵਾਜ਼ਾਂ ਮੁਤਾਬਕ ਇੰਗਲੈਂਡਨੇ ਨਿਊਟਨ ਦੇ ਸਰੀਰ ਨੂੰ ਵੈਸਟ ਮਨਿਸਟਰ (WEST MINISTER) ਦੇ ਕਬਰਸਤਦਾਨ ਵਿਚ ਦਫ਼ਨਾਇਆ ਅਤੇ ਉਥੇ ਉਸ ਦੀ ਯਾਦਗਾਰ

ਬਣਾਈ। ਇਸੇ ਤਰ੍ਹਾਂ ਟਰਿਨੇਟੀ ਕਾਲਜ ਕੈਂਬਰਜ਼ ਵਿਚ ਅਤੇ ਰੋਆਇਲ ਸੋਸਾਇਟੀ ਵਿਚ ਵੀ ਨਿਊਟਨ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ। ਪਰ ਉਹਦੀ ਅਸਲ ਯਾਦਗਾਰ ਤਾਂ ਉਹਨਾਂ ਨੌਜਵਾਨਾਂ ਦੀ ਬੁੱਧੀ ਵਿੱਚ ਹੈ ਜਿਹੜੇ ਨਿਊਟਨ ਦੇ ਕਦਮਾਂ ਉਪਰ ਚਲ ਕੇ ਸੰਸਾਰ ਨੂੰ ਵਿਕਸਤ ਕਰਨ ਵਿਚ ਆਪਣਾ ਜੀਵਨ ਅਰਪਣ ਕਰ ਰਹੇ ਹਨ।

ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਨਿਊਟਨ 12 ਸਾਲ ਦੀ ਉਮਰ ਵਿਚ ਸਕੂਲ ਜਾਣ ਲੱਗਾ ਸੀ ਅਤੇ ਸਕੂਲ ਵਿਚ ਵੀ ਉਹ ਕੋਈ ਬਹੁਤ ਲਾਇਕ ਵਿਦਿਆਰਥੀ ਨਾ ਬਣ ਸਕਿਆ। ਸਕੂਲ ਵਿਚ ਉਹ ਸਿਰਫ ਡਰਾਇੰਗ ਕਰਦਾ ਰਹਿੰਦਾ ਸੀ ਜਾਂ ਵੱਖਰੀਆਂ-ਵੱਖਰੀਆਂ ਚੀਜ਼ਾਂ ਨਾਲ ਮਕੈਨਕੀ ਛੇੜ-ਛਾੜ ਕਰਦਾ ਰਹਿੰਦਾ ਸੀ। ਉਹ ਘਰ ਵਿੱਚ ਇਕੱਲਾ ਰਹਿਣ ਕਾਰਣ ਇਕਾਂਤ ਨੂੰ ਵਧੇਰੇ ਪਸੰਦ ਕਰਨ ਲੱਗ ਪਿਆ ਸੀ।

1665 ਦੀਆਂ ਗਰਮੀਆਂ ਵਿਚ ਸਾਰੇ ਇੰਗਲੈਂਡ ਵਿਚ ਪਲੇਗ ਫੈਲ ਗਈ ਸੀ। ਇਸ ਦੇ ਨਤੀਜੇ ਵਜੋਂ ਨਿਊਟਨ ਨੂੰ ਵਾਪਿਸ ਆਪਣੇ ਜਨਮ ਸਥਾਨ ਵਲਜ਼ਥਾਰਪ ਆਉਣਾ ਪਿਆ। ਪਲੇਗ ਨਾਂ ਦੀ ਮਹਾਂਮਾਰੀ ਨਾਲ ਦੇਸ਼ ਦੀ ਤਕਰੀਬਨ ਦਸ ਪ੍ਰਤੀਸ਼ਤ ਆਬਾਦੀ ਮੌਤ ਦੇ ਮੂੰਹ ਵਿਚ ਜਾ ਪਈ ਸੀ। ਵੂਲਜ਼ਥਾਰਪ ਵਾਪਸ ਆ ਕੇ ਨਿਊਟਨ ਆਪਣੀ ਮਾਂ ਨਾਲ ਆਪਣੇ ਜੱਦੀ ਫਾਰਮ ਹਾਊਸ ਵਿਚ ਰਹਿਣ ਲੱਗ ਪਿਆ ਸੀ। ਉਸ ਸਮੇਂ ਸਰਕਾਰ ਨੇ ਪੂਰੇ ਦੇਸ਼ ਦੇ ਸਕੂਲ ਅਤੇ ਕਾਲਿਜ ਬੰਦ ਕਰ ਦਿਤੇ ਸਨ ਅਤੇ ਕੈਂਬਰਿਜ਼ ਯੂਨੀਵਰਸਿਟੀ ਵੀ ਤਕਰੀਬਨ ਡੇਢ ਸਾਲ ਬੰਦ ਰਹੀ ਅਜਿਹੀ ਹਾਲਤ ਵਿਚ ਨਿਊਟਨ ਨੇ ਆਪਣੇ ਘਰ ਵਿਚ ਟਿਕ ਕੇ ਬੈਠਣਾ ਹੀ ਠੀਕ ਸਮਝਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਨਿਊਟਨ ਦੇ ਜੀਵਨ ਦਾ ਇਹ ਸਮਾਂ ਸਭ ਤੋਂ ਵੱਧ ਸਾਰਥਿਕ ਸਾਬਤ ਹੋਇਆ ਸੀ। ਇਸ ਸਮੇਂ ਦੌਰਾਨ ਹੀ ਉਸ ਨੇ ਆਪਣੀਆਂ ਮਹੱਤਵਪੂਰਨ ਖੋਜਾਂ ਕੀਤੀਆਂ ਸਨ। 1665-66 ਈਸਵੀ ਦੇ ਸਮੇਂ ਨੂੰ ਨਿਊਟਨ ਦੇ ਜੀਵਨ ਦਾ ਸੁਨਹਿਰੀ ਸਮਾਂ ਕਿਹਾ ਜਾਂਦਾ ਹੈ।

ਦੱਸਿਆ ਜਾਂਦਾ ਹੈ ਕਿ ਇਕ ਦਿਨ ਨਿਊਟਨ ਆਪਣੇ ਦੋਸਤ ਜੋਹਨ ਵਿਕਿਨਸ ਨਾਲ ਜਦ ਕੈਂਬਰਿਜ ਵਿਖੇ ਇਕ ਮੇਲਾ ਦੇਖਣ ਗਿਆ ਤਾਂ ਮੇਲੇ ਵਿਚੋਂ ਉਸ ਨੂੰ ਇਕ ਪ੍ਰਿਜ਼ਮ (PRISM) ਪਸੰਦ ਆ ਗਿਆ ਜੋ ਉਸਨੇ ਖਰੀਦ ਲਿਆ। ਪ੍ਰਯੋਗਸ਼ਾਲਾ ਵਿਚ ਵਾਪਿਸ ਆ ਕੇ ਨਿਊਟਨ ਨੇ ਇਸ ਪ੍ਰਿਜ਼ਮ ਨਾਲ ਪ੍ਰਕਾਸ਼ (LIGHT) ਬਾਰੇ ਪ੍ਰਯੋਗ ਕਰਨੇ ਸ਼ੁਰੂ ਕਰ ਦਿੱਤੇ। ਪ੍ਰਕਾਸ਼ ਦੀਆਂ ਵਿਸ਼ੇਸ਼ਤਾਵਾਂ ਬਾਰੇ ਪ੍ਰਯੋਗ ਕਰਦੇ ਸਮੇਂ ਉਹ ਕਈ ਵਾਰ ਆਪਣਾ ਖਾਣਾ ਵੀ ਭੁੱਲ ਜਾਂਦਾ ਸੀ। ਬਗੈਰ ਕਿਸੇ ਭੁੱਖ ਜਾਂ ਤੇਹ ਨੂੰ ਮਹਿਸੂਸ ਕੀਤਿਆਂ ਉਹ ਦਿਨ ਰਾਤ ਆਪਣੇ ਪ੍ਰਯੋਗਾਂ ਵਿਚ ਲੱਗਾ ਰਹਿੰਦਾ। ਇਕ ਦਿਨ ਉਹ ਆਪਣੇ ਹਨੇਰੇ ਕਮਰੇ ਵਿਚ ਬੈਠਾ ਸੀ ਤਾਂ ਉਸ ਨੇ ਦੇਖਿਆ ਕਿ ਖਿੜਕੀ ਦੇ ਅੰਦਰ ਲੱਗੇ ਪਰਦਿਆਂ ਵਿਚਲੀਆਂ ਝੀਥਾਂ ਵਿਚੋਂ ਸੂਰਜ ਦੀ ਰੌਸ਼ਨੀ ਦੀਆਂ ਕਿਰਨਾਂ ਆ ਕੇ ਕੱਚ ਦੇ ਪ੍ਰਿਜ਼ਮ ਨਾਲ ਟਕਰਾ ਰਹੀਆਂ ਸਨ। ਪ੍ਰਿਜ਼ਮ ਨਾਲ ਟਕਰਾਉਣ ਉਪਰੰਤ ਇਹ ਪ੍ਰਕਾਸ਼ ਕਿਰਨਾਂ ਪਰਾਵਰਤਿਤ ਹੋ ਰਹੀਆਂ ਸਨ। ਜਿਵੇਂ ਕਿ ਤੁਹਾਨੂੰ ਪਤਾ ਹੀ ਹੋਵੇਗਾ ਕਿ ਪਿਜ਼ਮ ਇਕ ਤ੍ਰੈਕੋਣੀ ਆਕਾਰ ਦਾ ਸ਼ੀਸ਼ਾ ਜਾਂ ਕੱਚ ਦਾ ਟੁੱਕੜਾ ਹੁੰਦਾ ਹੈ। ਨਿਊਟਨ ਨੇ ਦੇਖਿਆ ਕਿ ਪ੍ਰਕਾਸ਼ ਦੀਆਂ ਕਿਰਨਾਂ ਪ੍ਰਿਜ਼ਮ ਵਿਚੋਂ ਨਿਕਲਣ ਉਪਰੰਤ ਕਈ ਅਲੱਗ-ਅਲੱਗ ਰੰਗਾਂ ਦੇ ਰੂਪ ਵਿਚ ਦਿਖਾਈ ਦੇ ਰਹੀਆਂ ਸਨ। ਇਹ ਰੰਗ ਬਿਲਕੁਲ ਉਸੇ ਹੀ ਕ੍ਰਮ ਵਿਚ ਸਨ ਜਿਵੇਂ ਮੀਂਹ ਪੈਣ ਤੋਂ ਬਾਦ ਅਸਮਾਨ ਵਿਚ ਬਣੀ ਸਤਰੰਗੀ ਪੀਂਘ ਵਿਚਲੇ ਰੰਗ ਹੁੰਦੇ ਹਨ। ਇਹ ਸਭ ਦੇਖਣ ਬਾਅਦ ਨਿਊਟਨ ਨੇ ਸਿੱਟਾ ਕੱਢਿਆ ਕਿ ਸਫੈਦ ਰੌਸ਼ਨੀ ਵਿਚ ਸੱਤ ਰੰਗ ਮੌਜੂਦ ਹੁੰਦੇ ਹਨ । ਜਾਂ ਇਸ ਤਰ੍ਹਾਂ ਕਹਿ ਲਵੋ ਕਿ ਸੂਰਜ ਦੀ ਰੋਸ਼ਨੀ ਜਾਂ ਸਫ਼ੇਦ ਪ੍ਰਕਾਸ਼ ਸੱਤ ਰੰਗਾਂ ਦੇ ਮਸਲੇ ਤੋਂ ਬਣਿਆ ਹੁੰਦਾ ਹੈ। ਇਹਨਾਂ ਸੱਤ ਰੰਗਾਂ ਦੇ ਨਾਂ ਹਨ : ਬੈਂਗਣੀ, ਜਾਮਨੀ, ਨੀਲਾ, ਹਰਾ, ਪੀਲਾ, ਸੰਗਤਰੀ ਅਤੇ ਲਾਲ ।

ਨਿਊਟਨ ਨੇ ਸਫੇਦ ਰੋਸ਼ਨੀ ਸੱਤ ਰੰਗਾਂ ਦੀ ਤਰਤੀਬਤਾ ਜਾਂ ਕ੍ਰਮ ਨੂੰ ਸਪੈਕਟਰਮ (SPECTRUM) ਦਾ ਨਾਂ ਦਿੱਤਾ। ਉਸ ਨੇ ਇਸ ਸਪੈਕਟਰਮ ਵਿਚਲੇ ਹਰੇਕ ਰੰਗ ਦੀ ਚੌੜਾਈ ਨੂੰ ਮਾਪਿਆ। ਉਹਨੇ ਦੱਸਿਆ ਕਿ ਅਸੀਂ ਆਪਣੇ ਆਲੇ-ਦੁਆਲੇ ਮੌਜੂਦ ਵਸਤੂਆਂ ਵਿਚੋਂ ਪਰਾਵਰਤਿਤ ਹੋਣ ਵਾਲੀ ਰੋਸ਼ਨੀ ਦੇ ਨਤੀਜੇ ਵਜੋਂ ਉਹਨਾਂ ਵਸਤੂਆਂ ਨੂੰ ਦੇਖਣ ਦੇ ਸਮਰਥ ਹੁੰਦੇ ਹਾਂ। ਜਦੋਂ ਪ੍ਰਕਾਸ਼ ਦੀਆਂ ਕਿਰਨਾਂ ਆ ਕੇ ਕਿਸੇ ਵਸਤੂ ਉਪਰ ਟਕਰਾਉਂਦੀਆਂ ਹਨ ਤਾਂ ਸਾਨੂੰ ਉਹ ਵਸਤੂ ਦਿਖਾਈ ਦਿੰਦੀ ਹੈ। ਇਥੇ ਜ਼ਿਕਰਯੋਗ ਹੈ ਕਿ ਖੋਜੀ ਦਿਮਾਗ ਹੋਣ ਕਰਕੇ ਉਸ ਨੇ ਆਪਣੇ ਪ੍ਰਯੋਗ ਨੂੰ ਦੁਬਾਰਾ ਦੁਹਰਾ ਕੇ ਦੇਖਣਾ ਚਾਹਿਆ, ਇਸ ਮੰਤਵ ਲਈ ਉਸਨੇ ਦੋ ਪ੍ਰਯੋਗ ਕੀਤੇ। ਪਹਿਲੇ ਪ੍ਰਯੋਗ ਵਿਚ ਉਸਨੇ ਸਫੈਦ ਰੋਸ਼ਨੀ ਨੂੰ ਇਕ ਪ੍ਰਿਜ਼ਮ ਵਿਚੋਂ ਲੰਘਾਇਆ। ਪ੍ਰਿਜ਼ਮ ਵਿਚੋਂ ਹੋ ਕੇ ਨਿਕਲਣ ਉਪਰੰਤ ਰੋਸ਼ਨੀ ਸੱਤ ਰੰਗਾਂ ਵਿਚ ਵੰਡੀ ਗਈ। ਦੂਸਰੇ ਪ੍ਰਯੋਗ ਵਿਚ ਉਹਨੇ ਇਨ੍ਹਾਂ

ਸੱਤ ਰੰਗਾਂ ਨੂੰ ਇਕ ਹੋਰ ਪ੍ਰਿਜ਼ਮ ਵਿਚੋਂ ਲੰਘਾਇਆ ਤਾਂ ਇਹ ਕਿਰਨਾਂ ਦੁਬਾਰਾ ਫਿਰ ਸਫੈਦ ਰੋਸ਼ਨੀ ਵਿਚ ਬਦਲ ਗਈਆਂ। ਪ੍ਰਕਾਸ਼ ਕਿਰਨਾਂ ਦੀਆਂ ਵਿਸ਼ੇਸ਼ਤਾਵਾਂ ਉਪਰ ਕੀਤੇ ਆਪਣੇ ਪ੍ਰਯੋਗਾਂ ਤੋਂ ਬਾਦ ਨਿਊਟਨ ਨੇ ਪ੍ਰਕਾਸ਼ ਦੇ ਪਰਵਰਤਿਤ ਹੋਣ ਦੇ ਸਿਧਾਂਤ ਉਪਰ ਅਧਾਰਿਤ ਇਕ ਟੈਲੀਸਕੋਪ ਜਾਂ ਦੂਰਬੀਨ ਤਿਆਰ ਕੀਤੀ। ਉਸਨੇ ਇਸ ਟੈਲੀਸਕੋਪ ਦੇ ਸਾਰੇ ਭਾਗ ਆਪਣੇ ਹੱਥੀਂ ਤਿਆਰ ਕੀਤੇ ਅਤੇ ਇਸ ਵਿਚ ਫਿਟ ਕੀਤੇ ਸਨ। ਇਸ ਟੈਲੀਸਕੋਪ ਦੀ ਕਾਢ ਨੇ ਨਿਊਟਨ ਨੂੰ ਵਿਗਿਆਨਕ ਹਲਕਿਆਂ ਵਿਚ ਬਹੁਤ ਮਸ਼ਹੂਰ ਕਰ ਦਿੱਤਾ। 1671 ਈਸਵੀ ਵਿਚ ਇੰਗਲੈਂਡ ਦੇ ਬਾਦਸ਼ਾਹ ਚਾਰਲਸ ਦੂਜੇ ਨੇ ਨਿਊਟਨ ਦੁਆਰਾ ਤਿਆਰ ਕੀਤੀ ਦੂਰਬੀਨ ਨੂੰ ਖੁਦ ਦੇਖਿਆ ਅਤੇ ਇਸ ਵਿਚ ਆਪਣੀ ਖਾਸ ਰੁਚੀ ਦਿਖਾਈ ਨਿਊਟਨ ਨੇ ਆਪਣੀ ਦੂਰਬੀਨ ਨਾਲ ਬ੍ਰਿਹਸਪਤ ਗ੍ਰਹਿ ਦੁਆਲੇ ਘੁੰਮਦੇ ਹੋਏ ਉਪਗ੍ਰਹਿਆਂ ਜਾਂ ਚੰਦਰਮਾਂ ਨੂੰ ਦੇਖਿਆ।

ਏਨਾ ਮਹਾਨ ਵਿਗਿਆਨੀ ਹੋਣ ਦੇ ਬਾਵਜੂਦ ਵੀ ਨਿਊਟਨ ਬਹੁਤ ਹੀ ਜ਼ਿਆਦਾ ਨਿਮਰ ਸੁਭਾਅ ਦਾ ਮਾਲਕ ਸੀ।

* * *

# ਪੰਜਾਬੀ ਬੋਲੀ ਦਾ ਮੁੱਢ

ਨਾਜਰ ਸਿੰਘ



ਪੰਜਾਬੀ ਬੋਲੀ ਇਕ ਕੁਦਰਤੀ ਬੋਲੀ ਹੈ, ਜਿਵੇਂ ਹੋਰ ਪੁਰਾਤਨ ਬੋਲੀਆਂ ਦਾ ਜਨਮ ਹੋਇਆ ਹੈ, ਉਸੇ ਤਰ੍ਹਾਂ ਹੀ ਪੰਜਾਬੀ ਦਾ ਵੀ ਜਨਮ ਹੋਇਆ ਹੈ। ਪੰਜਾਬ ਦੇ ਭੂਗੋਲ ਤੋਂ ਪਤਾ ਚਲਦਾ ਹੈ ਕਿ ਇੱਥੇ ਸਮੇਂ-ਸਮੇਂ 'ਤੇ ਬਾਹਰਲੇ ਧਾੜਵੀ ਆਉਂਦੇ ਰਹੇ ਅਤੇ ਲੁੱਟਦੇ ਰਹੇ। ਇੱਥੇ ਦੇ ਲੋਕਾਂ ਦੀ ਰਹਿਣੀ ਬਹਿਣੀ (ਸੱਭਿਆਚਾਰ), ਬੋਲੀ, ਧਰਮ, ਰਾਜਨੀਤੀ ਅਤੇ ਇਤਿਹਾਸ 'ਤੇ ਆਪਣੀ ਛਾਪ ਛੱਡਦੇ ਰਹੇ। ਪੰਜਾਬ ਦੀ ਪ੍ਰਭੁਸਤਾ ਨੂੰ ਢਾਹ ਲਾਉਂਦੇ ਰਹੇ। ਇੱਥੋਂ ਦੇ ਵਸਣ ਵਾਲਿਆਂ ਦੇ ਵਡਾਰੂ ਕੋਈ ਐਵੇਂ ਕਿਵੇਂ ਦੇ ਮਨੁੱਖ ਨਹੀ ਸਨ। ਉਹ ਸੰਸਾਰ ਦੀਆਂ ਸਮਕਾਲੀ ਸਭਿਆਤਾਵਾਂ ਦੇ ਨਾਲ ਆਪਣੀ ਸਭਿਆਤਾਵਾਂ ਨਾਲ ਮੜਕਦੇ ਰਹੇ, ਜਿਸ ਦਾ ਪਤਾ ਸਾਨੂੰ ਹੜੱਪੇ ਦੀ Archaeology ex-cavation ਤੋਂ ਪਤਾ ਚਲਦਾ ਹੈ ਕਿ ਸਾਡੇ ਵਡਾਰੂ ਕਿੰਨੇ ਮਹਾਨ ਸਭਿਅਤਾ ਨੂੰ ਜਨਮ ਦੇਣ ਵਾਲੇ ਸਨ। ਇਸ ਦਾ ਪਤਾ ਉਸ ਸਮੇਂ Archaeology ਦੇ department ਦੇ John Marshal ਤੇ ਉਸ ਤੋਂ ਬਾਅਦ Vatas ਦੀ ਪੇਸ਼ ਕੀਤੀ ਰਿਪੋਰਟ ਤੋਂ ਲੱਗਦਾ ਹੈ, ਜਿਸ ਵਿੱਚ ਮੁੱਖ ਤੌਰ 'ਤੇ ਵਸਤੂਆਂ ਸਨ-Jewellary, Potery, Seals, Part of Building Construction ਅਤੇ ਇੱਥੇ ਦੀ ਲਿੱਪੀ ਕਾਬਲ ਏ ਜ਼ਿਕਰ ਹੈ।

ਡਾ. G.R. Hunter ਨੇ 1929 ਈ. ਵਿੱਚ ਹੜੱਪਾ ਅਤੇ ਮੋਇੰਜੋਦੜੋ ਦੀ ਲਿੱਪੀ 'ਤੇ Ph.D. ਕੀਤੀ ਸੀ। ਇਹ ਲਿੱਪੀ ਅਜੇ ਤੱਕ ਵੀ ਸੰਸਾਰ ਵਿੱਚ ਬੁਝਾਰਤ ਬਣੀ ਹੋਈ ਹੈ । ਭਾਵ ਕਿ ਅਜੇ ਤੱਕ ਇਹ ਲਿੱਪੀ ਪੜ੍ਹੀ ਨਹੀਂ ਗਈ। ਇੱਥੋਂ ਤੱਕ ਕਿ ਫਿਨਲੈਂਡ ਦੇ ਪ੍ਰੋ. Asko Parpola ਨੇ 10 July 2010 ਵਿੱਚ The Tribune ਦੇ ਨਾਲ Interview ਵਿੱਚ ਖੁਲਾਸਾ ਕੀਤਾ ਕਿ ਅਜੇ ਤੱਕ ਵੀ ਹੜੱਪੇ ਦੀ ਲਿੱਪੀ ਬੁਝਾਰਤ ਬਣੀ ਹੋਈ ਹੈ।

ਸੋ ਸਾਡੇ ਖੋਜੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ Background ਨਾਲ ਜੁੜ ਕੇ ਹੀ ਕਿਸੇ ਸਿੱਟੇ 'ਤੇ ਪਹੁੰਚਣ, ਨਾ ਕਿਸੇ ਵਿਕਾਸ ਦੇ ਨਾਂ 'ਤੇ ਭਾਸ਼ਾ ਅਤੇ ਨਾ ਹੀ ਗੁਰਮੁਖੀ ਲਿੱਪੀ ਨੂੰ ਨੁਕਸਾਨ ਪਹੁੰਚਾਉਣ ਦੀ ਖੇਚਲ਼ ਕਰਨ।

ਇਹ ਸਾਬਤ ਹੋ ਚੁੱਕਾ ਹੈ ਕਿ ਆਰੀਅਨ ਨਸਲ ਬਾਹਰੋਂ ਆਈ ਸੀ। ਇਸ ਦੀ ਆਪਣੀ ਬੋਲੀ ਦੇ ਨਮੂਨੇ ਰਿਗਵੇਦ ਵਿੱਚੋਂ ਦੇਖੇ ਜਾ ਸਕਦੇ ਹਨ। **ਸੰਸਕ੍ਰਿਤ ਸਾਹਿਤ ਕਾ ਇਤਿਹਾਸ** ਦੇ ਕਰਤਾ ਡਾ. ਬਹਾਦਰ ਚੰਦ ਡਿਪਟੀ ਡਾਇਰੈਕਟਰ (Archaeology) ਦਾ ਮੰਨਣਾ ਹੈ ਕਿ ਰਿਗਵੇਦ ਦੀ ਭਾਸ਼ਾ-ਸੰਸਕ੍ਰਿਤ ਹੀ ਸੀ। ਇਸ ਤੋਂ ਪਤਾ ਚਲਦਾ ਹੈ ਕਿ ਸੰਸਕ੍ਰਿਤ ਹੀ ਆਰੀਅਨ ਭਾਸ਼ਾ ਹੈ।

ਡਾ. Caldwell, Dravidian Gramme ਦੇ ਕਰਤਾ ਨੇ ਆਪਣੀ ਪੁਸਤਕ ਵਿੱਚ ਮੰਨਿਆ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਇੱਥੇ ਸ਼ੂਦਰ ਕਬੀਲਾ ਰਹਿੰਦਾ ਸੀ। ਸਭ ਤੋਂ ਪਹਿਲਾਂ ਆਰੀਆ ਦੀ ਉਸ ਕਬੀਲੇ ਨਾਲ ਮੁੱਠਭੇੜ ਹੋਈ ਅਤੇ ਆਰੀਅਨ ਜੇਤੂ ਰਿਹਾ। ਸੂਦਰਾਂ ਤੋਂ ਇਲਾਵਾ ਇੱਥੇ ਹੋਰ ਕਬੀਲੇ ਵੀ ਰਹਿੰਦੇ ਸਨ। ਉਹ ਵੀ ਆਰੀਆ ਲੋਕਾਂ ਤੋਂ ਹਾਰ ਗਏ। ਸਾਰੇ ਹਾਰੇ ਹੋਇਆਂ ਨੂੰ ਸ਼ੂਦਰ ਦਾ ਨਾਂ ਦਿੱਤਾ। ਜਿਸ ਤਰ੍ਹਾਂ ਇੱਕ ਧਾੜਵੀ ਗੁਲਾਮ ਲੋਕਾਂ ਨਾਲ ਸਲੂਕ ਕਰਦਾ ਹੈ, ਉਸੇ ਤਰ੍ਹਾਂ ਆਰੀਆਂ ਨੇ ਵੀ ਕੀਤਾ। ਇੱਥੇ ਦੀ ਲਿੱਪੀ ਅਤੇ ਭਾਸ਼ਾ ਨੂੰ ਵੀ ਮਧੋਲ ਦਿੱਤਾ ਗਿਆ। ਉਹਨਾਂ ਨੇ

ਰਾਜ ਸ਼ਕਤੀ ਦੇ ਦੁਆਰਾ ਬੋਲੀ, ਲਿੱਪੀ, ਕਲਚਰ ਅਤੇ ਧਰਮ ਨੂੰ ਦਬਾ ਦਿੱਤਾ ਜਿਸ ਦਾ ਸਿੱਟਾ ਲੋਕ ਅੱਜ ਤੱਕ ਭੋਗ ਰਹੇ ਹਨ।

ਅੱਜ ਦੇ ਪੰਜਾਬੀ ਲੋਕਾਂ ਦੇ ਰਵੱਈਏ ਤੋਂ ਪਤਾ ਚਲਦਾ ਹੈ ਕਿ ਉਹ ਅੱਜ ਵੀ ਗੁਲਾਮ ਜ਼ਹਿਨੀਅਤ ਕਰਕੇ ਆਪਣੀ ਪਛਾਣ ਨਹੀ ਕਰ ਸਕੇ। ਜਿੱਥੋਂ ਤੱਕ ਪੰਜਾਬੀ ਲੋਕਾਂ ਦੀ ਨਸਲ ਦਾ ਸਬੰਧ ਹੈ ਕਿ ਸ਼ੂਦਰ ਨਸਲ ਨਾਲ ਸਬੰਧ ਰੱਖਦਾ ਹੈ, ਜੋ ਕਿ ਦੂਜੀਆਂ ਨਸਲਾਂ ਨਾਲੋਂ ਭਿੰਨ ਹੈ। ਜਿਵੇਂ Dravidian Munda, Turkish, Semitic Mongoloid, Negro ਅਤੇ Austroloid Negro ਵੀ ਨਹੀਂ ਹਨ, ਜਿਹੜਾ ਕਿ Dravidian, Munda ਅਤੇ Aryan ਦੀ ਬੋਲੀ ਨਾਲ ਤੁਲਨਾ ਕਰਨ 'ਤੇ ਪਤਾ ਲੱਗਦਾ ਹੈ ਕਿ ਸਾਂਝਾ ਕੁਝ ਵੀ ਨਹੀ ਹੈ। ਇਹਨਾਂ ਦੀ ਤੁਲਨਾ ਪੰਜਾਬੀ ਗਰੈਮਰ ਨਾਲ ਤੁਲਨਾ ਕਰਨ 'ਤੇ ਕੁਝ ਵੀ ਸਾਂਝਾ ਸਾਬਤ ਨਹੀਂ ਹੁੰਦਾ ਹੈ। ਪੰਜਾਬ ਵਿੱਚ ਧਰਮ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਜਿਹਨਾਂ ਧਰਮਾਂ ਨੇ ਪੰਜਾਬੀਆਂ 'ਤੇ ਦਬਾਅ ਪਾਇਆ ਤੇ ਉਹਨਾਂ ਨੂੰ ਅਲੱਗ-ਅਲੱਗ ਧਰਮਾਂ ਵਿੱਚ ਵੰਡ ਦਿੱਤਾ। ਜਿਹਨਾਂ ਧਰਮਾਂ ਦੇ ਮੁਖੀਆਂ ਨੇ ਇਹਨਾਂ ਨੂੰ ਵੰਡਿਆ ਹੈ ਉਹਨਾਂ ਨੇ ਇੱਥੋਂ ਦੀ ਬੋਲੀ ਅਤੇ ਲਿੱਪੀ ਨਾਲ ਧਾੜਵੀਆਂ ਵਰਗਾ ਸਲੂਕ ਕੀਤਾ। ਜਿਹੜੇ ਪੰਜਾਬ ਵਿੱਚ ਧਰਮ ਪ੍ਰਚੱਲਿਤ ਰਹੇ ਉਹਨਾਂ ਵਿੱਚੋਂ ਬਹੁਤਾ ਅਸਰ ਬੋਧੀਆਂ ਤੋਂ ਕਬੂਲ ਕੀਤਾ। ਬੋਧੀਆਂ ਨੇ ਇੱਥੋਂ ਦੀ ਲਿੱਪੀ ਅਤੇ ਭਾਸ਼ਾ ਦਬਾਅ ਕੇ ਆਪਣੀ ਭਾਸ਼ਾ ਪਾਲੀ ਅਤੇ ਅਸ਼ੋਕ ਲਿੱਪੀ ਲੱਦ ਦਿੱਤੀ। ਅਸ਼ੋਕ ਤੋਂ ਪਹਿਲਾਂ ਸਿਕੰਦਰ ਦਾ ਹਮਲਾ ਹੋਇਆ ਜਿਸ ਕਰਕੇ ਉਹਨਾਂ ਨੇ ਯੂਨਾਨੀ ਲਿੱਪੀ ਅਤੇ ਬੋਲੀ ਦਾ ਪ੍ਰਚਾਰ ਕੀਤਾ ਅਤੇ ਯੂਨਾਨੀ ਬੋਲੀ ਵਿੱਚ ਸਿੱਕੇ ਵੀ ਚਲਾਏ। ਇਸ ਦਾ ਸਬੂਤ ਪੰਜਾਬੀ ਭਾਸ਼ਾ 'ਚ ਯੂਨਾਨੀ ਭਾਸ਼ਾ ਦੇ ਆਏ ਹੋਏ ਸ਼ਬਦਾਂ ਤੋਂ ਪਤਾ ਚਲਦਾ ਹੈ। ਇੱਥੇ ਅਸ਼ੋਕ ਤੋਂ ਪਹਿਲਾਂ ਦੇ ਸਮੇਂ ਦੀ ਲਿੱਪੀ ਵੀ ਮਿਲਦੀ ਹੈ। ਇਸ ਦਾ ਨਾਂ ਖਰੋਟੀ ਜਾਂ ਖਰੋਸ਼ਟੀ ਹੈ, 'ਤੇ ਵੀ ਈਰਾਨੀਆ ਦਾ ਪ੍ਰਭਾਵ ਨਜ਼ਰ ਅਉਂਦਾ ਹੈ। ਉਸ ਪਿੱਛੇ ਜਿਹੜੀ ਇੱਥੇ ਕੌਮ ਆਈ ਉਸਦੀ ਆਪਣੀ ਭਾਸ਼ਾ, ਲਿੱਪੀ ਅਤੇ ਧਰਮ ਸੀ, ਜਿਸ ਨੇ ਪੰਜਾਬ ਹੀ ਨਹੀਂ, ਬਲਕਿ ਭਾਰਤ ਦੇ ਹੋਰ ਭਾਗਾਂ ਵਿੱਚ ਵੀ ਅਸਰ ਛੱਡਿਆ।

Semtic ਕੌਮ ਆਰੀਆ ਨਾਲੋਂ ਲੋਕਾਂ ਨਾਲ ਸਲੂਕ ਕਰਨ ਵਿੱਚ ਭਿੰਨ ਲੱਗਦੀ ਸੀ। ਆਰੀਆ ਲੋਕਾਂ ਨੇ ਲੋਕਾਂ ਨੂੰ ਆਪਣੇ ਧਰਮ ਵਿੱਚ ਦਾਖਲ ਕਰਕੇ ਵੀ ਉਹਨਾਂ ਨੇ ਉਹਨਾਂ ਦੇ ਅਧਿਕਾਰ ਖੋਹ ਲਏ। ਜਦਕਿ Semtic ਲੋਕਾਂ ਨੇ ਆਪਣੇ ਧਰਮ ਵਿੱਚ ਸ਼ਾਮਿਲ ਕਰਕੇ ਉਹਨਾਂ ਨੂੰ ਆਪਣਾ ਭਾਈਵਾਲ ਬਣਾਇਆ। ਸਿੱਟਾ ਇਹ ਨਿਕਲਿਆ ਕਿ ਬਹੁਤ ਸਾਰੇ ਲੋਕ Semtic ਧਰਮ ਵਿੱਚ ਸ਼ਾਮਿਲ ਹੋ ਗਏ ਅਤੇ ਜਿਹੜੇ unsemtic ਧਰਮ ਵਿੱਚ ਰਹਿ ਗਏ ਉਹਨਾਂ ਲੋਕਾਂ ਨਾਲ ਗੈਰ-ਬਰਾਬਰੀ ਦਾ ਸਲੂਕ ਕੀਤਾ ਗਿਆ। ਭਾਰਤ ਵਿੱਚ Semtic, Aryan ਅਤੇ ਦੇਸੀ ਬੰਦਿਆਂ ਵਿਚਾਲੇ ਗੁੱਥਮ-ਗੁੱਥਾ ਭਾਵ ਕਸ਼ਮ-ਕਸ਼ ਹੋ ਗਿਆ। ਇਸ ਤੋਂ ਪਹਿਲਾਂ ਬੋਧੀਆਂ ਅਤੇ ਵੇਦਾਂਤੀਆਂ ਵਿਚਾਲੇ ਅਜਿਹਾ ਕੁਝ ਵੀ ਹੋਇਆ। ਇਸ ਦਾ ਇੱਥੇ ਦੇ ਲੋਕਾਂ ਨੂੰ ਸਿੱਟਾ ਭੁਗਤਨਾ ਪਿਆ। ਇਸ ਨਾਲ ਇਹ ਹੋਇਆ ਕਿ ਮੁਲਕ ਬਾਰ-ਬਾਰ ਗੁਲਾਮ ਹੋਇਆ। ਧਰਮਾਂ ਦੀ ਕਸ਼ਮ-ਕਸ਼ ਕਰਕੇ ਇੱਥੇ ਇਕ ਨਵੀਂ ਵਿਚਾਰਧਾਰਾ ਨੇ ਜਨਮ ਲਿਆ ਜਿਸਨੂੰ ਨਿਰਗੁਣਵਾਦ ਕਹਿੰਦੇ ਹਨ। ਇਸ ਵਿਚਾਰਧਾਰਾ ਦੇ ਮੰਨਣ ਵਾਲੇ ਪ੍ਰਚਾਰਕਾਂ ਨੇ ਕਾਫੀ ਪ੍ਰਚਾਰ ਕੀਤਾ ਅਤੇ ਕਾਫੀ ਹੱਦ ਤੱਕ ਸਫਲ ਰਹੇ ਅਤੇ ਲੋਕਾਂ 'ਤੇ ਆਪਣਾ ਪ੍ਰਭਾਵ ਛੱਡਿਆ।

ਮਹਿਮੂਦ ਗਜ਼ਨਵੀ ਤੁਰਕੀ ਨਸਲ, Semtic ਧਰਮ ਨੂੰ ਮੰਨਣ ਵਾਲਾ ਸੀ। ਪੰਜਾਬ ਦੇ ਸ਼ਾਸਕ ਅਨੰਗਪਾਲ ਨੂੰ ਹਰਾਉਣ ਪਿੱਛੋ ਪੰਜਾਬ ਦੇ ਲੋਕ ਰਾਜਨੀਤੀ ਤੌਰ 'ਤੇ ਵੀ-ਗੁਲਾਮ ਹੋ ਗਏ। ਅਨੰਗਪਾਲ ਦਾ ਪੁੱਤਰ ਵੀ Semtic ਧਰਮ ਦਾ ਧਾਰਨੀ ਬਣ ਗਿਆ, ਜਿਸ ਦਾ ਨਾਂ ਅਬਦੁੱਲ ਰਹਿਮਾਨ ਰੱਖਿਆ ਅਤੇ ਇਸ ਨੂੰ ਪੰਜਾਬੀ ਦਾ ਪਹਿਲਾ ਲਿਖਾਰੀ ਮੰਨਿਆ ਜਾਂਦਾ ਹੈ। ਪਰ ਇਸ ਦਾ ਅਰਥ ਇਹ ਨਹੀ ਹੈ ਕਿ ਪੰਜਾਬੀ ਇਸ ਤੋਂ ਪਹਿਲਾਂ ਨਹੀਂ ਸੀ। ਪੰਜਾਬੀ ਤਾਂ ਪਹਿਲਾਂ ਵੀ ਪ੍ਰਚਲਿਤ ਸੀ। ਇੱਥੋਂ ਦੇ ਸ਼ਾਸਕਾਂ ਨੇ ਪੰਜਾਬੀ ਨੂੰ ਨੇੜੇ ਨਹੀਂ ਢੁੱਕਣ ਦਿੱਤਾ ਕਿਉਂਕਿ ਉਹ ਬ੍ਰਾਹਮਣੀਕਲ ਸਿਸਟਮ ਨੂੰ ਮੰਨਣ ਵਾਲੇ ਸਨ । ਬ੍ਰਾਹਮਣ ਦਾ ਭਰੋਸਾ ਸੀ ਕਿ ਸੰਸਕ੍ਰਿਤ ਦੇਵਤਿਆਂ ਦੀ ਬੋਲੀ ਹੈ ਜਦਕਿ ਪੰਜਾਬੀ ਅਨ-ਪੜ੍ਹਿਆਂ ਦੀ ਬੋਲੀ ਹੈ। 10ਵੀਂ ਸਦੀ ਵਿੱਚ ਕੁਝ ਸੂਫ਼ੀ ਵੀ ਹਾਕਮਾਂ ਨਾਲ ਆਏ, ਆਪਣੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਅਤੇ ਮੁਸਲਮਾਨ - ਹਾਕਮਾਂ ਨੇ ਸਰਪ੍ਰਸਤੀ ਕੀਤੀ। ਸਿੱਟੇ ਵਜੋਂ 1947 ਵਿੱਚ ਪੰਜਾਬ ਵਿੱਚ ਮੁਸਲਮਾਨਾਂ ਦੀ ਗਿਣਤੀ 56% ਹੋ ਗਈ। ਜਦੋਂ ਅੰਗਰੇਜ਼ੀ ਹਕੂਮਤ ਨੇ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਅਤੇ ਹਦਾਇਤਾਂ ਦੀ ਬੋਲੀ ਦਾ ਐਲਾਨ ਕੀਤਾ ਤਾਂ ਮੁਸਲਮਾਨ ਅੜਿੱਕਾ ਬਣੇ। ਬਲਕਿ ਉਹਨਾਂ ਨੇ ਅੰਗਰੇਜ਼ਾਂ ਤੋਂ ਉਰਦੂ ਨੂੰ ਸਿੱਖਿਆ ਦਾ ਮਾਧਿਅਮ ਅਤੇ ਹਿਦਾਇਤਾਂ ਦਾ ਮਾਧਿਅਮ ਬਣਵਾ ਲਿਆ। ਅੰਗਰੇਜ਼ਾਂ ਤੋਂ ਪਹਿਲਾਂ ਇੱਥੇ ਸਿੱਖ ਸ਼ਾਸਕ ਸਨ। ਉਹਨਾਂ ਨੇ ਵੀ ਪੰਜਾਬੀ ਦੀ ਬਾਂਹ ਨਹੀਂ ਫੜੀ। ਫ਼ਾਰਸੀ ਹੀ ਸਰਕਾਰੀ ਬੋਲੀ ਬਣਾ ਦਿੱਤੀ। ਸਿੱਖਾਂ ਦੇ ਮੁਕਾਬਲੇ ਮੁਸਲਮਾਨ ਸ਼ਾਸਕਾਂ ਨੇ ਆਪਣੇ ਰਾਜ ਵਿੱਚ ਉਰਦੂ ਦਾ ਪ੍ਰਚਾਰ ਕੀਤਾ ਅਤੇ ਲਾਗੂ ਵੀ ਕੀਤਾ। ਜਦਕਿ ਸਿੱਖ ਸ਼ਾਸਕਾਂ ਨੇ ਪੰਜਾਬੀ ਤੋਂ ਬੇਰੁਖ਼ੀ ਅਖ਼ਤਿਆਰ ਕਰੀ ਰੱਖੀ। ਪੰਜਾਬ ਵਿੱਚ ਧਰਮਾਂ ਦੀ ਕਸ਼ਮ-ਕਸ਼ ਵਿੱਚੋਂ ਸਿੰਘ ਸਭਾ ਦਾ ਜਨਮ

ਹੋਇਆ। ਇੱਕ ਸਭਾ ਅੰਮ੍ਰਿਤਸਰ ਵਿੱਚ ਬਣਾਈ ਗਈ ਜਿਸਦਾ ਮੁਖੀ ਠਾਕਰ ਸਿੰਘ ਸੰਧਾਵਾਲੀਆ ਅਤੇ ਗਿਆਨ ਸਿੰਘ ਸੈਕਟਰੀ ਬਣਿਆ। ਪਰ ਇਹ ਸਭਾ ਐਨੀ ਕਾਮਯਾਬ ਨਹੀਂ ਹੋ ਸਕੀ। ਕਿਉਂਕਿ ਇਸ ਵਿੱਚ ਸਿੱਖ ਸਿਧਾਂਤ ਪ੍ਰਤੀਬੱਧ ਸੱਜਣ ਨਹੀ ਸਨ । ਇਸਦੇ ਮੁਕਾਬਲੇ ਲਾਹੌਰ ਸਿੰਘ ਸਭਾ ਕਾਇਮ ਕੀਤੀ, ਜਿਸ ਨੇ ਸਿੱਖਾਂ ਵਿੱਚ ਸਰਵਪੱਖੀ ਵਿਕਾਸ ਦੀ ਨੀਂਹ ਰੱਖੀ। ਇਸ ਵਿੱਚ ਪ੍ਰੋ. ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਮੋਢੀ ਸਨ। ਉਹਨਾਂ ਦਿਨਾਂ ਵਿੱਚ ਆਰੀਆ ਸਮਾਜ ਦਾ ਮੋਢੀ ਲਾਹੌਰ ਵਿੱਚ ਆਇਆ ਹੋਇਆ ਸੀ। ਉਸ ਨਾਲ ਕੋਈ ਵੀ ਬਹਿਸ ਕਰ ਸਕਦਾ ਸੀ, ਕਿਸੇ ਵੀ ਵਿਸ਼ੇ 'ਤੇ। ਉਹ ਈਸਾਈ ਅਤੇ ਮੁਸਲਮਾਨ ਧਰਮ ਪ੍ਰਚਾਰਕਾਂ ਨੂੰ ਹਰਾ ਚੁੱਕਾ ਸੀ। ਹਿੰਦੂਆਂ ਵਿੱਚ ਬੜਾ ਮਕਬੂਲ ਤੇ ਵਿਦਵਾਨ ਮੰਨਿਆ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੇ ਉਸ ਨਾਲ ਚਰਚਾ ਕੀਤੀ ਤੇ ਉਸਨੂੰ ਸਿਧਾਂਤਕ ਬਹਿਸ ਵਿੱਚ ਤਿੰਨ ਬਾਰ ਹਰਾ ਦਿੱਤਾ। ਇਸ ਨਾਲ ਸਿੱਖਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਦਇਆਨੰਦ ਦੇ ਪ੍ਰਭਾਵ ਤੋਂ ਬਚ ਗਏ। ਸਿੱਟੇ ਵਜੋਂ ਸਿੱਖਾਂ ਨੇ ਅਜ਼ਾਦਾਨਾ ਤੌਰ 'ਤੇ ਸੋਚਣਾ ਸ਼ੁਰੂ ਕੀਤਾ। ਕਮੀਆਂ ਦਾ ਅਧਿਐਨ ਸ਼ੁਰੂ ਕੀਤਾ ਅਤੇ ਉਸ ਨੂੰ ਪੂਰਾ ਕਰਨ ਲਈ ਤੁਰ ਪਏ।

15ਵੀਂ ਸਦੀ ਵਿੱਚ ਇਕ ਬਾਲਕ ਨੇ ਰਾਏ ਭੋਇ ਦੀ ਤਲਵੰਡੀ ਵਿਖੇ ਜਨਮ ਲਿਆ; ਜਿਹੜਾ ਕਿ ਜਨਮ ਤੋਂ ਹੀ ਹੋਣਹਾਰ ਸੀ। ਉਹਨਾਂ ਨੂੰ ਪੜ੍ਹਣ ਲਈ ਪਾਠਸ਼ਾਲਾ ਭੇਜਿਆ ਗਿਆ। ਉਹਨਾਂ ਨੇ ਉੱਥੇ ਵਿੱਦਿਆ ਪੜ੍ਹੀ, ਮੌਲਵੀ ਕੋਲ ਵੀ ਵਿੱਦਿਆ ਲਈ ਭੇਜਿਆ ਗਿਆ ਤੇ ਉਹਨਾਂ ਅਰਬੀ ਅਤੇ ਫ਼ਾਰਸੀ ਦਾ ਗਿਆਨ ਹਾਸਿਲ ਕੀਤਾ। ਜਦੋਂ ਉਹ ਸੰਸਕਾਰ ਦੇ ਕਾਬਲ ਹੋਏ ਉਹਨਾਂ ਦਾ ਹਿੰਦੂ ਰੀਤੀ ਅਨੁਸਾਰ ਸੰਸਕਾਰ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿ ਬਾਲਕ ਨੇ ਇਨਕਾਰ ਕਰ ਦਿੱਤਾ। ਘਰਦਿਆਂ ਨੂੰ ਇਹ ਗੱਲਾਂ ਪਸੰਦ ਨਹੀ ਆਈਆਂ। ਉਹਨਾਂ ਨੂੰ ਰਝਾਉਣ ਦੀ ਵੀ ਕੋਸ਼ਿਸ਼ ਕੀਤੀ ਤਾਂ ਕਿ ਦੁਨੀਆਈ ਤੌਰ 'ਤੇ ਕਾਮਯਾਬ ਹੋ ਸਕੇ। ਇਕ ਵਾਰ ਉਹਨਾਂ ਨੂੰ ਕੁਝ ਰੁਪਏ ਦਿੱਤੇ ਗਏ ਤਾਂ ਕਿ ਉਹ ਵਪਾਰ ਕਰਨ। ਜਦੋਂ ਉਹ ਪਿੰਡ ਤੋਂ ਕੁਝ ਦੂਰੀ 'ਤੇ ਪਹੁੰਚੇ ਤਾਂ ਉੱਥੇ ਕੁਝ ਸਾਧੂ ਮਿਲੇ। ਉਹਨਾਂ ਨੂੰ ਜਗਿਆਸਾ ਹੋਈ ਕਿ ਗੋਸ਼ਟੀ ਕੀਤੀ ਜਾਵੇ। ਉਹਨਾਂ ਸੰਤਾਂ ਦਾ ਮੁਖੀ ਰੇਨ ਸੀ। ਬਾਲਕ (ਗੁਰੂ ਨਾਨਕ ਸਾਹਿਬ) ਨੇ ਗੋਸ਼ਟੀ ਸ਼ੁਰੂ ਕੀਤੀ ਅਤੇ ਸਵਾਲ ਜਵਾਬ ਸ਼ੁਰੂ ਹੋ ਗਏ। ਆਖਰਕਾਰ ਸੰਤ ਰੇਨ ਬਾਲਕ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਅਸਮਰੱਥ ਰਹੇ। ਇਸ ਤਰ੍ਹਾਂ ਉਹ ਉਪਰਾਮ ਰਹਿਣ ਲੱਗੇ। ਘਰਦਿਆਂ ਨੇ ਉਹਨਾਂ ਨੂੰ ਉਹਨਾਂ ਦੀ ਭੈਣ ਕੋਲ ਸੁਲਤਾਨਪੁਰ ਭੇਜ ਦਿੱਤਾ। ਪਰ ਉੱਥੇ ਵੀ ਮੰਨ ਨਹੀਂ ਲੱਗਿਆ ਅਤੇ ਉੱਥੇ ਵੀ ਉਪਰਾਮ ਰਹੇ। ਉਹਨਾਂ ਨੇ ਸਮਾਜ ਨੂੰ ਘੋਖਿਆ ਕਿ ਸਮਾਜ ਦੀਆਂ ਕੀ ਸਮੱਸਿਆਵਾਂ ਹਨ ਅਤੇ ਕਿਵੇਂ ਹੱਲ ਕੀਤਾ ਜਾ ਸਕਦਾ ਹੈ? ਇਸ ਪ੍ਰਕਾਰ ਉਹਨਾਂ ਦਾ ਵਿਆਹ ਕਰ ਦਿੱਤਾ ਗਿਆ ਤਾਂ ਕਿ ਦੁਨੀਆਈ ਤੌਰ 'ਤੇ ਰੁੱਝਿਆ ਰਹੇ। ਉਹਨਾਂ ਦੇ ਬੱਚੇ ਵੀ ਹੋਏ ਪਰ ਫਿਰ ਵੀ ਉਹ ਉਪਰਾਮ ਰਹੇ, ਕਿ ਸਮਾਜ ਅਤੇ ਦੁਨੀਆਂ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ ।

ਉਹਨਾਂ ਨੇ ਸੋਚ ਵਿਚਾਰ ਤੋਂ ਸਿੱਟਾ ਕੱਢਿਆ ਕਿ ਉਦਾਸੀਆਂ ਕੀਤੀਆਂ ਜਾਣ ਤਾਂ ਕਿ ਸਿਧਾਂਤਕਾਰ, ਸਮਾਜ ਮੁਖੀਆਂ, ਧਰਮ ਮੁਖੀਆਂ, ਰਾਜ ਮੁਖੀਆਂ ਨਾਲ ਗੋਸ਼ਟੀਆਂ ਕਰਕੇ ਸਮਾਜ ਅਤੇ ਦੁਨੀਆਂ ਦੀਆ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ। ਉਹਨਾਂ ਨੇ ਆਪਣੇ ਪ੍ਰਚਾਰ ਦਾ ਮਾਧਿਅਮ ਪੰਜਾਬੀ ਬੋਲੀ ਅਤੇ ਗੁਰਮੁਖੀ ਲਿੱਪੀ ਨੂੰ ਅਪਣਾਇਆ। ਪੰਜਾਬ ਦੀ ਲਿੱਪੀ ਜਿਸ ਨੂੰ ਟਾਕਰੀ ਕਹਿੰਦੇ ਸਨ, ਉਹ ਪਹਿਲਾਂ ਸੰਸਕ੍ਰਿਤ ਮਾਧਿਅਮ ਲਈ ਲਿਖੀ ਜਾਂਦੀ ਸੀ, ਜਿਸਨੂੰ ਗੁਰੂ ਸਾਹਿਬ ਨੇ ਸ਼ੁੱਧ ਕਰਕੇ ਗੁਰਬਾਣੀ ਲਿਖਣ ਦੇ ਕਾਬਲ ਬਣਾਇਆ। ਜਿਹਨਾਂ ਸੰਤਾਂ ਨੇ ਨਿਰਗੁਣਵਾਦ ਦਾ ਪ੍ਰਚਾਰ ਕੀਤਾ, ਉਹ ਵੱਖੋ-ਵੱਖਰੇ ਇਲਾਕੇ ਨਾਲ ਸਬੰਧਤ ਹੋਣ ਕਰਕੇ ਵੱਖ-ਵੱਖ ਲਿੱਪੀਆਂ ਲਿਖਦੇ ਸਨ। ਉਹਨਾਂ ਸੰਤਾਂ ਦੀਆਂ ਬਾਣੀਆਂ ਜਿਹੜੀਆਂ ਬਾਬੇ ਨਾਨਕ ਦੀ ਵਿਚਾਰਧਾਰਾ ਨਾਲ ਸਮਾਨਤਾ ਰੱਖਦੀਆਂ ਸਨ, ਨੂੰ ਸਤਿਕਾਰ ਨਾਲ ਸੰਭਾਲਿਆ ਅਤੇ ਆਪਣੇ ਉੱਤਰਾਅਧਿਕਾਰੀਆਂ ਨੂੰ ਦਿੰਦੇ ਗਏ। ਉਹਨਾਂ ਤੋਂ ਪੰਜਵੇਂ ਉੱਤਰਾਅਧਿਕਾਰੀ ਗੁਰੂ ਅਰਜਨ ਦੇਵ ਜੀ ਨੇ ਵਿਰਸੇ ਵਿੱਚੋਂ ਮਿਲੀ ਪੋਥੀ ਤੇ ਆਪਣੇ ਤੋਂ ਪਹਿਲਾਂ ਚਾਰ ਮੁਹੱਲਿਆਂ ਦੀ ਬਾਣੀ ਸੰਕਲਣ ਕਰਕੇ ਆਦਿ ਗ੍ਰੰਥ ਨੂੰ ਮੁਕੰਮਲ ਕੀਤਾ। ਇਸ ਨੂੰ 10ਵੇਂ ਗੁਰੂ ਨੇ ਨੌਵੇਂ ਗੁਰੂ ਦੀ ਬਾਣੀ ਪਾ ਕੇ ਮੁਕੰਮਲ ਕੀਤਾ। ਇਸੀ ਗ੍ਰੰਥ ਨੂੰ ਗੁਰੂ ਦਾ ਦਰਜਾ ਪ੍ਰਧਾਨ ਕੀਤਾ ਗਿਆ। ਜਿਹੜੇ ਹੁਕਮਨਾਮੇ ਸਿੱਖ ਗੁਰੂਆਂ ਨੇ ਜਾਰੀ ਕੀਤੇ ਉਹ ਸਾਰੇ ਗੁਰਮੁਖੀ ਲਿੱਪੀ ਵਿੱਚ ਸਨ। ਗੁਰੂ ਗੋਬਿੰਦ ਸਿੰਘ ਮਗਰੋਂ ਰਾਜਨੀਤਿਕ ਲੀਡਰਾਂ ਅਤੇ ਧਾਰਮਿਕ ਆਗੂਆਂ ਨੇ ਇਸ ਲਿੱਪੀ ਵੱਲ ਬਹੁਤੀ ਦਿਲਚਸਪੀ ਨਹੀਂ ਦਿਖਾਈ। ਸਿੱਟੇ ਵਜੋਂ ਪਛੜ ਗਈ। ਗੁਰੂਆਂ ਦਾ ਮੁੱਖ ਟੀਚਾ ਗੁਰਮੁਖੀ ਲਿੱਪੀ ਨੂੰ ਸੰਪਰਕ ਲਿੱਪੀ ਬਣਾਉਣਾ ਸੀ ਤਾਂ ਕਿ ਇਹ ਫ਼ਾਰਸੀ ਦੀ ਥਾਂ ਮੱਲ ਸਕੇ । ਮੌਕੇ ਦੇ ਸਿੱਖ ਲੀਡਰਾਂ ਅਤੇ ਮੁਖੀਆਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਬਾਬੇ ਨਾਨਕ ਨੇ ਨਿਰਗੁਣਵਾਦ ਨੂੰ ਸਮਾਜ ਵਿੱਚ ਲਾਗੂ ਕੀਤਾ। ਇਸਤਰੀ ਜਾਤੀ ਦੇ ਹੱਕ ਵਿੱਚ ਆਵਾਜ਼ ਉਠਾਈ ਅਤੇ ਸਮਾਜ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਕਿਹਾ, ਕਿਉਂਕਿ ਸਮਾਜ ਦਾ ਅੱਧਾ ਹਿੱਸਾ ਇਸਤਰੀ ਜਾਤੀ ਹੀ ਹੈ, ਜਿਹੜੀ ਸਮਾਜ ਵਿੱਚ ਬ੍ਰਾਹਮਣਵਾਦ ਰਾਹੀਂ ਨਾ-ਬਰਾਬਰੀ ਕੀਤੀ ਗਈ, ਦੇ ਖ਼ਿਲਾਫ਼ ਆਵਾਜ਼ ਉਠਾਈ ਗਈ। ਲੋਕਾਂ ਨੂੰ ਉਹਨਾਂ ਦੀ ਭਾਸ਼ਾ ਦੇ

ਸ਼ੋਸ਼ਣ ਬਾਰੇ ਆਵਾਜ਼ ਉਠਾਈ। ਉਹਨਾਂ ਨੇ ਲੋਕਾਂ ਨੂੰ ਵੰਗਾਰਿਆ ਕਿ ਆਪਣੀ ਭਾਸ਼ਾ ਦੀ ਕੀਮਤ ਤੇ ਦੂਜੀਆਂ ਭਾਸ਼ਾਵਾਂ ਨੂੰ ਮਾਨਤਾ ਨਾ ਦੇਣ। ਜਿਹੜੇ ਲੋਕ ਆਪਣੀ ਜ਼ਿੰਦਗੀ ਵਿੱਚ ਬੇਇਜ਼ਤੀ ਸਹਾਰ ਰਹੇ ਸਨ, ਉਹਨਾਂ ਨੂੰ ਵੰਗਾਰਿਆ ਤਾਂ ਜੋ ਆਪਣੇ ਆਪ ਨੂੰ ਉੱਚਾ ਉੱਠਾਉਣ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ। ਉਹਨਾਂ ਨੇ ਸਮਾਜ ਨੂੰ ਗੋਸ਼ਟੀਆਂ ਕਰਨ ਦਾ ਸੁਝਾਅ ਦਿੱਤਾ ਕਿ ਆਪਣੇ ਵਿਚਾਰਾਂ ਦੀ ਸਾਂਝ ਕਰਨੀ ਚਾਹੀਦੀ ਹੈ। ਔਗੁਣਾਂ ਤੋਂ ਬਚਣਾ ਚਾਹੀਦਾ ਹੈ। ਆਪਣੀ ਕਿਰਤ ਵਿੱਚੋਂ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਜਿਵੇਂ ਵੇਦਾਂਤ ਦਰਸ਼ਨ ਵਿੱਚ ਕਿਹਾ ਗਿਆ ਹੈ ਕਿ ਬ੍ਰਹਮ ਹੀ ਸੱਚ ਹੈ, ਬਾਕੀ ਸਭ ਝੂਠ ਹੈ। ਬਾਬੇ ਨਾਨਕ ਨੇ ਇਸ ਦੀ ਪ੍ਰੋੜਤਾ ਕੀਤੀ ਕਿ ਬ੍ਰਹਮ ਸੱਚਾ ਹੈ, ਉੱਥੇ ਉਸਦੀ ਰਚਨਾ ਵੀ ਸੱਚੀ ਹੈ। ਜਿਹੜੇ ਲੋਕ ਈਸ਼ਵਰ ਨੂੰ ਤਾਂ ਮੰਨਦੇ ਸਨ ਪਰ ਉਹ ਸਮਾਜ ਪ੍ਰਤੀ ਸੁਚੇਤ ਨਹੀਂ ਸਨ, ਉਹਨਾਂ ਨੂੰ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਸੇਵਾ ਦੁਆਰਾ ਦੱਸਿਆ। ਦੁਨੀਆ ਨੂੰ ਭਾਈਚਾਰਾ ਬਣਾ ਕੇ ਰਹਿਣ ਦਾ ਉਪਦੇਸ਼ ਦਿੱਤਾ ਕਿਉਂਕਿ ਅਸੀਂ ਸਾਰੇ ਉਸ ਈਸ਼ਵਰ ਦੀ ਔਲਾਦ ਹਾਂ ਅਤੇ ਸਾਰੇ ਭੈਣ ਭਾਈ ਹਾਂ।

ਉਹਨਾਂ ਨੇ ਪੰਜਾਬ ਦੀ ਬੋਲੀ ਨੂੰ ਬਾਣੀ ਦਾ ਮਾਧਿਅਮ ਬਣਾਇਆ ਅਤੇ ਇੱਥੋਂ ਦੀ ਲਿੱਪੀ ਅਪਨਾਈ, ਬ੍ਰਾਹਮਣਵਾਦੀ ਭਾਸ਼ਾ ਨੂੰ ਅਤੇ ਲਿੱਪੀ ਨੂੰ ਰੱਦ ਕੀਤਾ ਜੋ ਕਿ ਦੇਵਤਿਆ ਦੀ ਮੰਨੀ ਜਾਂਦੀ ਹੈ। ਉਹਨਾਂ ਨੇ ਪੰਜਾਬੀ ਬੋਲੀ ਨੂੰ ਅਪਣਾਇਆ ਜੋ ਕਿ ਸੰਸਕ੍ਰਿਤ ਵਿੱਚੋਂ ਨਹੀ ਨਿਕਲੀ। ਬਾਬੇ ਦੀ ਇਸ ਵਿਚਾਰ ਦੀ ਝਲਕ ਰਿਗਵੇਦ ਵਿੱਚੋਂ ਮਿਲਦੀ ਹੈ। ਅਨੇਕਾਂ ਪੰਜਾਬੀ ਸ਼ਬਦ ਰਿਗਵੇਦ ਵਿੱਚ ਮਿਲਦੇ ਹਨ ਜੋ ਕਿ ਸੰਸਕ੍ਰਿਤ ਵਿੱਚ ਨਹੀਂ ਹਨ। ਇਸ ਦਾ ਸਬੂਤ ਪਾਨਿਨੀ ਦੇ "**ਅਸ਼ਟ ਅਧਿਆਇ**" ਗ੍ਰੰਥ ਵਿੱਚੋਂ ਮਿਲਦਾ ਹੈ। ਪਾਨਿਨੀ ਦੇ ਅਸ਼ਟ ਅਧਿਆਇ ਵਿੱਚ ਇਕ ਅਧਿਆਇ, ਜਿਸ ਦਾ ਨਾਂ ਉਨ-ਆਦਿ ਹੈ, ਜਿਸ ਵਿੱਚ ਕਈ ਸ਼ਬਦ ਪੰਜਾਬੀ ਨਿਯਮਾਂ (ਰੂਲ) ਅਨੁਸਾਰ ਬਣੇ ਹੋਏ ਮਿਲਦੇ ਹਨ । ਜਿਵੇਂ ਆਯੂ, ਵਾਯੂ, ਦੱਸਯੂ, ਵਾਸੂ, ਜੋ ਸੰਸਕ੍ਰਿਤ ਰੂਲਾਂ ਅਨੁਸਾਰ ਨਹੀਂ ਬਣੇ ਹਨ। ਇੱਥੋਂ ਸਿੱਟਾ ਨਿਕਲਦਾ ਹੈ ਕਿ ਪੰਜਾਬੀ ਸੰਸਕ੍ਰਿਤ ਦੇ ਗਰੈਮਰ ਦੇ ਬਣਨ ਤੋਂ ਪਹਿਲਾਂ ਪੰਜਾਬੀ ਬੋਲਦੇ ਸਨ ਅਤੇ ਰਿਗਵੇਦ ਤੋਂ ਪਹਿਲਾਂ ਵੀ ਬੋਲੀ ਜਾਂਦੀ ਸੀ। ਇਸਦਾ ਬ੍ਰਾਹਮਣਵਾਦ ਦੁਆਰਾ ਅਤੇ ਬਾਹਰਲੇ ਸ਼ਾਸਕਾਂ ਦੁਆਰਾ ਸ਼ੋਸ਼ਣ ਕੀਤਾ ਗਿਆ।

ਗੁਰੂ ਸਾਹਿਬ ਨੇ ਜਿਹੜਾ ਉਪਦੇਸ਼ ਆਪਣੇ ਫਲਸਫੇ ਵਿੱਚ ਦਿੱਤਾ ਸੀ, ਉਸ ਵਿੱਚ ੴ ਨੂੰ ਹੀ ਅਨਾਦਿ, ਇੱਕੋ-ਇੱਕ ਤੱਤ ਮੰਨਿਆ ਹੈ। ਉਸ ਨੂੰ ਹੀ ਕਰਤਾ ਮੰਨਿਆ ਹੈ ਜੋ ਕਿ ਬ੍ਰਹਮੰਡ ਦਾ ਰਚਨਹਾਰ ਹੈ।

ਪੰਜਾਬ ਜਦੋਂ ਅਸ਼ੋਕ ਦੇ ਰਾਜ ਵਿੱਚ ਆਇਆ ਪੰਜਾਬੀ ਗੁਲਾਮ ਹੋ ਗਏ। ਇਹਨਾਂ 'ਤੇ ਪਾਲੀ ਬੋਲੀ ਅਤੇ ਲਿੱਪੀ ਲੱਦ ਦਿੱਤੀ। ਇਹ ਧੱਕੜ ਦਾ ਧੱਕਾ ਸੀ। ਜਿੱਥੇ-ਜਿੱਥੇ ਰਿਗਵੇਦ ਨੂੰ ਮੰਨਣ ਵਾਲੇ ਲੋਕ ਗਏ, ਉਹ ਆਪਣੇ ਨਾਲ ਸ਼ਬਦਾਵਲੀ ਲੈ ਗਏ, ਜੋ ਕਿ ਪ੍ਰਾਕ੍ਰਿਤਾਂ ਵਿੱਚ ਮਿਲ ਗਈ ਹੈ।

ਜੈਨੀਆਂ ਦੀ ਪ੍ਰਾਕ੍ਰਿਤ (ਧਰਮ ਗ੍ਰੰਥਾਂ ਦੀ ਬੋਲੀ) ਅਰਧ-ਮਾਗਧੀ ਹੈ। ਜਦੋਂ ਅਸੀ ਪੰਜਾਬੀ ਨਾਲ ਤੁਲਨਾ ਕਰਦੇ ਹਾਂ ਤਾਂ ਕੁਝ ਵੀ ਸਾਂਝਾ ਨਹੀਂ ਹੈ। ਇਸੇ ਤਰ੍ਹਾਂ ਦੱਖਣ ਦੀਆਂ ਬੋਲੀਆਂ ਦਾ ਵੀ ਪੰਜਾਬੀ ਨਾਲ ਕੋਈ ਸਬੰਧ ਨਹੀ ਹੈ। ਦ੍ਰਾਵਿੜ ਬੋਲੀਆਂ ਦੇ ਗਰੈਮਰ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਨਾਲ ਕੁਝ ਵੀ ਸਾਂਝਾ ਨਹੀ ਹੈ। ਭਾਵ ਨਾ ਹੀ ਸ਼ਬਦਾਵਲੀ ਅਤੇ ਨਾ ਹੀ ਗਰੈਮਰ ਦੀ ਸਾਂਝ ਹੈ। ਇਸ ਤੋਂ ਇਲਾਵਾ ਇਕ ਹੋਰ ਬੋਲੀ ਪਸ਼ਾਚ ਹੈ ਜੋ ਕਿ ਪਸ਼ਾਚਾਂ ਦੀ ਮੰਨੀ ਜਾਂਦੀ ਹੈ। ਜੋ ਕਿ ਸਿੰਧ ਦਰਿਆ ਦੇ ਉਤਰ ਪੱਛਮ ਕਸ਼ਮੀਰ ਦੇ ਉਪਰਲੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਉਸ ਦੀ ਵੀ ਪੰਜਾਬੀ ਨਾਲ ਕੋਈ ਸਾਂਝ ਨਹੀਂ ਹੈ। ਬਾਬੇ ਦੇ ਅਨੁਸਾਰੀ ਦਾ ਇਹ ਰੁਝਾਨ ਹੈ ਕਿ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾਵੇ, ਕਿਉਂਕਿ ਅੰਗਰੇਜ਼ੀ ਦਾ ਅੱਜਕੱਲ੍ਹ ਬਹੁਤ Propaganda ਹੋ ਚੁੱਕਾ ਹੈ। ਇਹ ਇੰਟਰਨੈਸ਼ਨਲ ਭਾਸ਼ਾ ਹੈ। ਅੰਗਰੇਜ਼ੀ ਦੀ ਸਥਿਤੀ ਦਾ U.K. ਦੀ ਪਾਰਲੀਮੈਂਟ ਤੋਂ ਪਤਾ ਲੱਗਦਾ ਹੈ ਕਿ ਉੱਥੇ ਸਰਕਾਰੀ ਭਾਸ਼ਾ ਪਹਿਲਾਂ ਫਰੈਂਚ ਸੀ। ਉੱਥੇ ਦੀ ਪਾਰਲੀਮੈਂਟ ਨੇ ਮਤਾ ਰੱਖਿਆ ਕਿ ਅੰਗਰੇਜ਼ੀ ਸੰਪਰਕ ਭਾਸ਼ਾ ਬਣਨੀ ਚਾਹੀਦੀ ਹੈ। ਉਦੋਂ ਤੋਂ ਲੈ ਕੇ ਲਗਭਗ 200 ਸਾਲ ਅੰਗਰੇਜ਼ੀ ਦੇ ਹਮਾਇਤੀਆਂ ਨੇ ਮਿਹਨਤ ਕੀਤੀ ਅਤੇ ਹਰ ਵਿਭਾਗ ਵਿੱਚ ਵਰਤਣ ਦੇ ਕਾਬਲ ਬਣਾਇਆ। ਅੱਜ ਜਿਹੜੀ ਅੰਗਰੇਜ਼ੀ ਦੀ ਸਥਿਤੀ ਹੈ ਉਹ ਸਿਰਫ਼ ਅੰਗਰੇਜ਼ੀ ਦੇ ਹਮਾਇਤੀਆਂ ਦੀ ਹੀ ਮਿਹਨਤ ਹੈ। ਜਰਮਨ ਅਤੇ ਅੰਗਰੇਜ਼ੀ ਨੇ ਇੱਕੋ ਸਮੇਂ 'ਤੇ develop ਹੋਣਾ ਸ਼ੁਰੂ ਕੀਤਾ ਅਤੇ ਅੰਗਰੇਜ਼ੀ ਅੱਗੇ ਨਿਕਲ ਗਈ। ਇਸ ਤਰ੍ਹਾਂ ਫਰੈਂਚ ਵੀ ਸੁੰਗੜ ਕੇ ਥੋੜੇ ਜਿਹੇ ਇਲਾਕੇ ਵਿੱਚ ਰਹਿ ਗਈ।

ਜੇਕਰ ਅਸੀ ਪੰਜਾਬੀ ਨੂੰ ਅੱਗੇ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਇਸਨੂੰ ਮਿਸ਼ਨਰੀ ਕੰਮ ਸਮਝ ਕੇ ਕਰਨਾ ਪਵੇਗਾ। ਦੂਜੀਆ ਬੋਲੀਆਂ ਸਾਨੂੰ ਜ਼ਰੂਰ ਸਿੱਖਣੀਆਂ ਚਾਹੀਦੀਆਂ। ਪਰ ਪੰਜਾਬੀ ਵੀ ਜ਼ਰੂਰੀ ਸਿੱਖਣੀ ਪੈਣੀ ਹੈ ਅਤੇ ਦਿਲਾਂ ਵਿੱਚੋਂ ਨਫਰਤ ਕੱਢਣੀ ਪਵੇਗੀ। ਜੋ ਪੈਸੇ ਅਸੀ ਦੂਜੀਆਂ ਭਾਸ਼ਾਵਾਂ 'ਤੇ ਖਰਚ ਰਹੇ ਹਾਂ ਤਾਂ ਸਾਨੂੰ ਇਸ ਭਾਸ਼ਾ 'ਤੇ ਵੀ ਖਰਚ ਕਰਨੇ ਪੈਣਗੇ ਇਹਦੇ ਨਾਲ ਸਾਡੀ ਉੱਚਤਾਈ ਵੱਧੇਗੀ ਅਤੇ ਹੀਣਤਾ ਘਟੇਗੀ।

—੦—

# ਮੌਤ ਦੀ ਦਾਅਵਤ ਦਾ ਆਯੋਜਨ ਕਰਨਾ ਜਾਂ ਉਸ ਵਿੱਚ ਹਿੱਸਾ ਲੈਣਾ ਇੱਕ ਸਜ਼ਾਯੋਗ ਅਪਰਾਧ ਹੈ ! -ਤੁਹਾਨੂੰ ਜੇਲ੍ਹ ਜਾਣਾ ਪੈ ਸਕਦਾ ਹੈ !

-ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ

**ਰਾਜਸਥਾਨ ਮੌਤ ਭੋਜ ਨਿਵਾਰਨ ਐਕਟ 1960 ਦੇ ਤਹਿਤ, ਮੌਤ ਦੀ ਦਾਅਵਤ ਕਾਨੂੰਨ ਦੁਆਰਾ ਸਜ਼ਾਯੋਗ ਹੈ।**

**ਇਸ ਗੱਲ 'ਤੇ ਬਹਿਸ ਸ਼ੁਰੂ ਹੋ ਗਈ ਹੈ ਕਿ ਕੀ ਮੌਤ ਦੀ ਦਾਅਵਤ ਇੱਕ ਮਾੜਾ ਰਿਵਾਜ ਹੈ ਜਾਂ ਇੱਕ ਧਾਰਮਿਕ ਰਸਮ ਹੈ ਜੋ ਕਿਸੇ ਪਰਿਵਾਰਕ ਮੈਂਬਰ ਦੀ ਮੌਤ 'ਤੇ 13 ਦਿਨਾਂ ਦੇ ਸੋਗ ਤੋਂ ਬਾਅਦ ਕੀਤੀ ਜਾਂਦੀ ਹੈ-ਇਸਦਾ ਰਾਸ਼ਟਰੀ ਪੱਧਰ 'ਤੇ ਹੱਲ ਕਰਨ ਦੀ ਲੋੜ ਹੈ**

ਵਿਸ਼ਵ ਪੱਧਰ 'ਤੇ, ਭਾਰਤ ਦੁਨੀਆ ਦਾ ਇੱਕੋ ਇੱਕ ਦੇਸ਼ ਹੈ ਜਿੱਥੇ ਹਜ਼ਾਰਾਂ ਸਮਾਜਾਂ, ਲੱਖਾਂ ਜਾਤਾਂ, ਉਪ-ਜਾਤੀਆਂ ਨੂੰ ਧਰਮ ਅਤੇ ਅਧਿਆਤਮਿਕ ਵਿਸ਼ਵਾਸ ਦੀ ਜੜ੍ਹ ਕਿਹਾ ਜਾਂਦਾ ਹੈ, ਜਿਸਨੂੰ ਵਿਦੇਸ਼ਾਂ ਵਿੱਚ ਭਾਰਤੀ ਸੁੰਦਰਤਾ ਦੀਆਂ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਬਹੁਤ ਸਾਰੇ ਸੈਲਾਨੀ ਇਸ ਵਿਲੱਖਣ ਪ੍ਰਣਾਲੀ ਨੂੰ ਦੇਖਣ ਅਤੇ ਇਹ ਕਹਿਣ ਲਈ ਭਾਰਤ ਆਉਂਦੇ ਹਨ ਕਿ ਇਹ ਪ੍ਰਸ਼ੰਸਾਯੋਗ ਹੈ! ਇਹੀ ਕਾਰਨ ਹੈ ਕਿ ਭਾਰਤ ਇੱਕ ਧਰਮ ਨਿਰਪੱਖ ਦੇਸ਼ ਦੀ ਸ਼ਕਤੀ ਲਈ ਮਸ਼ਹੂਰ ਹੈ। ਭਾਰਤੀ ਰੀਤੀ-ਰਿਵਾਜ ਹਰ ਸਮਾਜ ਪੱਧਰ 'ਤੇ ਵੱਖਰੇ ਢੰਗ ਨਾਲ ਲਾਗੂ ਕੀਤੇ ਜਾਂਦੇ ਹਨ, ਪਰ ਬਹੁਤ ਸਾਰੀਆਂ ਰਸਮਾਂ ਅਤੇ ਰਿਵਾਜ ਹਨ ਜੋ ਲਗਭਗ ਹਰ ਸਮਾਜ ਅਤੇ ਜਾਤੀ ਵਿੱਚ ਆਮ ਹਨ, ਉਨ੍ਹਾਂ ਵਿੱਚੋਂ ਇੱਕ ਹੈ, ਜਦੋਂ ਪਰਿਵਾਰ ਦੇ ਕਿਸੇ ਮੈਂਬਰ ਦੀ ਮੌਤ ਹੋ ਜਾਂਦੀ ਹੈ, ਤਾਂ ਉਸ ਪਰਿਵਾਰ ਵਿੱਚ 13 ਦਿਨਾਂ ਦਾ ਸੋਗ ਮਨਾਇਆ ਜਾਂਦਾ ਹੈ ਅਤੇ ਆਖਰੀ ਦਿਨ, ਭਾਵੇਂ ਉਹ 13ਵਾਂ ਜਾਂ 12ਵਾਂ ਦਿਨ ਹੋਵੇ, ਇੱਕ ਮੌਤ ਦਾ ਤਿਉਹਾਰ ਦਿੱਤਾ ਜਾਂਦਾ ਹੈ ਜਿਸ ਵਿੱਚ ਸਮਾਜ ਪੱਧਰ, ਪਰਿਵਾਰ ਅਤੇ ਰਿਸ਼ਤੇਦਾਰ ਹਿੱਸਾ ਲੈਂਦੇ ਹਨ। ਪਰ ਸਮੇਂ ਦੇ ਬਦਲਦੇ ਸੰਦਰਭ ਵਿੱਚ, ਅੱਜਕੱਲ੍ਹ ਸਮੇਂ ਦੀ ਘਾਟ ਕਾਰਨ, ਸਮਾਜ ਵਿੱਚ ਆਪਣੇ ਸਮੇਂ ਅਨੁਸਾਰ ਮੌਤ ਦਾ ਤਿਉਹਾਰ ਦਿੱਤਾ ਜਾਂਦਾ ਹੈ, ਇਸ ਲਈ ਬਹੁਤ ਸਾਰੇ ਸਮਾਜਾਂ ਵਿੱਚ ਇਹ ਮੌਤ ਦਾ ਤਿਉਹਾਰ ਸਿਰਫ ਪਰਿਵਾਰ ਅਤੇ ਰਿਸ਼ਤੇਦਾਰਾਂ ਤੱਕ ਸੀਮਤ ਹੋ ਗਿਆ ਹੈ, ਜਿਸਨੂੰ ਪੰਚਾਇਤ ਦੁਆਰਾ ਬਣਾਏ ਗਏ ਅਜਿਹੇ ਨਿਯਮ ਮੰਨਿਆ ਜਾਂਦਾ ਹੈ, ਜੋ ਕਿ ਮੇਰਾ ਮੰਨਣਾ ਹੈ ਕਿ ਇਹ ਕਾਫ਼ੀ ਹੱਦ ਤੱਕ ਢੁਕਵਾਂ ਵੀ ਹੈ। ਜਦੋਂ ਮੈਂ ਸਾਡੇ ਰਾਈਸ ਸਿਟੀ ਗੋਂਡੀਆ ਨਗਰੀ ਦੇ ਕੁਝ ਸਮਾਜਾਂ ਦੇ ਗਿਆਨਵਾਨ ਨਾਗਰਿਕਾਂ ਨਾਲ ਇਸ ਮੌਤ ਦਾ ਤਿਉਹਾਰ ਦੇ ਵਿਸ਼ੇ 'ਤੇ ਲੰਬੀ ਚਰਚਾ ਕੀਤੀ, ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਸਮਾਜ ਵਿੱਚ ਮੌਤ ਦਾ ਤਿਉਹਾਰ 'ਤੇ ਪਾਬੰਦੀ ਹੈ ਪਰ ਸਮਾਜ ਦੇ ਲੋਕ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਤੱਕ ਸੀਮਤ ਮੌਤ ਦਾ ਤਿਉਹਾਰ ਦੀ ਰਸਮ ਕਰਦੇ ਰਹਿੰਦੇ ਹਨ। ਅਸੀਂ ਅੱਜ ਇਹ ਚਰਚਾ ਇਸ ਲਈ ਕਰ ਰਹੇ ਹਾਂ ਕਿਉਂਕਿ ਅੱਜ 16 ਅਗਸਤ 2025 ਨੂੰ, ਇੱਕ ਔਰਤ ਨੇ ਮੈਨੂੰ ਡਿਸਪੋਜ਼ਲ ਸ਼ਾਪ 'ਤੇ ਦੱਸਿਆ ਕਿ ਉਸਦੇ ਪਤੀ ਦੀ ਮੌਤ ਹੋ ਗਈ ਹੈ, ਉਹ ਉਸਦੀ 13 ਵੇਂ ਦਿਨ ਮੌਤ ਦਾ ਤਿਉਹਾਰ ਮਨਾ ਰਹੇ ਹਨ। ਪੂਰੇ 13 ਦਿਨਾਂ ਦੇ ਸੋਗ ਵਿੱਚ ਇੱਕ ਲੱਖ ਰੁਪਏ ਤੋਂ ਵੱਧ ਖਰਚ ਹੋਏ ਹਨ, ਅਤੇ ਮੌਤ ਦਾ ਤਿਉਹਾਰ 'ਤੇ ਲਗਭਗ 40-50 ਹਜ਼ਾਰ ਰੁਪਏ ਵੀ ਖਰਚ ਹੋਣਗੇ। ਉਸਨੇ ਕਿਹਾ ਕਿ ਉਹ ਇਹ ਮੌਤ ਦਾ ਭੋਜਨ ਨਹੀਂ ਕਰਨਾ ਚਾਹੁੰਦੀ ਪਰ ਸਮਾਜ ਦੇ ਕੁਝ ਲੋਕਾਂ ਨੇ ਕਿਹਾ ਕਿ ਇਸ ਨਾਲ ਸਮਾਜ ਮੇਰੇ 'ਤੇ ਉਂਗਲਾਂ ਉਠਾਏਗਾ, ਮੈਨੂੰ ਬਦਨਾਮ ਕਰੇਗਾ, ਅਤੇ ਮੇਰੀ ਸਮਾਜਿਕ ਪ੍ਰਤਿਸ਼ਠਾ ਘਟੇਗੀ! ਇਸੇ ਲਈ ਮੈਂ ਇਹ ਸਭ ਕਰ ਰਹੀ ਹਾਂ। ਬੱਸ! ਇਸੇ ਲਈ ਮੈਂ ਅੱਜ ਇਸ ਵਿਸ਼ੇ 'ਤੇ ਇੱਕ ਲੇਖ ਲਿਖਣ ਬਾਰੇ ਸੋਚਿਆ ਅਤੇ ਫਿਰ ਮੈਂ ਇਸ 'ਤੇ ਖੋਜ ਸ਼ੁਰੂ ਕੀਤੀ, ਫਿਰ ਮੈਨੂੰ ਰਾਜਸਥਾਨ ਮੌਤ ਭੋਜ ਨਿਵਾਰਨ ਅਧਿਨੀਅਮ 1960 ਮਿਲਿਆ, ਜਿਸ ਦੇ ਤਹਿਤ ਮੌਤ ਦਾ ਭੋਜਨ ਦੇਣਾ ਜਾਂ ਇਸ ਵਿੱਚ ਹਿੱਸਾ ਲੈਣਾ ਇੱਕ ਸਜ਼ਾਯੋਗ ਅਪਰਾਧ ਹੈ, ਕਿਸੇ ਨੂੰ ਜੇਲ੍ਹ ਜਾਣਾ ਪੈ ਸਕਦਾ ਹੈ। ਇਸ ਵਿੱਚ ਸਜ਼ਾ 1 ਸਾਲ ਦੀ ਕੈਦ ਅਤੇ 1000 ਰੁਪਏ ਜੁਰਮਾਨਾ ਹੈ। ਦੂਜਾ, ਰਾਜਸਥਾਨ ਪੁਲਿਸ ਦੀ 13 ਦਸੰਬਰ 2023 ਦੀ ਇੱਕ ਪੋਸਟ ਸੋਸ਼ਲ ਮੀਡੀਆ 'ਤੇ ਪਾਈ ਗਈ ਜਿਸ ਵਿੱਚ ਲਿਖਿਆ ਸੀ, ਮ੍ਰਿਤੂ ਭੋਜ ਦੇਣਾ ਅਤੇ ਇਸ ਵਿੱਚ ਹਿੱਸਾ ਲੈਣਾ ਕਾਨੂੰਨ ਦੁਆਰਾ ਸਜ਼ਾਯੋਗ ਅਪਰਾਧ ਹੈ। ਮਨੁੱਖੀ ਦ੍ਰਿਸ਼ਟੀਕੋਣ ਤੋਂ ਵੀ, ਇਹ ਸਮਾਗਮ ਅਣਉਚਿਤ ਹੈ, ਇਸ ਲਈ ਆਓ ਇਕੱਠੇ ਹੋਈਏ ਅਤੇ ਸਮਾਜ ਵਿੱਚੋਂ ਇਸ ਬੁਰਾਈ ਨੂੰ ਦੂਰ ਕਰੀਏ, ਇਸਦਾ ਵਿਰੋਧ ਕਰੀਏ। ਕਿਉਂਕਿ ਮੌਤ ਦਾ ਤਿਉਹਾਰ ਰਾਜਸਥਾਨ ਮੌਤ ਭੋਜ ਰੋਕਥਾਮ ਐਕਟ 1960 ਦੇ ਤਹਿਤ ਇੱਕ ਸਜ਼ਾਯੋਗ ਅਪਰਾਧ ਹੈ, ਇਸ ਲਈ ਅੱਜ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਚਰਚਾ ਕਰਾਂਗੇ ਕਿ ਕੀ

ਪਰਿਵਾਰ ਦੇ ਮੈਂਬਰ ਦੀ ਮੌਤ ’ਤੇ 13 ਦਿਨਾਂ ਦਾ ਸੋਗ ਇੱਕ ਬੁਰਾ ਰਿਵਾਜ/ਰਿਵਾਜ/ਧਾਰਮਿਕ ਸੰਸਕਾਰ ਹੈ। ਇਸਨੂੰ ਰਾਸ਼ਟਰੀ ਪੱਧਰ ’ਤੇ ਹੱਲ ਕਰਨ ਦੀ ਲੋੜ ਹੈ।

ਜੇਕਰ ਅਸੀਂ ਮ੍ਰਿਤੂ ਭੋਜ ਦੀ ਗੱਲ ਕਰੀਏ, ਤਾਂ ਹਿੰਦੂ ਪਰਿਵਾਰਾਂ ਵਿੱਚ, ਮ੍ਰਿਤਕ ਵਿਅਕਤੀ ਦੀ ਆਤਮਾ ਦੀ ਸ਼ਾਂਤੀ ਲਈ, ਪਰਿਵਾਰਕ ਮੈਂਬਰ ਅੰਤਿਮ ਸੰਸਕਾਰ ਤੋਂ ਬਾਅਦ ਤੇਰਾਂ ਦਿਨਾਂ ਬਾਅਦ ਮ੍ਰਿਤੂ ਭੋਜ ਦਾ ਆਯੋਜਨ ਕਰਦੇ ਹਨ, ਪਰ ਰਾਜਸਥਾਨ ਪੁਲਿਸ ਦੇ ਹੁਕਮਾਂ ਨੂੰ ਵੇਖਦਿਆਂ, ਇਹ ਜਾਪਦਾ ਹੈ ਕਿ ਇਹ ਲੋਕਾਂ ਦਾ ਅਧਿਕਾਰ ਨਹੀਂ ਬਲਕਿ ਇੱਕ ਅਪਰਾਧ ਹੈ। ਰਾਜਸਥਾਨ ਪੁਲਿਸ ਨੇ 13 ਦਸੰਬਰ ਦੀ ਸਵੇਰ ਨੂੰ ਸੋਸ਼ਲ ਸਾਈਟ ✓ ’ਤੇ ਪੋਸਟ ਕੀਤਾ ਸੀ – ਮ੍ਰਿਤੂ ਭੋਜ ਦਾ ਆਯੋਜਨ ਕਰਨਾ ਅਤੇ ਇਸ ਵਿੱਚ ਹਿੱਸਾ ਲੈਣਾ ਕਾਨੂੰਨ ਦੁਆਰਾ ਸਜ਼ਾਯੋਗ ਹੈ। ਇਹ ਸਮਾਗਮ ਮਨੁੱਖੀ ਦ੍ਰਿਸ਼ਟੀਕੋਣ ਤੋਂ ਵੀ ਅਣਉਚਿਤ ਹੈ, ਇਸ ਲਈ ਕੀ ਕਿਸੇ ਨੂੰ ਦਾਵਤ ਨਹੀਂ ਦਿੱਤੀ ਜਾਣੀ ਚਾਹੀਦੀ? ਦਰਅਸਲ, ਮੌਤ ਭੋਜ ਐਕਟ ਅੱਜ ਦਾ ਨਹੀਂ ਹੈ, ਇਹ 1960 ਦਾ ਹੈ। ਇਸ ਵਿੱਚ ਸਪੱਸ਼ਟ ਤੌਰ ’ਤੇ ਲਿਖਿਆ ਹੈ ਕਿ ਮ੍ਰਿਤੂ ਭੋਜ ਦਾ ਆਯੋਜਨ ਕਰਨਾ ਜਾਂ ਇਸ ਵਿੱਚ ਹਿੱਸਾ ਲੈਣਾ ਇੱਕ ਸਜ਼ਾਯੋਗ ਅਪਰਾਧ ਹੈ। ਸਜ਼ਾ ਵਜੋਂ ਇੱਕ ਸਾਲ ਤੱਕ ਦੀ ਕੈਦ ਜਾਂ ਇੱਕ ਹਜ਼ਾਰ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ ।ਇਸ ਵਿੱਚ ਇਹ ਸਪੱਸ਼ਟ ਹੈ ਕਿ ਧਾਰਮਿਕ ਰਸਮਾਂ ਅਧੀਨ ਆਯੋਜਿਤ ਦਾਵਤ ਵਿੱਚ ਲੋਕਾਂ ਦੀ ਗਿਣਤੀ ਸੌ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਐਕਟ ਨੂੰ ਬਣੇ ਇੰਨੇ ਸਾਲ ਬੀਤ ਗਏ ਹਨ ਪਰ ਅਸਲੀਅਤ ਇਹ ਹੈ ਕਿ ਲੋਕਾਂ ਨੂੰ ਇਸ ਬਾਰੇ ਪਤਾ ਵੀ ਨਹੀਂ ਹੈ। ਰਾਜਸਥਾਨ ਪੁਲਿਸ ਦੇ ਟਵੀਟ ’ਤੇ ਕਈ ਲੋਕਾਂ ਨੇ ਪ੍ਰਤੀਕਿਰਿਆ ਵੀ ਦਿੱਤੀ ਕਿ ਕੀ ਅਜਿਹਾ ਕੋਈ ਕਾਨੂੰਨ ਹੈ।ਬਹੁਤ ਸਾਰੇ ਲੋਕ ਅਜਿਹੇ ਸਨ ਜਿਨ੍ਹਾਂ ਨੇ ਕਿਹਾ ਕਿ ਇਹ ਉਨ੍ਹਾਂ ਦਾ ਨਿੱਜੀ ਮਾਮਲਾ ਹੈ। ਇੱਕ ਨੇ ✓ ’ਤੇ ਲਿਖਿਆ- ਅਜਿਹੇ ਹਿੰਦੂ ਵਿਰੋਧੀ ਕਾਨੂੰਨਾਂ ਨੂੰ ਬੰਦ ਕਰੋ। ਇਹ ਹਿੰਦੂ ਧਰਮ ਲਈ ਚੰਗਾ ਨਹੀਂ ਹੈ। ਇਸ ਵਿੱਚ ਕੋਈ ਮਜਬੂਰੀ ਨਹੀਂ ਹੈ। ਹਰ ਵਿਅਕਤੀ ਆਪਣੀ ਸਥਿਤੀ ਅਨੁਸਾਰ ਕਰਦਾ ਹੈ। ਇਸ ਲਈ ਕੁਝ ਲੋਕਾਂ ਨੇ ਇਸ ਦੇ ਸਮਰਥਨ ਵਿੱਚ ਵੀ ਪੋਸਟ ਕੀਤੀ। ਇੱਕ ਨੇ ਲਿਖਿਆ- ਸਾਡੇ ਯੂਪੀ ਵਿੱਚ ਵੀ ਅਜਿਹਾ ਕਾਨੂੰਨ ਹੋਣਾ ਚਾਹੀਦਾ ਹੈ ! ਲੋਕਾਂ ਨੂੰ ਦੁਬਿਧਾ ਵਿੱਚ ਪਾ ਕੇ ਮੌਤ ਤੋਂ ਬਾਅਦ ਲੁੱਟਣ ਵਾਲਿਆਂ ਦੀਆਂ ਦੁਕਾਨਾਂ! ਕੀ ਰਾਜਸਥਾਨ ਵਿੱਚ ਮੌਤ ਦਾ ਤਿਉਹਾਰ ਇੱਕ ਮਾੜਾ ਰਿਵਾਜ ਬਣ ਗਿਆ ਹੈ? ਲੋਕਾਂ ਦੇ ਤਰਕ ਤੋਂ ਵੱਡਾ ਸਵਾਲ ਇਹ ਉੱਠਦਾ ਹੈ ਕਿ ਕੀ ਸੋਗ ਮਨਾਉਣ ਵਾਲੇ ਪਰਿਵਾਰ ਨੂੰ ਮੌਤ ਦੇ ਤਿਉਹਾਰ ਲਈ ਦੁਬਿਧਾ ਵਿੱਚ ਪਾਇਆ ਜਾਂਦਾ ਹੈ? ਰਾਜਸਥਾਨ ਨਾਲ ਸਬੰਧਤ ਸੀਨੀਅਰ ਪੱਤਰਕਾਰ ਨੇ ਪਹਿਲਾਂ ਪੁਲਿਸ ਨੂੰ ਟਰੋਲ ਕਰਨ ਵਾਲਿਆਂ ਨੂੰ ਜਵਾਬ ਦਿੱਤਾ। ਉਹ ਕਹਿੰਦਾ ਹੈ- ਟਰੋਲ ਕਰਨ ਵਾਲੇ ਜ਼ਿਆਦਾਤਰ ਲੋਕ ਰਾਜ ਤੋਂ ਬਾਹਰ ਦੇ ਹਨ। ਸ਼ਾਇਦ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਰਾਜਸਥਾਨ ਵਿੱਚ ਨੁੱਕਤਾ ਯਾਨੀ ਮੌਤ ਦਾ ਤਿਉਹਾਰ ਕਿੰਨਾ ਵੱਡਾ ਮਾੜਾ ਰਿਵਾਜ ਰਿਹਾ ਹੈ। ਰਾਜਸਥਾਨ ਵਿੱਚ, ਵਿਆਹਾਂ ਵਿੱਚ ਢਾਈ ਤੋਂ ਤਿੰਨ ਹਜ਼ਾਰ ਲੋਕਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਅਤੇ ਮੌਤ ਦੀ ਦਾਅਵਤ ਵਿੱਚ ਓਨੇ ਹੀ ਲੋਕਾਂ ਨੂੰ ਖਾਣਾ ਖੁਆਉਣ ਦਾ ਦਬਾਅ ਹੁੰਦਾ ਹੈ। ਬੇਸ਼ੱਕ, ਖਾਣ-ਪੀਣ ਦੀਆਂ ਚੀਜ਼ਾਂ ਵਿਆਹ ਨਾਲੋਂ ਥੋੜ੍ਹੀਆਂ ਘੱਟ ਹੁੰਦੀਆਂ ਹਨ। ਜੇਕਰ ਪਰਿਵਾਰ ਵਿੱਚ ਕੋਈ ਨੌਜਵਾਨ ਮਰ ਜਾਂਦਾ ਹੈ, ਤਾਂ ਵੀ ਇੰਨੀ ਵੱਡੀ ਦਾਅਵਤ ਦਾ ਆਯੋਜਨ ਕਰਨ ਦਾ ਦਬਾਅ ਹੁੰਦਾ ਹੈ। ਇਸ ਨਾਲ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰ ਭਾਵਨਾਤਮਕ ਅਤੇ ਵਿੱਤੀ ਤੌਰ ’ਤੇ ਕਮਜ਼ੋਰ ਹੋ ਜਾਂਦਾ ਹੈ। ਕਈ ਵਾਰ ਕਰਜ਼ਾ ਲੈਣਾ ਪੈਂਦਾ ਹੈ। ਪੁਲਿਸ ਦੀ ਕਾਨੂੰਨੀ ਪਾਬੰਦੀ ਕਹਿੰਦੀ ਹੈ ਕਿ ਤੁਹਾਨੂੰ 100-125 ਤੋਂ ਵੱਧ ਲੋਕਾਂ ਨੂੰ ਦਾਅਵਤ ਨਹੀਂ ਦੇਣੀ ਚਾਹੀਦੀ।

ਦੋਸਤੋ, ਜੇਕਰ ਅਸੀਂ ਰਾਜਸਥਾਨ ਮੌਤ ਭੋਜਨ ਨਿਵਾਰਨ ਐਕਟ 1960 ਦੇ ਮੁੱਖ ਭਾਗਾਂ ਬਾਰੇ ਗੱਲ ਕਰੀਏ, ਤਾਂ ਪਰਿਭਾਸ਼ਾ – ਇਸ ਐਕਟ ਵਿੱਚ, ਜਦੋਂ ਤੱਕ ਵਿਸ਼ਾ ਜਾਂ ਸੰਦਰਭ ਹੋਰ ਨਾ ਮੰਗੇ, – (a) ਮੌਤ ਭੋਜਨ ਦਾ ਅਰਥ ਹੈ ਕਿਸੇ ਵੀ ਵਿਅਕਤੀ ਦੇ ਦੇਹਾਂਤ ਦੇ ਮੌਕੇ ’ਤੇ ਜਾਂ ਉਸ ਦੇ ਸੰਬੰਧ ਵਿੱਚ ਕਿਸੇ ਵੀ ਅੰਤਰਾਲ ’ਤੇ ਆਯੋਜਿਤ ਜਾਂ ਦਿੱਤਾ ਗਿਆ ਦਾਅਵਤ ਅਤੇ ਇਸ ਵਿੱਚ ਨੁੱਕਤਾ, ਇੱਕ ਮੋਸਰ ਅਤੇ ਇੱਕ ਚਹਿਲਮ ਸ਼ਾਮਲ ਹੈ, ਅਤੇ (b) ’ਮ੍ਰਿਤਯੂ ਭੋਜਨ ਰੱਖਣਾ ਜਾਂ ਦੇਣਾ’ ਵਿੱਚ ਤਿਆਰ ਜਾਂ ਅਣ-ਤਿਆਰ ਭੋਜਨ ਪਦਾਰਥਾਂ ਦੀ ਵੰਡ ਸ਼ਾਮਲ ਹੈ, ਪਰ ਇਸ ਵਿੱਚ ਪਰਿਵਾਰਕ ਮੈਂਬਰਾਂ ਜਾਂ ਪੁਜਾਰੀ ਵਰਗ ਜਾਂ ਫ਼ਕੀਰਾਂ ਦੇ ਵਿਅਕਤੀਆਂ ਨੂੰ ਧਾਰਮਿਕ ਜਾਂ ਧਰਮ ਨਿਰਪੱਖ ਸੰਸਕਾਰਾਂ ਦੀ ਪਾਲਣਾ ਵਿੱਚ ਖੁਆਉਣਾ ਸ਼ਾਮਲ ਨਹੀਂ ਹੈ, ਅਤੇ ਇਸ ਤੋਂ ਵੱਧ ਨਹੀਂ। (c) ਮੌਤ ਭੋਜਨ ਦੀ ਮਨਾਹੀ। -ਕੋਈ ਵੀ ਵਿਅਕਤੀ ਰਾਜ ਵਿੱਚ ਕਿਸੇ ਵੀ ਮੌਤ ਭੋਜਨ ਦਾ ਆਯੋਜਨ, ਪ੍ਰਦਾਨ ਹਾਜ਼ਰੀ ਜਾਂ ਹਿੱਸਾ ਨਹੀਂ ਲਵੇਗਾ। (d) ਧਾਰਾ 3 ਦੀ ਉਲੰਘਣਾ ਲਈ ਸਜ਼ਾ।-ਜੋ ਕੋਈ ਵੀ ਧਾਰਾ 3 ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਜਾਂ ਅਜਿਹੀ ਕਿਸੇ ਵੀ ਉਲੰਘਣਾ ਨੂੰ ਕਰਨ ਲਈ ਉਕਸਾਉਂਦਾ ਹੈ,

ਉਕਸਾਉਂਦਾ ਹੈ ਜਾਂ ਸਹਾਇਤਾ ਕਰਦਾ ਹੈ, ਉਸਨੂੰ ਇੱਕ ਸਾਲ ਤੱਕ ਦੀ ਕੈਦ, ਜਾਂ ਇੱਕ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ, ਜਾਂ ਦੋਵਾਂ ਦੀ ਸਜ਼ਾ ਦਿੱਤੀ ਜਾ ਸਕਦੀ ਹੈ।(e) ਹੁਕਮ ਜਾਰੀ ਕਰਨ ਦੀ ਸ਼ਕਤੀ। -ਜੇਕਰ ਧਾਰਾ 4 ਦੇ ਅਧੀਨ ਸਜ਼ਾ ਯੋਗ ਕਿਸੇ ਅਪਰਾਧ ਦਾ ਨੋਟਿਸ ਲੈਣ ਲਈ ਸਮਰੱਥ ਅਦਾਲਤ ਸੰਤੁਸ਼ਟ ਹੈ ਕਿ ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਵਿੱਚ ਇੱਕ ਮ੍ਰਿਤੂ ਭੋਜ ਦਾ ਪ੍ਰਬੰਧ ਕੀਤਾ ਗਿਆ ਹੈ ਜਾਂ ਹੋਣ ਵਾਲਾ ਹੈ ਜਾਂ ਦਿੱਤਾ ਗਿਆ ਹੈ, ਤਾਂ ਅਜਿਹੀ ਅਦਾਲਤ ਅਜਿਹੇ ਮ੍ਰਿਤੂ ਭੋਜ ਨੂੰ ਰੱਖਣ ਜਾਂ ਦੇਣ 'ਤੇ ਪਾਬੰਦੀ ਲਗਾਉਣ ਵਾਲਾ ਹੁਕਮ ਜਾਰੀ ਕਰ ਸਕਦੀ ਹੈ। (6) ਧਾਰਾ 5 ਅਧੀਨ ਹੁਕਮ ਦੀ ਉਲੰਘਣਾ ਲਈ ਸਜ਼ਾ।-ਜੋ ਕੋਈ ਵੀ, ਇਹ ਜਾਣਦੇ ਹੋਏ ਕਿ ਧਾਰਾ 5 ਅਧੀਨ ਹੁਕਮ ਜਾਰੀ ਕੀਤਾ ਗਿਆ ਹੈ, ਕਿਸੇ ਵੀ ਮ੍ਰਿਤੂ ਭੋਜ ਦਾ ਆਯੋਜਨ ਕਰਦਾ ਹੈ, ਪ੍ਰਦਾਨ ਕਰਦਾ ਹੈ ਜਾਂ ਰੱਖਣ ਲਈ ਪ੍ਰਬੰਧ ਕਰਦਾ ਹੈ, ਜਾਂ ਜੋ ਕੋਈ ਮਨਾਹੀ ਵਾਲੇ ਹੁਕਮ ਦੀ ਉਲੰਘਣਾ ਕਰਦਾ ਹੈ, ਉਸਨੂੰ ਇੱਕ ਸਾਲ ਤੱਕ ਦੀ ਕੈਦ, ਜਾਂ ਜੁਰਮਾਨਾ ਜੋ ਇੱਕ ਹਜ਼ਾਰ ਰੁਪਏ ਤੱਕ ਹੋ ਸਕਦਾ ਹੈ, ਜਾਂ ਦੋਵੇਂ ਸਜ਼ਾਯੋਗ ਹੋਣਗੇ। ਇਸ ਐਕਟ ਦੀ ਧਾਰਾ 5 ਅਧੀਨ ਜਾਰੀ ਕੀਤੇ ਦਸਤਖਤ ਦੀ ਕਿਸੇ ਵੀ ਉਲੰਘਣਾ ਲਈ ਇੱਕ ਸਾਲ ਤੱਕ ਜਾਂ ਪੰਜ ਰੁਪਏ 1000/- ਜਾਂ ਦੋਵੇਂ ਸਜ਼ਾਵਾਂ ਹਨ। (7) ਸਰਪੰਚ ਆਦਿ ਜਾਣਕਾਰੀ ਦੇਣ ਲਈ ਪਾਬੰਦ ਹਨ (1) ਰਾਜਸਥਾਨ ਪੰਚਾਇਤ ਐਕਟ, 1953 (ਰਾਜਸਥਾਨ ਐਕਟ 21 ਆਫ਼ 1953) ਅਧੀਨ ਸਥਾਪਤ ਗ੍ਰਾਮ ਪੰਚਾਇਤ ਦਾ ਸਰਪੰਚ ਅਤੇ ਹਰੇਕ ਪੰਚ ਅਤੇ ਹਰੇਕ ਪਟਵਾਰੀ ਅਤੇ ਨੰਬਰਦਾਰ ਧਾਰਾ 4 ਜਾਂ ਅਧੀਨ ਸਜ਼ਾਯੋਗ ਅਪਰਾਧ ਦਾ ਨੋਟਿਸ ਲੈਣ ਲਈ ਸਮਰੱਥ ਨਜ਼ਦੀਕੀ ਮੈਜਿਸਟਰੇਟ ਨੂੰ ਤੁਰੰਤ ਸੂਚਿਤ ਕਰਨ ਲਈ ਪਾਬੰਦ ਹੋਣਗੇ। ਧਾਰਾ 6 ਕੋਈ ਵੀ ਜਾਣਕਾਰੀ ਜੋ ਉਸ ਕੋਲ ਆਪਣੇ ਅਧਿਕਾਰ ਖੇਤਰ ਦੀਆਂ ਸਥਾਨਕ ਸੀਮਾਵਾਂ ਦੇ ਅੰਦਰ ਅਜਿਹਾ ਅਪਰਾਧ ਕਰਨ ਜਾਂ ਕਰਨ ਦੇ ਇਰਾਦੇ ਬਾਰੇ ਹੋ ਸਕਦੀ ਹੈ।(2) ਕੋਈ ਵੀ ਅਜਿਹਾ ਸਰਪੰਚ, ਪੰਚ, ਪਟਵਾਰੀ ਜਾਂ ਨੰਬਰਦਾਰ ਜੋ ਉਪ-ਧਾਰਾ (1) ਦੇ ਅਧੀਨ ਲੋੜੀਂਦੀ ਜਾਣਕਾਰੀ ਦੇਣ ਵਿੱਚ ਅਸਫਲ ਰਹਿੰਦਾ ਹੈ, ਉਸਨੂੰ ਤਿੰਨ ਮਹੀਨਿਆਂ ਤੱਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵਾਂ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਇਹ ਧਾਰਾ ਸਰਪੰਚ ਅਤੇ ਹਰੇਕ ਪੰਚ ਜਾਂ ਗ੍ਰਾਮ ਪੰਚਾਇਤ, ਪਟਵਾਰੀ ਅਤੇ ਨੰਬਰਦਾਰ ਲਈ ਧਾਰਾ 5 ਅਤੇ 6 ਦੇ ਤਹਿਤ ਅਪਰਾਧ ਦੀ ਜਾਣਕਾਰੀ ਨਜ਼ਦੀਕੀ ਪਹਿਲੇ ਦਰਜੇ ਦੇ ਮੈਜਿਸਟ?ਰੇਟ ਨੂੰ ਦੇਣਾ ਲਾਜ਼ਮੀ ਬਣਾਉਂਦੀ ਹੈ, ਜੋ ਕਿ ਅਜਿਹਾ ਕਰਨ ਵਿੱਚ ਅਸਫਲ ਰਹਿਣ 'ਤੇ ਤਿੰਨ ਮਹੀਨੇ ਤੱਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵਾਂ ਦੀ ਸਜ਼ਾ ਦਾ ਹੱਕਦਾਰ ਹੋਵੇਗਾ ਅਤੇ ਇਸ ਧਾਰਾ ਦੇ ਤਹਿਤ ਦੋਸ਼ੀ ਠਹਿਰਾਏ ਜਾਣ 'ਤੇ ਤਿੰਨ ਮਹੀਨੇ ਤੱਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵਾਂ ਦੀ ਸਜ਼ਾ ਦਾ ਹੱਕਦਾਰ ਹੋਵੇਗਾ।(8) ਪੈਸੇ ਉਧਾਰ ਲੈਣ ਜਾਂ ਉਧਾਰ ਦੇਣ 'ਤੇ ਪਾਬੰਦੀ (1) ਕੋਈ ਵੀ ਵਿਅਕਤੀ ਮ੍ਰਿਤੂ ਭੋਜ ਰੱਖਣ ਜਾਂ ਦੇਣ ਦੇ ਉਦੇਸ਼ ਲਈ ਕਿਸੇ ਹੋਰ ਵਿਅਕਤੀ ਤੋਂ ਕੋਈ ਪੈਸਾ ਜਾਂ ਸਮੱਗਰੀ ਉਧਾਰ ਨਹੀਂ ਲਵੇਗਾ ਜਾਂ ਉਧਾਰ ਨਹੀਂ ਦੇਵੇਗਾ।(2) ਕੋਈ ਵੀ ਵਿਅਕਤੀ, ਇਸ ਗਿਆਨ ਜਾਂ ਵਿਸ਼ਵਾਸ ਕਰਨ ਦਾ ਕਾਰਨ ਹੋਣ ਦੇ ਨਾਲ ਕਿ ਦਿੱਤਾ ਗਿਆ ਕਰਜ਼ਾ ਮ੍ਰਿਤੂ ਭੋਜ ਰੱਖਣ ਜਾਂ ਦੇਣ ਦੇ ਉਦੇਸ਼ ਲਈ ਵਰਤਿਆ ਜਾਵੇਗਾ, ਤਿੰਨ ਮਹੀਨਿਆਂ ਤੱਕ ਦੀ ਮਿਆਦ ਲਈ ਕਰਜ਼ਾ ਵਾਪਸ ਕਰਨ ਲਈ ਜ਼ਿੰਮੇਵਾਰ ਹੋਵੇਗਾ ਜਾਂ ਜੁਰਮਾਨਾ ਜਾਂ ਦੋਵਾਂ ਨਾਲ। ਹਰ ਅਦਾਇਗੀ ਸਮਝੌਤਾ ਕਾਨੂੰਨ ਦੀ ਅਦਾਲਤ ਵਿੱਚ ਰੱਦ ਅਤੇ ਲਾਗੂ ਨਹੀਂ ਕੀਤਾ ਜਾ ਸਕਦਾ। (9) ਅਧਿਕਾਰ ਖੇਤਰ ਅਤੇ ਅਪਰਾਧ ਦੀ ਸਮਝ - ਪਹਿਲੀ ਸ਼੍ਰੇਣੀ ਦੇ ਮੈਜਿਸਟ?ਰੇਟ ਤੋਂ ਇਲਾਵਾ ਕੋਈ ਵੀ ਅਦਾਲਤ ਇਸ ਐਕਟ ਅਧੀਨ ਸਜ਼ਾਯੋਗ ਕਿਸੇ ਵੀ ਅਪਰਾਧ ਦਾ ਨੋਟਿਸ ਨਹੀਂ ਲਵੇਗੀ, ਜਾਂ ਮੁਕੱਦਮਾ ਨਹੀਂ ਚਲਾਏਗੀ। (10) ਮੁਕੱਦਮੇਬਾਜ਼ੀ ਲਈ ਸੀਮਾ - ਕੋਈ ਵੀ ਅਦਾਲਤ ਉਸ ਮਿਤੀ ਤੋਂ ਇੱਕ ਸਾਲ ਦੀ ਮਿਆਦ ਪੁੱਗਣ ਤੋਂ ਬਾਅਦ ਇਸ ਐਕਟ ਅਧੀਨ ਕਿਸੇ ਵੀ ਅਪਰਾਧ ਦਾ ਨੋਟਿਸ ਨਹੀਂ ਲਵੇਗੀ ਜਿਸ ਦਿਨ ਅਪਰਾਧ ਕੀਤੇ ਜਾਣ ਦਾ ਦੋਸ਼ ਲਗਾਇਆ ਗਿਆ ਹੈ।

ਇਸ ਲਈ ਜੇਕਰ ਅਸੀਂ ਉਪਰੋਕਤ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਮੌਤ ਦੀ ਦਾਅਵਤ ਦੇਣਾ ਜਾਂ ਉਸ ਵਿੱਚ ਹਿੱਸਾ ਲੈਣਾ ਇੱਕ ਸਜ਼ਾਯੋਗ ਅਪਰਾਧ ਹੈ! - ਜੇਲ੍ਹ ਜਾਣਾ ਪੈ ਸਕਦਾ ਹੈ! ਰਾਜਸਥਾਨ ਮੌਤ ਭੋਜ ਨਿਵਾਰਣ ਅਧਿਨੀਅਮ 1960 ਦੇ ਤਹਿਤ, ਮੌਤ ਦੀ ਦਾਅਵਤ ਸਜ਼ਾਯੋਗ ਹੈ। ਇਸ ਬਾਰੇ ਬਹਿਸ ਹੈ ਕਿ ਕੀ ਪਰਿਵਾਰਕ ਮੈਂਬਰ ਦੀ ਮੌਤ 'ਤੇ 13 ਦਿਨਾਂ ਦੇ ਸੋਗ ਤੋਂ ਬਾਅਦ ਮੌਤ ਦੀ ਦਾਅਵਤ ਇੱਕ ਮਾੜਾ ਰਿਵਾਜ ਹੈ ਜਾਂ ਧਾਰਮਿਕ ਰਸਮ - ਇਸਦਾ ਰਾਸ਼ਟਰੀ ਪੱਧਰ 'ਤੇ ਹੱਲ ਕਰਨ ਦੀ ਲੋੜ ਹੈ।

ਹਾਸ਼ਮ ਫਤਹਿ ਨਸੀਬ ਉਨ੍ਹਾਂ ਨੂੰ .....

# "ਫਤਿਹ ਓਹਨਾਂ ਦੇ ਹਿੱਸੇ ਆਉਂਦੀ ਜਿਨ੍ਹਾਂ ਮਿਹਨਤ ਯਾਰ ਬਣਾਈ ਹੂ"

- ਜਸਵੀਰ ਸ਼ਰਮਾ ਦੱਦਾਹੂਰ

ਇਸ ਘੋਰ ਕਲਯੁਗ ਵਿੱਚ ਮਨ 'ਤੇ ਕਾਬੂ ਪਾਉਣਾ ਸਭ ਤੋਂ ਔਖਾ ਕਾਰਜ ਹੈ। ਜੋ ਇਨਸਾਨ ਮਨ ਤੇ ਕਾਬੂ ਪਾ ਲੈਂਦਾ ਹੈ ਉਹ ਕਲਯੁਗੀ ਨਹੀਂ ਸਤਯੁਗੀ ਇਨਸਾਨ ਹੋ ਜਾਂਦਾ ਹੈ। ਸਾਰੇ ਹੀ ਸੰਤ ਮਹਾਤਮਾ ਪੀਰਾਂ ਫਕੀਰਾਂ ਭਗਤਾਂ ਦੀ ਬਾਣੀ ਵਿੱਚ ਇਸਦੇ ਪ੍ਰਤੱਖ ਪ੍ਰਮਾਣ ਮੌਜੂਦ ਹਨ "ਮਨ ਦੇ ਕਹੇ ਨਾ ਚੱਲੀਏ ਮਨ ਚੰਚਲ ਮਨ ਚੋਰ" ਮਨ ਹਮੇਸ਼ਾ ਦੋ ਮੂੰਹੀ ਚਾਲ ਚਲਦਾ ਹੈ ਜਿਸ ਤਰਾਂ ਦੋ ਮੂੰਹਾਂ ਸੱਪ ਕਦੇ ਅੱਗੇ ਕਦੇ ਪਿੱਛੇ ਚਲਦਾ ਹੈ ਬਿਲਕੁਲ ਇਸੇ ਤਰ੍ਹਾਂ ਹੀ ਇਨਸਾਨ ਦਾ ਮਨ ਚੰਗੇ ਕੰਮਾਂ ਵੱਲ ਘੱਟ ਤੇ ਬੁਰੇ ਕੰਮਾਂ ਵੱਲ ਜਿਆਦਾ ਦਿਲਚਸਪੀ ਲੈਂਦਾ ਹੈ। ਹਰ ਇਨਸਾਨ ਇਹ ਸੋਚਣ ਦੀ ਸਮਰੱਥਾ ਰੱਖਦਾ ਹੈ ਕਿ ਕਿਹੜਾ ਕੰਮ ਚੰਗਾ ਹੈ ਤੇ ਕਿਹੜਾ ਮਾੜਾ ਭਾਵ ਜਿਸ ਨੂੰ ਦੁਨੀਆਂ ਨਿੰਦਦੀ ਹੈ। ਉਸਦਾ ਅਸਰ ਪਰਿਵਾਰਕ ਅਤੇ ਸਮਾਜ ਵਿੱਚ ਜਿੰਦਗੀ ਜੀਣ ਲਈ ਵੀ ਖਤਰਨਾਕ ਹੁੰਦਾ ਹੈ। ਪਰ ਫਿਰ ਵੀ ਉਹੀ ਕੰਮ ਕਰਨ ਲਈ ਮਨ ਪ੍ਰੇਰਤ ਕਰਦਾ ਹੈ ਇਹੀ ਇਸ ਘੋਰ ਕਲਯੁਗ ਦੀ ਨਿਸ਼ਾਨੀ ਹੈ।

ਹਰ ਇਕ ਇਨਸਾਨ ਨੂੰ ਡੂੰਘੀ ਸੋਚ ਸੋਚ ਕੇ ਹੀ ਮਨ ਦੀ ਗਤੀ ਸਮਝ ਕੇ ਕੋਈ ਕੰਮ ਕਰਨਾ ਚਾਹੀਦਾ ਹੈ। ਇਹੀ ਇਨਸਾਨ ਦੀ ਬੁੱਧੀਮਾਨੀ ਦੀ ਇੱਕੋ ਇੱਕ ਨਿਸ਼ਾਨੀ ਹੁੰਦੀ ਹੈ ਸਹੀ ਦਿਸ਼ਾ ਵਿੱਚ ਚਲਦਾ ਮਨ ਸਾਡੀ ਦੁਨੀਆਂ ਵਿੱਚ ਵਡਿਆਈ ਕਰਵਾ ਦਿੰਦਾ ਹੈ ਅਤੇ ਗਲਤ ਦਿਸ਼ਾ ਵਿੱਚ ਚੱਲਣ ਵਾਲਾ ਇਨਸਾਨ ਭਾਵੇਂ ਮਨ ਦੇ ਅਤੀ ਦਰਜੇ ਦਾ ਘਟੀਆ ਕੰਮ ਕਰਦਾ ਹੈ ਪਰ ਉਸ ਨੂੰ ਹਮੇਸ਼ਾ ਦੁਖਦਾਇਕ ਸਮਿਆਂ ਵਿੱਚੋਂ ਗੁਜਰਨਾ ਪੈਂਦਾ ਹੈ। ਸਹੀ ਸੋਚ ਵਾਲਾ ਇਨਸਾਨ ਆਸ਼ਾਵਾਦੀ ਦੂਰ ਅੰਦੇਸ਼ੀ ਪਰਮਾਰਥ ਕਰਨ ਵਾਲਾ ਸਮਾਜ ਸੁਧਾਰਕ ਅਤੇ ਗਰੀਬੀ ਵਿੱਚ ਮਦਦ ਕਰਨ ਵਾਲਾ ਹੁੰਦਾ ਹੈ ਜੋ ਕਿ ਨਿਰਸੰਦੇਹ ਉਹ ਮਨ ਦੇ ਕਹਿਣ ਤੇ ਹੀ ਕਰਦਾ ਹੈ ਪਰ ਇਸ ਦੇ ਉਲਟ ਗੰਦੀ ਮਾੜੀ ਸੋਚ ਵਾਲਾ ਮਨ ਇਨਸਾਨ ਹਰ ਵੇਲੇ ਨਿਰਾਸ਼ ਰਹਿਣ ਭੈੜੇ ਖਿਆਲਾਂ ਦੇ ਵਿੱਚ ਉਲਝੇ ਰਹਿਣਾ ਚੋਰੀ ਠੱਗੀ ਬੇਈਮਾਨੀ ਹਰ ਵਕਤ ਇਹਨਾਂ ਝਮੇਲਿਆਂ ਦੇ ਵਿੱਚ ਹੀ ਉਲਝ ਕੇ ਰਹਿ ਜਾਂਦਾ ਹੈ।

ਜੇਕਰ ਆਪਾਂ ਕਹੀਏ ਕਿ ਮਨ ਪੱਥਰ ਜਾਂ ਕੱਚ ਦਾ ਬਣਿਆ ਹੋਇਆ ਹੈ ਇਸ ਨੂੰ ਬਦਲਿਆ ਨਹੀਂ ਜਾ ਸਕਦਾ ਤੇ ਇਹ ਅਤਕਥਨੀ ਹੈ ਹਰ ਇੱਕ ਇਨਸਾਨ ਸਾਧੂ ਸੰਤਾਂ ਮਹਾਤਮਾ ਦੇ ਮਗਰ ਲੱਗ ਕੇ ਉਹਨਾਂ ਦੀਆਂ ਦੱਸੀਆਂ ਸਿੱਖਿਆਵਾਂ ਤੇ ਅਮਲ ਕਰਕੇ ਮਨ ਨੂੰ ਬਦਲ ਸਕਦੇ ਹੈ। ਇਸ ਤਰ੍ਹਾਂ ਦੀਆਂ ਸੈਂਕੜੇ ਨਹੀਂ ਹਜ਼ਾਰਾਂ ਉਦਾਹਰਨਾਂ ਹਨ। ਅਤੇ ਇਸ ਤੋਂ ਵੀ ਭੈੜੀਆਂ ਪ੍ਰਿਸਥਿਤੀਆਂ ਵਿੱਚੋਂ ਨਿਕਲ ਕੇ ਜਿੰਦਗੀ ਸਾਧੂ ਸੰਤ ਸੁਭਾਅ ਵਾਲੇ ਬਣ ਕੇ ਸਤਿਕਾਰ ਹਾਸਲ ਕਰ ਲੈਂਦੀ ਹੈ। ਇਹ ਕੰਮ ਯਤਨ ਕਰਨ ਤੇ ਹੋ ਸਕਦਾ ਹੈ ਅੱਜ ਕੱਲ ਐਸੇ ਕਾਰਜ ਬਹੁਤ ਗਿਣਤੀ ਵਿੱਚ ਹੋ ਰਹੇ ਹਨ ਇਹ ਸੁਧਾਰ ਹੀ ਜ਼ਿੰਦਗੀ ਦਾ ਸਹੀ ਮਨੋਰਥ ਹੈ।

ਸਾਡਾ ਮਨ ਅਜੋਕਾ ਇਨਸਾਨ ਜੇਕਰ ਭੈੜੀਆਂ ਅਲਾਮਤਾਂ ਛੱਡ ਕੇ ਅੱਜ ਵੀ ਪਰਮਾਰਥੀ ਰਸਤਾ ਅਖਤਿਆਰ ਕਰ ਲਵੇ ਤਾਂ ਸੱਚ ਮੁੱਚ ਜੀਵਨ ਦੇ ਸਾਰੇ ਸੁੱਖ ਸੁਵਿਧਾ ਉਜਲ ਭਵਿੱਖ ਦੀ ਹਰ ਖੁਸ਼ੀ ਪਾ ਸਕਦਾ ਹੈ। ਜਿਨਾਂ ਇਨਸਾਨਾਂ ਨੇ ਉੱਦਮ ਕਰਕੇ ਜਾਂ ਕਿਸੇ ਮਹਾਤਮਾ ਫਕੀਰਾਂ ਦਾ ਪੱਲਾ ਫੜ ਕੇ ਆਪਣੇ ਮਨ ਤੇ ਕਾਲੇ ਕਾਰਨਾਮਿਆਂ ਨੂੰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਬਦਲਿਆ ਹੈ ਉਹਨਾਂ ਨੇ ਆਪਣੇ ਭਾਗ ਬਣਾ ਲਏ ਹਨ। ਇਹ ਠੀਕ ਹੈ ਕਿ ਕਦੀ ਕਦੀ ਜਿੰਦਗੀ ਵਿੱਚ ਕਈ ਉਤਰਾਅ ਚੜ੍ਹਾਅ ਆ ਵੀ ਜਾਂਦੇ ਹਨ ਪਰ ਜੇਕਰ ਸੋਚ ਲਈਏ ਕਿ ਸੂਰਜ ਦੇ ਅੱਗੇ ਬੱਦਲ ਆ ਗਏ ਤਾਂ ਸੂਰਜ ਦੀ ਧੁੱਪ ਸਦਾ ਲਈ ਖਤਮ ਹੋ ਜਾਵੇਗੀ ਤਾਂ ਇਹ ਚੰਚਲ ਮਨ ਦਾ ਇੱਕ ਵਹਿਮ ਹੀ ਹੈ। ਜ਼ਿੰਦਗੀ ਦੇ ਵਿੱਚ ਅਸਫਲਤਾਵਾਂ ਵੀ ਆਉਂਦੀਆਂ ਰਹਿੰਦੀਆਂ ਹਨ ਪਰ ਇਸਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੇ ਅਸਲ ਮਨੋਰਥ ਤੋਂ ਭਾਵ ਚੰਗੇ ਕਾਰਜਾਂ ਤੋਂ ਭਟਕੀਏ ਜਿਨਾਂ ਦੇ ਆਉਣ ਦਾ ਸਿਰਫ ਇਹ ਮਤਲਬ ਹੀ ਸਮਝਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਧੁੱਪ ਤੇ ਛਾਂ ਦੀ ਇੱਕ ਖੇਡ ਹੁੰਦੀ ਹੈ ਜੋ ਕਿ ਪੱਕੀ ਨਹੀਂ ਹੁੰਦੀ ਦੁੱਖ ਜੇਕਰ ਮਨੁੱਖ ਦੇ ਜੀਵਨ ਵਿੱਚ ਆ ਵੀ ਜਾਂਦੇ ਹਨ ਤਾਂ ਇਸਦਾ ਮਤਲਬ ਮਨੁੱਖ ਨੂੰ ਅਗਾਹ ਵਧਣ ਜਾਂ ਪਰਮਾਰਥੀ ਕੰਮਾਂ ਦੀ ਇੱਕ ਚਨੌਤੀ ਵਜੋਂ ਲੈਣੇ ਚਾਹੀਦੇ ਹਨ ਨਾ ਕਿ ਬਿਲਕੁਲ ਢੇਰੀ ਢਾ ਦੇਣੀ ਚਾਹੀਦੀ ਹੈ।

ਜੇਕਰ ਅੱਜ ਕਿਸੇ ਕੰਮ ਵਿੱਚ ਵਿਘਨ ਪੈ ਵੀ ਗਿਆ ਤਾਂ ਕੋਸ਼ਿਸ਼ ਕਰਨ ਤੇ ਉੱਦਮ ਕਰਨ ਨਾਲ ਉਹੀ ਕੰਮ ਆਉਣ ਵਾਲੇ ਕੱਲ ਨੂੰ ਤੁਹਾਨੂੰ ਅਗਾਹ ਵਧਣ ਵਿੱਚ ਵੀ ਸਹਾਈ ਹੋਵੇਗਾ।ਅਤੇ ਐਸੀ ਪ੍ਰਸਥਿਤੀ ਵਿੱਚ ਲੈ ਜਾਵੇਗਾ ਕਿ ਤੁਹਾਡੇ ਵੱਲੋਂ ਕੀਤੇ ਕੰਮਾਂ ਦੀ ਦੁਨੀਆਂ ਚ ਅਲੱਗ ਪਹਿਚਾਣ ਬਣੇਗੀ। ਜੋ ਮਿਹਨਤੀ ਇਨਸਾਨ ਆਪਣੇ ਮਨ ਤੇ ਕਾਬੂ ਪਾ ਕੇ ਅਗਾਂਹ ਵਧਣ ਦਾ ਟੀਚਾ ਮਿਥ ਲੈਂਦੇ ਹਨ ਉਹ ਐਸੀਆਂ ਅੜਚਨਾਂ ਦੀ ਪਰਵਾਹ ਨਹੀਂ ਕਰਦੇ ਉਹ ਸੰਜਮ ਹੌਸਲੇ ਨਾਲ ਅਗਾਹ ਵਧਣ ਦਾ ਰਸਤਾ ਲੱਭਦੇ ਹਨ ਤੇ ਖੁਦ ਪਰਮਾਤਮਾ ਉਹਨਾਂ ਦਾ ਮਾਰਗ ਦਰਸ਼ਨ ਕਰਕੇ ਉਹਨਾਂ ਨੂੰ ਅੱਗੇ ਦਾ ਰਸਤਾ ਵਿਖਾ ਵੀ ਦਿੰਦਾ ਹੈ।ਕਿਸੇ ਵੀ ਮਨੁੱਖ ਵਿੱਚ ਨਿਰਾਸ਼ਤਾ ਕਾਇਰਤਾ ਦੀ ਨਿਸ਼ਾਨੀ ਹੁੰਦੀ ਹੈ ਬਹੁਤੇ ਇਨਸਾਨ ਹਾਰਦੇ ਵੀ ਹਨ। ਪਰ ਜਿਸ ਇਨਸਾਨ ਵਿੱਚ ਵੀਰਤਾ ਉਤਸ਼ਾਹ ਹਿੰਮਤ ਅਤੇ ਹੌਸਲਾ ਹੋਵੇਗਾ ਉਹੀ ਇਨਸਾਨ ਆਪਣੇ ਕਾਰਜ ਵਿੱਚ ਅਗਾਂਹ ਵਧੇਗਾ ਉਹੀ ਮਨੁੱਖ ਮਹਾਨ ਵੀ ਹੋਵੇਗਾ। ਉਹ ਮਨੁੱਖ ਦ੍ਰਿੜ ਵਿਸ਼ਵਾਸ ਨਾਲ ਹਰ ਇੱਕ ਔਖੇ ਤੋਂ ਔਖੇ ਕੰਮ ਨੂੰ ਆਸਾਨ ਕਰ ਪਾਵੇਗਾ ਇਹ ਜਰੂਰੀ ਨਹੀਂ ਕਿ ਪਹਿਲਾ ਯਤਨ ਹੀ ਸਫਲ ਹੋਵੇ ਵਾਰ ਵਾਰ ਯਤਨ ਕਰਨ ਵਾਲੇ ਮਨੁੱਖ ਹਮੇਸ਼ਾ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਦੇ ਹਨ।

ਉਹੀ ਸੂਰਬੀਰ ਹਿੰਮਤੀ ਇਨਸਾਨ ਹੁੰਦੇ ਹਨ ਵੀਰਤਾ ਹਮੇਸ਼ਾ ਸਰੀਰ ਵਿੱਚ ਨਹੀਂ ਮਨ ਵਿੱਚ ਵਾਸ ਕਰਦੀ ਹੈ ਜੋ ਆਖਰੀ ਸਮੇਂ ਤੱਕ ਹੌਸਲਾ ਨਹੀਂ ਹਾਰਦੇ ਆਖਰ ਵਿੱਚ ਉਹਨਾਂ ਦੀ ਹੀ ਜਿੱਤ ਹੁੰਦੀ ਹੈ ਅਤੇ ਉਹੀ ਇਨਸਾਨ ਹਮੇਸ਼ਾ ਵਧਾਈ ਦੇ ਪਾਤਰ ਵੀ ਹੁੰਦੇ ਹਨ ਅਤੇ ਜਿੱਤ ਦਾ ਸਿਹਰਾ ਵੀ ਉਹਨਾਂ ਦੇ ਸਿਰ ਤੇ ਹੀ ਜਾਂਦਾ ਹੈ।

ਵਾਰ ਵਾਰ ਅੱਗ ਵਿੱਚੋਂ ਗੁਜਰਨ ਤੋਂ ਬਾਅਦ ਹੀ ਸੋਨਾ ਪਾਰਸ ਬਣਦਾ ਹੈ ਬਿਲਕੁਲ ਇਸੇ ਤਰ੍ਹਾਂ ਹੀ ਕਠਿਨਾਈਆਂ ਦਾ ਡੱਟ ਕੇ ਮੁਕਾਬਲਾ ਕਰਨਾ ਹੌਸਲੇ ਨਾਲ ਮਨ ਤੇ ਕਾਬੂ ਪਾ ਕੇ ਗੰਦੇ ਵਿਚਾਰਾਂ ਨੂੰ ਮਨ ਦੇ ਵਿੱਚੋਂ ਤਿਆਗ ਕੇ ਚੰਗੇ ਆਚਰਣ ਵਾਲੇ ਮਨੁੱਖ ਆਪਣੇ ਆਪ ਵਿੱਚ ਇਹ ਗੁਣ ਭਰ ਕੇ ਹੀ ਸੱਚੀ ਮਨੁੱਖਤਾ ਦੀ ਕਸਵੱਟੀ ਤੇ ਖਰੇ ਉਤਰ ਸਕਦੇ ਹਨ ਅਤੇ ਵਧਾਈ ਦੇ ਪਾਤਰ ਬਣ ਕੇ ਦੂਜਿਆਂ ਪ੍ਰਤੀ ਚਾਨਣ ਮੁਨਾਰਾ ਸਿੱਧ ਹੋ ਸਕਦੇ ਹਨ ।

**ਸ਼੍ਰੀ ਮੁਕਤਸਰ ਸਾਹਿਬ** (95691-49556)

## ਚੋਪੜੀਆਂ ਨੂੰ ਛੱਡ



**ਲਖਵਿੰਦਰ ਸਿੰਘ ਲੱਖਾ**
**ਸਲੇਮਪੁਰੀ**

ਛੱਡ ਦੁਨੀਆ ਦੀਆਂ ਲੋੜਾਂ ਹੁਣ ਮਨ ਮਾਰ ਲੈ।
ਚੋਪੜੀਆਂ ਨੂੰ ਛੱਡ ਰੁੱਖੀ ਨਾਲ਼ ਸਾਰ ਲੈ।

ਨਾ ਜੀਅ ਨੂੰ ਤਰਸਾ ਦੂਜੇ ਦੇ ਮਹਿਲ ਤੱਕ,
ਕੁੱਲੀ ਦੇ ਵਿੱਚ ਹੱਸ ਕੇ ਜੂਨ ਗੁਜਾਰ ਲੈ।

ਸਿੰਮਲ ਵਾਂਙੂ ਉੱਚੇ ਬਣਨਾ ਫ਼ਾਇਦਾ ਨਹੀਂਓ,
ਮਿੱਠਤ ਨੀਵੀਂ ਵਾਲੇ ਗੁਣ ਤੂੰ ਧਾਰ ਲੈ।

ਕੁੱਝ ਨਾ ਖੱਟਿਆ ਨਫ਼ਰਤਾਂ ਵਿੱਚੋਂ ਦੁਨੀਆ ਨੇ,
ਕਰ ਸਭ ਨਾਲ਼ ਪਿਆਰ ਤੇ ਖ਼ੁਦ ਵੀ ਪਿਆਰ ਲੈ।

ਕੁੱਝ ਨਾ ਤੇਰਾ ਇੱਥੇ ਮਾਇਆ ਮਿੱਟੀ ਰਿਸ਼ਤੇ,
ਅਗਲਾ ਪਿੱਛਲਾ ਵੇਲ਼ਾ ਯਾਰ ਸੁਧਾਰ ਲੈ।

ਬਚਪਨ ਅਤੇ ਜਵਾਨੀ ਮੁੜ ਹੁਣ ਆਉਣੇ ਨਾ,
ਪੈਗੰਬਰਾਂ ਦੀ ਆਖੀ ਗੱਲ ਵਿਚਾਰ ਲੈ।

ਡੋਬਣਾ ਤੈਨੂੰ ਇੱਕ ਦਿਨ ਤੇਰੇ ਹੀ ਆਪਣਿਆਂ,
ਕਰ ਬਚਣੇ ਦੇ ਭਾਵੇਂ ਯਤਨ ਹਜ਼ਾਰ ਲੈ।

ਪਿਆਰ ਨਿਮਰਤਾ ਵਿੱਚ ਰਹਿ ਦੁਨੀਆ ਜਿੱਤ ਲੱਖੇ,
ਵੰਡ ਖੁਸ਼ੀਆਂ ਤੇ ਹਾਸੇ ਜਨਮ ਸੰਵਾਰ ਲੈ।

**ਸੰਪਰਕ:** 09855227530

# ਆਪਣੇ ਸਾਥੀ ਤੁਸੀਂ ਆਪ ਹੀ ਹੋ



**ਸੰਜੀਵ ਸਿੰਘ ਸੈਣੀ, ਮੋਹਾਲੀ**

ਅਸੀਂ ਸਾਰੇ ਹੀ ਸਮਾਜ ਦਾ ਹਿੱਸਾ ਹਾਂ। ਸਾਡਾ ਹਰ ਰੋਜ਼ ਪਤਾ ਨਹੀਂ ਕਿੰਨੇ ਲੋਕਾਂ ਨਾਲ ਵਾਹ ਪੈਂਦਾ ਹੈ। ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ। ਹਰ ਇਨਸਾਨ ਨੂੰ ਇਹਨਾਂ ਵਿੱਚੋਂ ਗੁਜਰਨਾ ਪੈਂਦਾ ਹੈ। ਕਈ ਵਾਰ ਕਿਸੇ ਇਨਸਾਨ ਨਾਲ ਅਜਿਹੀ ਘਟਨਾ ਵਾਪਰ ਜਾਂਦੀ ਹੈ ਕਿ ਅਸੀਂ ਸੱਚਾਈ ਜਾਣੇ ਬਗੈਰ ਆਪਣੀ ਰਾਇ ਦੇਣੀ ਸ਼ੁਰੂ ਕਰ ਦਿੰਦੇ ਹਨ। ਕਈ ਵਾਰ ਕਿਤੇ ਚਾਰ ਬੰਦੇ ਖੜੇ ਹੋਣ ਉੱਥੇ ਗੱਲ ਚੱਲ ਰਹੀ ਹੁੰਦੀ ਹੈ ਅਸੀਂ ਵੀ ਕਹਿ ਦਿੰਦੇ ਹਨ ਕਿ ਉਹ ਬੰਦਾ ਗਲਤ ਸੀ ,ਹਾਲਾਂਕਿ ਸਾਨੂੰ ਨਹੀਂ ਪਤਾ ਕਿ ਸੱਚਾਈ ਕੀ ਹੈ? ਪਰ ਅਸੀਂ ਰਾਇ ਦੇਣ ਤੋਂ ਪਿੱਛੇ ਨਹੀਂ ਹਟਦੇ। ਕਈ ਵਾਰ ਗੱਲ ਝੂਠੀ ਹੁੰਦੀ ਹੈ , ਸੱਚ ਕੁਝ ਹੋਰ ਹੁੰਦਾ ਹੈ ਝੂਠ ਨੂੰ ਵੀ ਅਸੀਂ ਵਧਾ ਚੜਾ ਕੇ ਦੱਸਣਾ ਸ਼ੁਰੂ ਕਰ ਦਿੰਦੇ ਹਨ। ਮਤਲਬ ਦੁਨੀਆ ਬਹੁਤ ਹੈ। ਕਿਸੇ ਦੀ ਕੋਈ ਗੱਲ ਜੇ ਝੂਠ ਵੀ ਹੋਵੇ, ਉਸਨੂੰ ਸੱਚ ਬਣਾ ਕੇ ਦੱਸਣ ਦੀ ਬਹੁਤ ਕੋਸ਼ਿਸ਼ ਕਰਦੇ ਹਾਂ। ਉਹ ਫਿਰ ਝੂਠੀ ਗੱਲ ਜੰਗਲ ਦੀ ਅੱਗ ਵਾਂਗੂ ਫੈਲ ਜਾਂਦੀ ਹੈ। ਜਿਹੜੇ ਲੋਕ ਦੂਜਿਆਂ ਦੀਆਂ ਝੂਠੀ ਗੱਲਾਂ ਨੂੰ ਸੱਚ ਬਣਾ ਬਣਾ ਕੇ ਦੱਸਦੇ ਹਨ, ਉਹ ਕਦੇ ਵੀ ਕਿਸੇ ਦੇ ਮਿੱਤ ਨਹੀਂ ਹੁੰਦੇ ।ਅਜਿਹੇ ਲੋਕਾਂ ਤੋਂ ਦੂਰੀ ਬਣਾ ਲੈਣੀ ਚਾਹੀਦੀ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਜਦੋਂ ਆਪਣੇ ਨਾਲ ਬੀਤਦੀ ਹੈ ਤਾਂ ਪਤਾ ਚਲਦਾ ਹੈ।ਦੂਜਿਆਂ ਦੀਆਂ ਝੂਠੀਆਂ ਗੱਲਾਂ ਬਣਾਉਣੀਆਂ ਬਹੁਤ ਸੌਖੀਆਂ ਹਨ।ਅਜਿਹੇ ਸਵਾਰਥੀ ਲੋਕ ਹਨ ਮਤਲਬ ਰੱਖ ਕੇ ਗੱਲਾਂ ਕਰਦੇ ਹਨ। ਆਪਣੇ ਸਵਾਰਥ ਲਈ ਜਿਸ ਇਨਸਾਨ ਤੋਂ ਫ਼ਾਇਦਾ ਚੁੱਕਣਾ ਹੈ ਉਸ ਦੇ ਨੇੜੇ ਚਲੇ ਜਾਂਦੇ ਹਨ।ਮਤਲਬ ਰੱਖ ਕੇ ਦੋਸਤੀ ਕਰਦੇ ਹਨ। ਤੁਹਾਡੀ ਅੱਖਾਂ ਉਸ ਸਮੇਂ ਖੁੱਲਦੀਆਂ ਹਨ, ਜਦੋਂ ਇਹ ਲੋਕ ਤੁਹਾਡੇ ਤੋਂ ਆਪਣਾ ਕੰਮ ਕਢਵਾ ਕੇ ਚਲੇ ਜਾਂਦੇ ਹਨ ਤੇ ਫਿਰ ਪੁੱਛਦੇ ਤੱਕ ਨਹੀਂ ਤੁਹਾਨੂੰ। ਠੀਕ ਹੈ ਦੋਸਤੀ ਕਰਨੀ ਬਹੁਤ ਜਰੂਰੀ ਹੈ, ਪਰ ਦੋਸਤ ਉਹ ਹੋਣਾ ਚਾਹੀਦਾ ਜਿਸ ਨਾਲ ਤੁਸੀਂ ਸੁੱਖ ਦੁੱਖ ਸਾਂਝਾ ਕਰ ਸਕਦੇ ਹੋ, ਸਾਰਿਆਂ ਦਾ ਦੋਸਤ ਕਦੇ ਵੀ ਕਿਸੇ ਦਾ ਸਕਾ ਨਹੀਂ ਹੋ ਸਕਦਾ। ਚੱਪਲ ਵਰਗੇ ਸਾਥੀਆਂ ਨੂੰ ਪਛਾਣੋ।

ਜਿਹੜਾ ਕੋਈ ਕਹਿੰਦਾ ਹੈ ਕਿ ਮੇਰੇ ਤਾਂ ਬਹੁਤ ਦੋਸਤ ਹਨ, ਉਹ ਉਹਨਾਂ ਦਾ ਵੀ ਪੱਕਾ ਦੋਸਤ ਨਹੀਂ ਹੁੰਦਾ। ਉਹ ਉਹਨਾਂ ਵਿੱਚ ਇੱਕ ਆਪਣੀ ਇਮੇਜ ਬਣਾ ਰਿਹਾ ਹੁੰਦਾ ਹੈ ਕਿ ਮੇਰਾ ਤਾਂ ਫਲਾਣਾ ਦੋਸਤ ਹੈ, ਮੈਂ ਉਸ ਤੋਂ ਇਹ ਕੰਮ ਕਰਵਾ ਲੈਂਦਾ ਹਾਂ। ਜਦੋਂ ਕੋਈ ਘਟਨਾ ਸਾਡੇ ਨਾਲ ਵਾਪਰਦੀ ਹੈ ਤਾਂ ਤੁਹਾਨੂੰ ਉਦੋਂ ਹੀ ਸਮਝ ਆਉਂਦੀ ਹੈ । ਸੁਣੀਂ ਸੁਣਾਈ ਗੱਲਾਂ ਤੇ ਸਾਨੂੰ ਕਦੇ ਵੀ ਯਕੀਨ ਨਹੀਂ ਆਉਂਦਾ। ਜਿਸ ਤਰ੍ਹਾਂ ਆਦਮੀ ਦੀ ਉਮਰ ਵਧਦੀ ਰਹਿੰਦੀ ਹੈ ਉਸਨੂੰ ਤਜ਼ਰਬਾ ਹੋਣਾ ਸ਼ੁਰੂ ਹੋ ਜਾਂਦਾ ਹੈ ਕਿਹੜਾ ਬੰਦਾ ਮੇਰੇ ਲਈ ਸਹੀ ਹੈ ਜਾਂ ਕਿਹੜੇ ਬੰਦੇ ਤੋਂ ਮੈਂ ਚੁਕੰਨਾ,(ਚੌਕਸ) ਰਹਿਣਾ ਹੈ ਇਸ ਬਾਰੇ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਸਿਆਣੇ ਕਹਿੰਦੇ ਵੀ ਹਨ ਕਿ ਅਕਲ ਬਦਾਮ ਖਾਣ ਨਾਲ ਨਹੀਂ ਆਉਂਦੀ, ਜਿੰਨੇ ਤੁਹਾਨੂੰ ਧੱਕੇ ਮਿਲਦੇ ਹਨ ਉਹਨਾਂ ਤੋਂ ਬਾਅਦ ਸਬਕ ਸਿੱਖ ਕੇ ਤੁਹਾਨੂੰ ਅਕਲ ਆਉਂਦੀ ਹੈ। ਅਕਸਰ ਸਾਡੇ ਸਾਹਮਣੇ ਕਈ ਅਜਿਹੇ ਲੋਕ ਹੁੰਦੇ ਹਨ ਜੋ ਦੂਜਿਆਂ ਦੇ ਦੁੱਖ ਵਿੱਚ ਉਸੇ ਵੇਲੇ ਕੁੱਦ ਜਾਂਦੇ ਹਨ ਉਹਨਾਂ ਤੋਂ ਸੁਣ ਕੇ ਰਿਹਾ ਨਹੀਂ ਜਾਂਦਾ। ਚਾਹੇ ਉਸ ਬੰਦੇ ਨਾਲ ਉਸ ਦੀ ਕਦੇ ਵੀ ਨਾ ਬਣੀ ਹੋਵੇ । ਉਹਨਾਂ ਨੂੰ ਇਹ ਹੁੰਦਾ ਹੈ ਕਿ ਮੈਂ ਇਸ ਇਨਸਾਨ ਦੀ ਮਦਦ ਕਰ ਦਵਾਂ, ਇਹ ਇਨਸਾਨ ਦਾ ਦੁੱਖ ਅੱਧਾ ਹੋ ਜਾਵੇਗਾ। ਜਿਹੜਾ ਸੱਚਾ ਇਨਸਾਨ ਹੁੰਦਾ ਉਹ ਕਦੇ ਵੀ ਉਸ ਇਨਸਾਨ ਦਾ ਫਾਇਦਾ ਨਹੀਂ ਚੁੱਕਦਾ ਨਾ ਉਸਦਾ ਕੋਈ ਨੁਕਸਾਨ ਕਰਦਾ ਹੈ। ਫਿਰ ਸਾਹਮਣੇ ਵਾਲੇ ਨੂੰ ਵੀ ਉਸ ਇਨਸਾਨ ਦੀ ਕਦਰ ਕਰਨੀ ਚਾਹੀਦੀ ਹੈ। ਤੁਹਾਡੀ ਸੋਚਣ ਸ਼ਕਤੀ ਕੀ ਹੈ? ਤੁਸੀਂ ਕਿਸੇ ਇਨਸਾਨ ਬਾਰੇ ਕੀ ਸੋਚਦੇ ਹੋ? ਸਾਹਮਣੇ ਵਾਲੇ ਇਨਸਾਨ ਜ਼ਰੂਰੀ ਹੀ ਨਹੀਂ ਕਿ ਉਹ ਵੀ ਤੁਹਾਡੇ ਬਾਰੇ ਇਸ ਤਰ੍ਹਾਂ ਸੋਚੇ। ਜਦੋਂ ਸਮਝਦਾਰ ਇਨਸਾਨ ਨੂੰ ਪਤਾ ਚੱਲ ਜਾਂਦਾ ਹੈ ਕਿ ਇਹ ਸਾਹਮਣੇ ਵਾਲਾ ਇਨਸਾਨ ਤਾਂ ਮੇਰਾ ਫਾਇਦਾ ਚੁੱਕ ਰਿਹਾ ਹੈ ਉਹ ਬਿਨਾਂ ਲੜੇ ਪਾਸੇ ਹੋਣਾ ਸ਼ੁਰੂ ਹੋ ਜਾਂਦਾ ਹੈ। ਫ਼ਿਰ ਉਸ ਇਨਸਾਨ ਨੂੰ ਸਮਝ ਆਉਂਦੀ ਹੈ ਕਿ ਇਸ ਇਨਸਾਨ ਨੇ ਮੇਰਾ ਕਿੰਨਾ ਮੂਰਖ ਬਣਾਇਆ?

ਜਿਹੜੇ ਇਨਸਾਨ ਨੂੰ ਸਾਰੇ ਆਪਣਾ ਕਰੀਬੀ ਮੰਨਦੇ ਹਨ, ਦਰਸਲ ਉਹ ਕਿਸੇ ਦਾ ਕਰੀਬੀ ਨਹੀਂ ਹੁੰਦਾ। ਅਜਿਹੇ

ਇਨਸਾਨ ਨੂੰ ਸਹੀ ਗਲਤ ਦੀ ਬਿਲਕੁਲ ਵੀ ਪਰਖ ਨਹੀਂ ਹੁੰਦੀ। ਅਜਿਹਾ ਮਤਲਬੀ ਲੋਕ ਸਾਰਿਆਂ ਨਾਲ ਬਣਾ ਕੇ ਰੱਖਦਾ ਹੈ। ਜਦੋਂ ਕੋਈ ਅਜਿਹੇ ਇਨਸਾਨ ਨੂੰ ਕਹਿੰਦਾ ਹੈ ਕਿ ਮੇਰੇ ਨਾਲ ਉੱਥੇ ਜਾਣਾ ਜਾਂ ਮੇਰੇ ਤੇ ਇਹ ਮੁਸੀਬਤ ਆ ਖੜੀ ਹੈ, ਤਾਂ ਉਹ ਉਸ ਵੇਲੇ ਟਾਲਮਟੋਲ ਕਰਨੀ ਸ਼ੁਰੂ ਕਰ ਦਿੰਦਾ ਹੈ। ਚਾਰ ਬੰਦਿਆਂ ਵਿੱਚ ਉਹ ਕਦੇ ਵੀ ਤੁਹਾਡੇ ਹੱਕ ਦੀ ਗੱਲ ਨਹੀਂ ਕਰੇਗਾ। ਤੁਸੀਂ ਉਸ ਨੂੰ ਆਪਣਾ ਪੱਕਾ ਦੋਸਤ ਮੰਨਦੇ ਹੋ ,ਪਰ ਅਜਿਹੇ ਇਨਸਾਨ ਜਿੱਥੇ ਤੁਹਾਡੇ ਦੁਸ਼ਮਣ ਵੀ ਹੋਣ ਉਹਨਾਂ ਦਾ ਵੀ ਸਾਥ ਦਿੰਦੇ ਹਨ ਉਹਨਾਂ 'ਚ ਵੀ ਵਿਚਰ ਰਹੇ ਹੁੰਦੇ ਹਨ,ਫਿਰ ਉਹ ਤੁਹਾਡਾ ਦੋਸਤ ਕਿਵੇਂ ਹੋਇਆ। ਅਜਿਹਾ ਇਨਸਾਨ ਦੋਵੇਂ ਪਾਸੇ ਵਿਚਰਦਾ ਹੈ। ਅਜਿਹੇ ਇਨਸਾਨ ਕੋਲ ਤਾਂ ਕੋਈ ਗੱਲ ਵੀ ਨਹੀਂ ਕਰਨੀ ਚਾਹੀਦੀ। ਇਸ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਅਜੇਹੇ ਇਨਸਾਨਾਂ ਤੋਂ ਜਿੰਨਾ ਹੋ ਸਕੇ ਦੂਰ ਰਹੋ। ਜਿਹੜਾ ਇਨਸਾਨ ਦੋ ਬੇੜੀਆਂ ਵਿੱਚ ਪੈਰ ਰੱਖਦਾ ਹੈ ਉਸ ਇਨਸਾਨ ਦਾ ਕਦੇ ਵੀ ਪਾਰ ਉਤਾਰਾ ਨਹੀਂ ਹੋ ਸਕਦਾ। ਨਾਲ ਤਾਂ ਤੁਹਾਡੀ ਵੀ ਕਹੀ ਜਾਣੀ, ਦੂਜੇ ਨੂੰ ਵੀ ਗਲਤ ਨਹੀਂ ਬੋਲਣਾ ,ਪਰ ਅੱਜ ਕੱਲ ਇਹ ਹੋ ਵੀ ਰਿਹਾ ਹੈ। ਲੋਕ ਕਹਿੰਦੇ ਕੁਝ ਹੋਰ ਹਨ ਤੇ ਕਰਦੇ ਕੁਝ ਹੋਰ ਹਨ। ਅਜਿਹੇ ਇਨਸਾਨ ਇਸ ਕਰਕੇ ਦੋ ਬੇੜੀਆਂ ਵਿੱਚ ਪੈਰ ਰੱਖਦੇ ਹਨ ਕਿ ਕੱਲ ਨੂੰ ਜੇ ਮੇਰੇ ਤੇ ਮੁਸੀਬਤ ਪੈ ਗਈ ਤਾਂ ਮੈਨੂੰ ਕੋਈ ਵੀ ਮਨਾ ਨਹੀਂ ਕਰੇਗਾ। ਇਸ ਕਰਕੇ ਮੈਂ ਸਾਰਿਆਂ ਨਾਲ ਬਣਾ ਕੇ ਰੱਖਾਂ। ਅੱਜ ਦੇ ਮਤਲਬ ਯੁੱਗ ਵਿੱਚ ਬਹੁਤ ਸੋਚ ਸਮਝ ਕੇ ਵਿਚਰਨਾ ਪੈਂਦਾ ਹੈ। ਕਈ ਵਾਰ ਦੋਸਤ ਹੀ ਤੁਹਾਡਾ ਬਣਿਆ ਬਣਾਇਆ ਕੰਮ ਹੀ ਵਿਗਾੜ ਦਿੰਦੇ ਹਨ। ਇੱਥੇ ਕਿਸੇ ਦੀ ਕੋਈ ਵੀ ਗਰੰਟੀ ਨਹੀਂ ਹੈ ਕਿ ਕਿਸ ਨੇ ਕਿਸ ਦਾ ਕਿੰਨਾ ਸਮਾਂ ਸਥ ਦੇਣਾ ਹੈ। ਤੁਸੀਂ ਇਸ ਦੁਨੀਆ ਵਿੱਚ ਇਕੱਲੇ ਆਏ ਹੋ। ਇਕੱਲੇ ਹੀ ਜਾਣਾ ਹੈ।ਆਪਣਾ ਅੰਦਰਲਾ ਇੰਨਾ ਮਜ਼ਬੂਤ ਕਰੋ ਕਿ ਤੁਹਾਨੂੰ ਕਿਸੇ ਵੀ ਸਹਾਰੇ ਨਹੀਂ ਲੋੜ ਨਾ ਪਵੇ।ਆਪਣੇ ਸ਼ਰੀਰ ਦਾ ਧਿਆਨ ਰੱਖੋ। ਆਪਣੇ ਆਪ ਨਾਲ ਗੱਲਾਂ ਕਰੋ, । ਤੁਹਾਡੇ ਤੋਂ ਬਿਨਾਂ ਤੁਹਾਡਾ ਕੋਈ ਹੋਰ ਸਾਥੀ ਵਧੀਆ ਨਹੀਂ ਹੋ ਸਕਦਾ।

## ਗ਼ਜ਼ਲ



**ਰਾਜਦੀਪ ਤੂਰ**

ਇਹ ਗਣਿਤ ਨਾ ਸਮਝ ਸਾਡੀ ਆਇਆ ਕਦੇ
ਜੋੜ ਸਾਡੇ ,ਉਹ ਹਾਸਿਲ ਕਿਵੇਂ ਹੋ ਗਏ
ਜਦ ਸਵਾਲਾਂ 'ਤੇ ਮਿਹਨਤ ਅਸਾਡੀ ਰਹੀ
ਉਹ ਜਵਾਬਾਂ 'ਚ ਸ਼ਾਮਿਲ ਕਿਵੇਂ ਹੋ ਗਏ

ਅੰਨ ਦਾਤੇ ਤਾਂ ਬੇਸ਼ੱਕ ਕਹਾਉਂਦੇ ਰਹੇ
ਜੇਬ ਖਾਲੀ ਰਹੀ ਢਿੱਡ ਭੁੱਖੇ ਰਹੇ
ਪੇਟ ਹੋਰਾਂ ਦੇ ਭਰਦੇ ਭਰਾਉਂਦੇ ਅਸੀਂ
ਹੁਣ ਸਜ਼ਾਵਾਂ ਦੇ ਕਾਬਿਲ ਕਿਵੇਂ ਹੋ ਗਏ

ਕਦ ਸੁਖਾਲ਼ਾ ਰਿਹਾ ਇਸ ਗਲ਼ੀ ਲੰਘਣਾ
ਸੀਸ ਨੇਜੇ 'ਤੇ ਆਪਣਾ ਪਵੇ ਟੰਗਣਾ
ਜੋ ਵਿਖਾਉਂਦੇ ਨੇ ਚੀਚੀ ਨੂੰ ਲਾ ਕੇ ਲਹੂ
ਉਹ ਸ਼ਹੀਦਾਂ 'ਚ ਸ਼ਾਮਿਲ ਕਿਵੇਂ ਹੋ ਗਏ

ਇਹ ਜੋ ਸੜਕਾਂ 'ਤੇ ਉੱਤਰੇ ਨੇ ਹੱਕਾਂ ਲਈ
ਆਖਦੇ ਹੋ ਤੁਸੀਂ "ਸਿਰਫਿਰੇ ਲੋਕ ਨੇ"
ਪਾਲ਼ਦੇ ਜੋ ਤੁਹਾਡੇ ਹੀ ਕੁਨਬੇ ਰਹੇ
ਹੁਣ ਉਹੀ ਲੋਕ ਪਾਗਲ ਕਿਵੇਂ ਹੋ ਗਏ

ਬੀਜ ਆਸਾਂ ਉਮੀਦਾਂ ਦੇ ਬੀਜੇ ਅਸੀਂ
ਫਸਲ ਦੀ ਥਾਂ 'ਤੇ ਸਲਫਾਸ ਉੱਗਦੀ ਪਈ
ਜ਼ੋਰ ਦੇ ਕੇ ਦਿਮਾਗਾਂ 'ਤੇ ਸੋਚੋ ਜ਼ਰਾ
ਮੌਤ ਦੇ ਬੀਜ ਦਾਖਿਲ ਕਿਵੇਂ ਹੋ ਗਏ

ਇਹ ਸ਼ਰਾਫਤ ਤੇ ਸੇਵਾ ਦਾ ਸਵਰੂਪ ਸੀ
ਹੁਣ ਸਿਆਸਤ ਵੀ ਦਾਗੀ ਜਿਹੀ ਹੋ ਗਈ
ਚੋਰ, ਗੁੰਡੇ, ਲੁਟੇਰੇ, ਮਵਾਲੀ ਸਭੇ
ਰਾਜਨੀਤੀ ਦਾ ਹਾਸਿਲ ਕਿਵੇਂ ਹੋ ਗਏ

ਮੁੱਲ ਨਾ ਮੋੜਿਆ ਮਿਹਨਤਾਂ ਦਾ ਕਦੀ
ਹੱਕ ਮੰਗੇ ਤਾਂ ਲਾਠੀ ਜਾਂ ਗੋਲ਼ੀ ਮਿਲ਼ੀ
ਦੇਰ ਹੋਈ ਬੜੀ, ਸੋਚਣਾ ਹੀ ਪਊ
ਜੋ ਸੀ ਮੁਨਸਿਫ਼ ਉਹ ਕਾਤਿਲ ਕਿਵੇਂ ਹੋ ਗਏ

ਨੈਣ ਸਪਨੇ ਹੀ ਵੇਖਣ 'ਚ ਮਸਰੂਫ ਸਨ
ਰੋਜ਼ ਹੱਥਾਂ 'ਚੋਂ ਕਿਰਦੀ ਰਹੀ ਜ਼ਿੰਦਗੀ
ਮੋਰਚੇ ਲਾਉਂਦਿਆਂ ਲਾਉਂਦਿਆਂ ਹੀ ਅਸੀਂ
ਆਪ ਆਪਣੇ ਤੋਂ ਗ਼ਾਫਿਲ ਕਿਵੇਂ ਹੋ ਗਏ

# 'ਕੁੱਲ ਦੁਨੀਆ 'ਤੇ ਝੰਡਾ ਬੁਲੰਦ ਰਹੂ ਪੰਜਾਬੀ ਦਾ' ਗੀਤ ਸਰਕਾਰੀ ਸਮਾਗਮਾਂ ਦੀ ਸ਼ਾਨ ਬਣੇ



- ਬਲਜਿੰਦਰ ਮਾਨ

ਸਾਹਿਤਕ ਗੀਤਕਾਰੀ, ਲੇਖਣੀ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਕੌਮਾਂਤਰੀ ਪ੍ਰਸਿੱਧੀ ਖੱਟਣ ਵਾਲੇ ਐਸ ਅਸ਼ੋਕ ਭੌਰਾ ਦੁਆਰਾ ਸਿਰਜਿਆ ਨਵਾਂ ਗੀਤ ਸਾਹਿਤਕ ਤੇ ਸਭਿਆਚਾਰ ਹਲਕਿਆਂ ਵਿੱਚ ਚਰਚਿਤ ਹੋਇਆ ਹੈ। 'ਕੁੱਲ ਦੁਨੀਆਂ ਤੇ ਝੰਡਾ ਬੁਲੰਦ ਰਹੂ ਪੰਜਾਬੀ ਦਾ' ਇੱਕ ਅਜਿਹਾ ਗੀਤ ਹੈ ਜੋ ਸਕੂਲਾਂ ਦੀ ਪ੍ਰਾਰਥਨਾ ਅਤੇ ਸਾਰੇ ਸਰਕਾਰੀ ਸਮਾਗਮਾਂ ਦੀ ਸ਼ਾਨ ਬਣਨ ਦੀ ਸਮਰੱਥਾ ਰੱਖਦਾ ਹੈ। ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਅਤੇ ਮਾਣ ਸਨਮਾਨ ਵਿੱਚ ਵਾਧਾ ਕਰਨ ਵਾਲਾ ਇਹ ਗੀਤ ਕੁੱਲ ਦੁਨੀਆਂ ਦੇ ਵਿੱਚ ਪਿਆਰਿਆ ਤੇ ਸਤਿਕਾਰਿਆ ਜਾ ਰਿਹਾ ਹੈ। ਇਹ ਵਿਚਾਰ ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਪੰਜਾਬੀ ਗੀਤਕਾਰੀ ਵਿਸ਼ੇ ਤੇ ਕਰਵਾਈ ਇੱਕ ਗੋਸ਼ਟੀ ਮੌਕੇ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਆਖੇ। ਉਹਨਾਂ ਅੱਗੇ ਕਿਹਾ ਕਿ ਅਜਿਹੇ ਗੀਤਾਂ ਨੂੰ ਨਵੀਂ ਪਨੀਰੀ ਤੱਕ ਪੁੱਜਦਾ ਕਰਨ ਦੀ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਤਾਂ ਕਿ ਉਹ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣ ਦੇ ਸਮਰੱਥ ਹੋ ਸਕਣ।

ਐਕਟਰ ਡਾਇਰੈਕਟਰ ਅਸ਼ੋਕ ਪੁਰੀ, ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਅਤੇ ਨਵੀਆਂ ਕਲਮਾਂ ਨਵੀਂ ਉਡਾਣ ਦੇ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਨੇ ਕਿਹਾ ਕਿ ਅਸ਼ੋਕ ਭੌਰਾ ਨੇ ਦਰਜਨਾਂ ਪੁਸਤਕਾਂ ਨਾਲ ਪੰਜਾਬੀ ਸਾਹਿਤ ਨੂੰ ਅਮੀਰੀ ਬਖਸ਼ੀ ਹੈ ਤੇ ਗੀਤਕਾਰੀ ਦੇ ਖੇਤਰ ਵਿੱਚ ਵੀ ਸ਼ਾਨਦਾਰ ਪੈੜਾਂ ਪਾਈਆਂ ਹਨ। ਮਾਤ ਭਾਸ਼ਾ ਦੇ ਕੌਮਾਂਤਰੀ ਪੱਧਰ ਤੇ ਪ੍ਰਚਾਰ ਅਤੇ ਪ੍ਰਸਾਰ ਨੂੰ ਹੁਲਾਰਾ ਦੇਣ ਵਾਲਾ ਇਹ ਗੀਤ ਸਰਕਾਰੀ ਸਾਹਿਤਕ ਤੇ ਸੱਭਿਆਚਾਰਕ ਸਮਾਗਮਾਂ ਦੀ ਸ਼ਾਨ ਬਣਨ ਦੇ ਕਾਬਲ ਹੈ। ਵਿਸ਼ੇਸ਼ ਤੌਰ ਤੇ ਇਸ ਗੀਤ ਦੀ ਸਮੀਖਿਆ ਕਰਦਿਆਂ ਸਟੇਟ ਅਵਾਰਡੀ ਟੀਚਰ ਅਜੇ ਕੁਮਾਰ ਖਟਕੜ, ਨਿਤਿਨ ਸੁਮਨ, ਪਰਦੀਪ ਸਿੰਘ ਮੌਜੀ ਅਤੇ ਜਸਵੀਰ ਸਿੱਧੂ ਅਤੇ ਡਾ. ਕੇਵਲ ਰਾਮ ਨੇ ਕਿਹਾ ਕਿ ਇਸ ਗੀਤ ਤੇ ਬੱਚਿਆਂ ਦੀ ਬਹੁਤ ਹੀ ਪ੍ਰਭਾਵਸ਼ਾਲੀ ਕੋਰੀਓਗ੍ਰਾਫੀ ਕਰਵਾਈ ਜਾ ਸਕਦੀ ਹੈ। ਇਹ ਗੀਤ ਬੱਚਿਆਂ ਅੰਦਰ ਜਿੱਥੇ ਮਾਤ ਭਾਸ਼ਾ ਪ੍ਰਤੀ ਪਿਆਰ ਉਪਜਾਉਂਦਾ ਹੈ ਉੱਥੇ ਉਹਨਾਂ ਅੰਦਰ ਨਵੇਂ ਤੇ ਨਰੋਏ ਸੁਪਨੇ ਵੀ ਬੀਜਦਾ ਹੈ। ਉਹ ਸੁਪਨੇ ਹਨ ਆਪਸੀ ਏਕਤਾ, ਸਾਂਝੀਵਾਲਤਾ ਅਤੇ ਇਮਾਨਦਾਰੀ ਦੀਆਂ ਕਿਰਤ ਕਮਾਈਆਂ ਦੇ। ਇਸ ਲਈ ਟਰੱਸਟ ਵੱਲੋਂ ਇਹ ਪੁਰਜ਼ੋਰ ਮੰਗ ਕੀਤੀ ਜਾਂਦੀ ਹੈ ਕਿ ਇਸ ਗੀਤ ਨੂੰ ਸਰਕਾਰੀ ਸਮਾਗਮਾਂ ਵਿਚ ਸ਼ਾਮਿਲ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਪੱਤਰ ਜਾਰੀ ਕੀਤਾ ਜਾਵੇ। ਸਾਬਕਾ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ ਨੇ ਇਸ ਵਿਚਾਰ ਦੀ ਪਰੋੜਤਾ ਕਰਦਿਆਂ ਕਿਹਾ ਕਿ ਭੌਰਾ ਦੀ ਸੱਭਿਆਚਾਰਕ ਦੇਣ ਲਸਾਨੀ ਹੈ ਜਿਨ੍ਹਾਂ ਨੇ ਦੁਆਬੇ ਵਿੱਚ ਸ਼ੌਂਕੀ ਮੇਲੇ ਦੇ ਆਰੰਭ ਨਾਲ ਪੰਜਾਬੀ ਸੱਭਿਆਚਾਰ ਨੂੰ ਇਲੈਕਟਰੋਨਿਕ ਮੀਡੀਆ ਦੇ ਯੁਗ ਤੋਂ ਪਹਿਲਾਂ ਮਹਾਨਤਾ ਪ੍ਰਦਾਨ ਕੀਤੀ। ਸੱਭਿਆਚਾਰ ਦੇ ਪ੍ਰੇਮੀਆਂ ਦੇ ਦਿਲਾਂ ਵਿੱਚ ਉਹਨਾਂ ਪ੍ਰਤੀ ਅਥਾਹ ਸਤਿਕਾਰ ਹੈ। ਸੁਖਮਨ ਸਿੰਘ ਨੇ ਕਿਹਾ ਕਿ ਇਸ ਗੀਤ ਦੇ ਰਚਨਹਾਰੇ ਅਫਜ਼ਲ ਸਾਹਿਰ ਅਤੇ ਅਸ਼ੋਕ ਭੌਰਾ ਹਨ। ਗਾਖਲ ਗਰੁੱਪ ਦੀ ਇਸ ਸੰਗੀਤਕ ਪੇਸ਼ਕਾਰੀ ਵਿੱਚ ਸੱਤੀ ਪਾਬਲਾ ਅਤੇ ਬੀਬਾ ਫ਼ਲਕ ਇਜਾਜ਼ ਦੀ ਗਾਇਕੀ ਦਾ ਜਾਦੂ ਸਿਰ ਚੜ੍ਹ ਬੋਲਿਆ ਹੈ। ਸੰਗੀਤਕਾਰ ਅਲੀ ਹੈਦਰ ਟੀਪੂ ਦੀਆਂ ਸੰਗੀਤਕ ਧੁਨਾਂ ਇਸ ਗੀਤ ਦੇ ਫਿਲਮਾਂਕਣ ਨਾਲ ਹਰ ਕਿਸੇ ਨੂੰ ਨੱਚਣ ਲਈ ਮਜ਼ਬੂਰ ਕਰਦੀਆਂ ਹਨ।

ਇਸ ਮੌਕੇ ਅੰਜੂ ਵ. ਰੱਤੀ, ਹਰਜਿੰਦਰ ਸਿੰਘ ਨਿਆਣਾ, ਕਮਲੇਸ਼ ਕੌਰ ਸੰਧੂ, ਪਰ ਮਿਲਾ ਦੇਵੀ, ਅਵਾਰਡੀ ਵੰਧਨਾ ਹੀਰ, ਮਨਜਿੰਦਰ ਕੁਮਾਰ, ਦਲਜੀਤ ਕੌਰ, ਹਰਮਨਪ੍ਰੀਤ ਕੌਰ, ਮਨਜੀਤ ਕੌਰ, ਹਰਵੀਰ ਮਾਨ, ਨਿਧੀ ਅਮਨ ਸਹੋਤਾ, ਕੁਲਦੀਪ ਕੌਰ ਬੈਂਸ ਸਮੇਤ ਸੰਗੀਤ ਪ੍ਰੇਮੀ ਸ਼ਾਮਿਲ ਹੋਏ।

# ਅਦਾਕਾਰ, ਰੰਗਕਰਮੀ ਤੇ ਲੋਕ ਗਾਇਕ 'ਲ.ਫਜ ਧਾਲੀਵਾਲ'

**ਸ਼ਿਵਨਾਥ ਦਰਦੀ .ਫਰੀਦਕੋਟ**




ਪੰਜਾਬ ਦੇ ਜ਼ਿਲੇ ਫਾਜ਼ਿਲਕਾ ਦੇ ਪਿੰਡ 'ਉਸਮਾਨ ਖੇੜਾ' ਜੋ ਰਾਜਸਥਾਨ ਬਾਰਡਰ ਤੇ ਪੈਂਦਾ ਹੈ, ਇਸ ਪਿੰਡ ਦੇ ਸ੍ਰੀ ਸਵਰਨਜੀਤ ਸਿੰਘ ਦੇ ਘਰ ਮਾਤਾ ਨਰਿੰਦਰ ਕੌਰ ਦੇ ਕੁੱਖੋ ਜਨਮੇ 'ਜਸਵਿੰਦਰ ਲ.ਫਜ' ਉਰਫ 'ਲ.ਫਜ ਧਾਲੀਵਾਲ' ਨਾਮ ਫਿਲਮ ਇੰਡਸਟਰੀਜ ਵਿੱਚ ਜਾਣੇ ਜਾਂਦੇ ਹਨ ।

ਓਨਾਂ ਬਚਪਨ ਤੋ ਬਾਲ ਸਭਾਵਾਂ ਵਿੱਚ ਬੇਮਿਸਾਲ ਗਾਇਕੀ ਵੱਲੋ ਕਦਮ ਪੁੱਟਿਆ। ਸੁਰੀਲੀ ਮਿੱਠੀ ਦਮਦਾਰ ਆਵਾਜ ਨੇ ਸਰੋਤਿਆ ਦੇ ਦਿਲਾਂ ਤੇ ਇੱਕ ਵਿਲੱਖਣ ਛਾਪ ਛੱਡੀ ਸਕੂਲ ਪੱਧਰ ਤੇ 'ਜਸਵੰਤ ਜੱਸੀ ਤੂਤਵਾਲਾ' ਤੇ 'ਝੁਮਰ ਵਾਲੇ ਬਾਬੇ' ਦੀ ਰਹਿਨੁਮਾਈ ਹੇਠ ਛੇਵੀ ਜਮਾਤ ਵਿੱਚ, ਉਹਨਾਂ ਦੁਆਰਾ ਲਿਖਿਆ ਗੀਤ 'ਟੌਹਰੇ ਸਦਾ ਨੀਂ ਪੱਗਾਂ ਦੇ ਉੱਚੇ ਰਹਿੰਦੇ' ਗਾ ਕੇ ਜਿਲੇ ਵਿੱਚ ਦੂਸਰਾ ਸਥਾਨ ਹਾਸਲ ਕੀਤਾ । ਏਸੇ ਤਰਾਂ ਕਦਮ ਦਰ ਕਦਮ ਜਾਰੀ ਰੱਖਿਆ। ਡੀ.ਏ.ਵੀ ਕਾਲਜ ਅਬੋਹਰ ਵਿਖੇ ਯੂਥ ਫੈਸਟੀਵਲ 'ਚ ਭਾਗ ਲੈ ਕੇ ਆਪਣੀ ਮੰਝੀ ਹੋਈ ਗਾਇਕੀ ਸਥਾਪਤ ਕੀਤੀ। ਦੋਗਾਣਾ 'ਲ.ਫਜ ਧਾਲੀਵਾਲ' ਦੁਆਰਾ ਪਹਿਲਾ 2010 'ਚ ਪਤੀ ਪਤਨੀ ਦੀ ਨੋਕ ਝੋਕ 'ਟਾਟੋ ਮਾਟੋ' ਜਿਸ ਦੀ ਵੀਡੀਓ 'ਦੇਵੀ ਸ਼ਰਮਾਂ ਜੀ' ਵੱਲੋ ਤਿਆਰ ਕੀਤੀ ਗਈ ਸੀ, ਜੋ 'ਗੰਗਾਨਗਰ' ਦੀ ਪ੍ਰਸਿੱਧ ਕੰਪਨੀ 'ਬਲੂ ਸਟਾਰ' ਵੱਲੋ ਪੇਸ਼ ਕੀਤਾ ਗਿਆ। ਇਸ ਤੋ ਦੂਜੇ ਸਿੰਗਲ ਟਰੈਕ ਗੀਤ 'ਇੱਕ ਵਾਰ ਹਾਂ ਕਰਦੇ' ਤੀਸਰਾ ਗੀਤ 'ਦੋ ਤਾਰਾਂ ਬੋਲਦੀਆਂ' ਜਲੰਧਰ ਦੂਰਦਰਸ਼ਨ ਟੀ.ਵੀ ਤੇ ਨਵੇ ਸਾਲ 2015 ਰੰਗਾਰੰਗ ਪ੍ਰੋਗਰਾਮ ਵਿੱਚ ਪੇਸ਼ ਕੀਤਾ ।

ਜਦੋ 2016 ਵਿੱਚ ਪ੍ਰਸਿੱਧ ਰੰਗਕਰਮੀ 'ਰਾਜਵਿੰਦਰ ਸਮਰਾਲਾ ਜੀ' ਦੀ ਟੀਮ ਦਾ ਨਾਟਕ ਦੇਖਿਆਂ ਤਾਂ ਉਸਦੇ ਮੁਰੀਦ ਹੋ ਗਏ ਅਤੇ ਓਨਾਂ ਦੀ ਟੀਮ ਵਿਚ ਸ਼ਾਮਲ ਹੋ ਗਏ ਅਤੇ ਕਈ ਸਟੇਜਾਂ ਤੇ ਰੰਗਕਰਮੀ ਦੇ ਤੌਰ ਨਾਟਕ ਖੇਡੇ, ਅੱਜ ਵੀ ਸਟੇਜੀ ਬਰੀਕੀ ਸਿੱਖਿਆਂ ਪ੍ਰਸਿੱਧ ਰੰਗਕਰਮੀ 'ਰਾਜਵਿੰਦਰ ਸਮਰਾਲਾ ਜੀ' ਤੋ ਹਾਸਲ ਕਰਦੇ ਰਹਿੰਦੇ ਹਨ ।

ਪ੍ਰਸਿੱਧ ਚਰਚਿਤ ਡਾਇਰੈਕਟਰ 'ਭਗਵੰਤ ਕੰਗ ਜੀ' ਦੀ ਲਘੂ ਫ਼ਿਲਮ 'ਤੀਵੀਆਂ' ਵਿੱਚ ਪ੍ਰਸਿੱਧ ਅਦਾਕਾਰ ਦਿਲਾਵਰ ਸਿੱਧੂ ਨਾਲ ਕੰਮ ਕਰਨ ਦਾ ਮੌਕਾ ਮਿਲਿਆਂ। ਏਸੇ ਤਰਾਂ ਨਾਵਲ 'ਬਾਕੀ ਸਫਾ ਪੰਜ' ਬੂਟਾ ਸਿੰਘ ਚੌਹਾਨ ਜੀ ਦਾ ਨਾਵਲ 'ਉਜੜੇ ਖੂਹ ਦਾ ਪਾਣੀ' ਵਿਚ ਫਿਲਮ ਇੰਡਸਟਰੀਜ ਦੇ ਚਰਚਿਤ ਅਦਾਕਾਰ 'ਕੁਲਦੀਪ ਨਿਆਮੀ ਜੀ' ਨਾਲ, ਜਤਿੰਦਰ ਹਾਂਸ ਜੀ ਦੀ ਕਹਾਣੀ ਤੇ 'ਨੰਗੇਜ਼' ਲਘੂ ਫਿਲਮ ਵਿਚ ਸਟੂਡੀਓ "7 ਆਰ"++ ਦੇ ਬੈਨਰ ਹੇਠ 'ਪਛਤਾਵਾਂ' ਵਿੱਚ ਅਤੇ ਵੈੱਬਸੀਰੀਜ਼ 'ਕਤਲ' 'ਹਰਭਜਨ ਸਿੰਘ ਖੰਨਾ' ਦੁਆਰਾ ਨਿਰਦੇਸ਼ਕ ਕੀਤੀ ਜਾ ਰਹੀ ਹੈ, ਉਸ ਵਿਚ ਨਜ਼ਰ ਆਉਣਗੇ ਅਤੇ ਡਾਇਰੈਕਟਰ 'ਵਿਰਾਟ ਮਾਹਲ ਜੀ' ਵੱਲੋ ਡਾਇਰੈਕਟ ਕੀਤਾ, ਪੰਜਾਬੀ ਨਾਟਕ 'ਮੁਕੰਦ ਬਾਜੀਗਰ' ਵਿਚ ਬਾ ਕਮਾਲ ਅਦਾਕਾਰੀ ਦੇਖਣ ਨੂੰ ਮਿਲੇਗੀ। ਅੱਜਕੱਲ ਡਾਇਰੈਕਟਰ 'ਵਿਰਾਟ ਮਾਹਲ' ਦੇ ਚੈਨਲ 'ਓਕੇ ਜੱਟਾਂ ਰੈਕਡ' ਦੇ ਬੈਨਰ ਹੇਠ ਲੜੀਵਾਰ ਨਾਟਕ 'ਮੁਕਲਾਵਾਂ'

ਆਪਣੇ ਕਿਰਦਾਰ ਨਿਭਾਅ ਦਰਸ਼ਕਾਂ ਦਾ ਦਿਲ ਜਿੱਤਣ ਜਾ ਰਹੇ ਹਨ।

ਏਥੇ ਹੀ ਬਸ ਨਹੀ 'ਲਫ਼ਜ ਧਾਲੀਵਾਲ' ਕੁਦਰਤ ਪ੍ਰੇਮੀ, ਸਹਿਤਕ ਪ੍ਰੇਮੀ , ਜੀਵ ਜੰਤੂਆਂ ਨਾਲ ਮੋਹ ਮੁਹੱਬਤ ਰੱਖਣ ਵਾਲੇ ਸਾਫ ਅਕਸ ਦੇ ਇਨਸਾਨ ਹਨ। ਉਹ ਕਵੀ ਦਰਬਾਰਾਂ ਵਿੱਚ ਕਾਵਿ ਰੰਗ ਬਿਖੇਰਿਆ ਕਰਦੇ ਹਨ।

5 ਜੂਨ ਨੂੰ 'ਲਫ਼ਜ ਧਾਲੀਵਾਲ ਜੀ' ਦਾ ਖੂਬਸੂਰਤ ਦਮਦਾਰ ਬੁਲੰਦ ਆਵਾਜ ਵਿੱਚ ਰੁਮਾਂਟਿਕ ਗੀਤ 'ਚੰਨ ਤਾਰਿਆਂ' ਪ੍ਰਸਿੱਧ ਕਮੇਡੀਅਨ ਤੇ ਲੋਕ ਗਾਇਕ 'ਫਤਹਿ ਸਿਹਾਂ' ਦੇ 'ਫਤਹਿ ਫਿਲਮ' ਬੈਨਰ ਹੇਠ ਵੱਡੇ ਪੱਧਰ ਤੇ ਲੋਕ ਅਰਪਣ ਹੋਣ ਜਾ ਰਿਹਾ। ਇਸ ਨੂੰ ਸੰਗੀਤਕ ਧੁੰਨਾਂ ਨਾਲ ਸਿੰਗਾਰਿਆਂ ਹੈ 'ਬਲੈਸ ਬੀਟ' ਤੇ ਖੂਬਸੂਰਤ ਪੋਸਟਰ 'ਬੋਬੀ ਵਰਮਾਂ' ਨੇ ਤਿਆਰ ਕੀਤਾ।

'ਲਫ਼ਜ ਧਾਲੀਵਾਲ ਜੀ' ਨੂੰ ਬਹੁਤ ਮੁਬਾਰਕਬਾਦ, ਏਨਾਂ ਦੀਆਂ ਮਿਹਨਤਾਂ ਬੁਲੰਦੀਆਂ ਛੂਹਣ ਅਤੇ ਆਪਣੇ ਹਰ ਮੁਕਾਮ ਤੇ ਫਤਿਹ ਪਾਉਣ।

**ਫਿਲਮ ਜਰਨਲਿਸਟ**

**ਸੰਪਰਕ :- 9855155392**



**ਬਾਲ ਗੀਤ**

# ਦੁਸਹਿਰਾ

ਸਾਲ ਪਿੱਛੋਂ ਆਇਆ, ਦਸ਼ਹਿਰੇ ਦਾ ਤਿਉਹਾਰ ਏ।
ਦਾਦਾ ਜੀ ਨੇ ਕਰ ਲਿਆ ਅੱਜ ਮੈਨੂੰ ਤਿਆਰ ਏ।

ਸਾਈਕਲ ਦੇ ਡੰਡੇ ਬੈਠਾ, ਚਲ ਪਏ ਸ਼ਹਿਰ ਨੂੰ
ਕਿੰਨੇ ਹੀ ਰੁਖ ਲੰਘੇ, ਲੰਘਿਆ ਅਸੀਂ ਨਹਿਰ ਨੂੰ
ਦਾਦਾ ਜੀ ਨਿਭਾਇਆ, ਜੋ ਕਰਿਆ ਇਕਰਾਰ ਏ।

ਮੇਲੇ ਵਿਚ ਬੜੀ ਭੀੜ, ਖਿੜੇ ਸੋਹਣੇ ਰੰਗ ਸੀ,
ਜਲੇਬੀਆਂ ਦੀ ਦੁਕਾ ਉੱਤੇ, ਜੋ ਗਲੀ ਤੰਗ ਸੀ।
ਅਸੀਂ ਵੀ ਚਾਲੇ ਪਾਏ ਕਰ ਮਨ 'ਚੋਂ ਵਿਚਾਰ ਏ।

ਰਾਮ ਲੀਲਾ ਦਾ ਮੈਦਾਨ ਵੀ ਖਚਾਖਚ ਭਰਿਆ,
ਸਾਰੇ ਕਲਾਕਾਰ ਸੋਹਣਾ ਅਭਿਨੈਅ ਕਰਿਆ,
ਰਾਮ ਚੰਦਰ ਜੀ ਨੇ ਕੀਤਾ ਰਾਵਣ ਦਾ ਉਧਾਰ ਏ।

ਬਦੀ ਉਤੇ ਹੈ ਜਿੱਤ, ਸੱਚ ਦੀ ਕਹਿਣ ਹੋ ਗਈ,
ਸੱਚ ਦੇ ਰਾਹੀਆਂ ਨੂੰ ਉਹ ਸੱਚ 'ਚੋਂ ਪਰੋ ਗਈ,
'ਪ੍ਰੀਤ ਬੀੜ ਕਿਸਨ', ਜਨਮ ਦਿਨ ਦਾ ਖ਼ੁਮਾਰ ਏ।

**ਗੁਰਪ੍ਰੀਤ ਸਿੰਘ ਬੀੜ ਕਿਸਨ**

**ਪਿੰਡ ਬੀਜਾ, ਤਹਿ. ਖੰਨਾ, ਜ਼ਿਲ੍ਹਾ ਲੁਧਿਆਣਾ।**

# ਮੁਖਤਾਰ ਸਿੰਘ ਚੰਦੀ ਦੀਆਂ ਦੋ ਗ਼ਜ਼ਲਾਂ



ਉੱਦਮ ਲਗਨ ਉਮੀਦ ਹੌਂਸਲੇ ਸੀਨੇ ਦੇ ਵਿੱਚ ਮਘਦੇ ਰੱਖੀਏ
ਆਸ ਅਤੇ ਵਿਸ਼ਵਾਸ ਦੇ ਦੀਵੇ ਮਸਤਕ ਵਿਚ ਜਗਦੇ ਰੱਖੀਏ

ਜੀਵਨ ਦੇ ਪਲ ਚਾਨਣ ਰੰਗੇ ਸ਼ਾਨਾਮੱਤੇ ਹੋ ਜਾਵਣਗੇ
ਨੇਕ ਅਮਲ ਤੇ ਨੇਕਨੀਯਤੀ ਵਾਲੇ ਚਿਹਰੇ ਦਗਦੇ ਰੱਖੀਏ

ਚਿਹਰੇ ਤੇ ਮੁਸਕਾਨ ਜੇ ਹੋਵੇ ਹਰ ਰੂਹ ਤੱਕ ਕੇ ਖਿੜ ਜਾਂਦੀ ਹੈ
ਹਰ ਕੋਈ ਹੀ ਅਪਣਾ ਹੋ ਜਾਏ ਨਾਲ ਸੁਹਬਤਾਂ ਠੱਗਦੇ ਰੱਖੀਏ

ਜਿਸਰਾਂ ਮੋਮ ਤੇ ਬੱਤੀ ਬਲ ਕੇ ਕਰ ਦਿੰਦੇ ਨੇ ਦੂਰ ਹਨੇਰਾ
ਇਸਰਾਂ ਸ਼ਬਦ ਦੀ ਜੋਤ ਜਗਾ ਕੇ ਗਿਆਨ ਦੇ ਦੀਪ ਸੁਲਗਦੇ ਰੱਖੀਏ

ਮੰਜ਼ਿਲ ਖੁਦ ਹੀ ਚੱਲ ਕੇ ਆ ਜਾਵੇ ਕਦਮਾਂ ਦੇ ਵਿੱਚ ਜਾਨ ਜੇ ਹੋਵੇ
ਸਹਿਜ ਮਤੇ ਜੀਰਾਂਦ 'ਚ ਰਹਿ ਕੇ ਵਲਵਲਿਆਂ ਨੂੰ ਅੱਗ ਦੇ ਰੱਖੀਏ

ਘੁੰਮਣ ਘੇਰਾਂ ਦੇ ਵਿੱਚ ਫਸਕੇ ਜ਼ਿੰਦਗੀ ਨਾ ਜੰਜਾਲ ਬਣਾਈਏ
ਸੋਚ ਸਮਝ ਦੀ ਮੁੰਦਰੀ ਦੇ ਵਿੱਚ ਸਬਰ ਦੇ ਮੋਤੀ –ਨਗ ਦੇ ਰੱਖੀਏ

ਖੜ੍ਹ ਜਾਵਣ ਤਾਂ ਬਦਬੂ ਮਾਰਨ ਸੁੱਕਦੇ ਸੁੱਕਦੇ ਸੁੱਕ ਜਾਂਦੇ ਨੇ
ਏਸੇ ਲਈ ਤਾਂ 'ਚੰਦੀ' ਆਖੇ ਸੋਚ ਦੇ ਪਾਣੀ ਵਗਦੇ ਰੱਖੀਏ

ਉਹ ਜੋ ਰੌਸ਼ਨੀਆਂ ਦੀਆਂ ਗੱਲਾਂ ਕਰਦਾ ਹੈ
ਨੇਰ੍ਹੇ ਦੀ ਹਰ ਰੋਜ਼ ਗ਼ੁਲਾਮੀ ਜ਼ਰਦਾ ਹੈ

ਮੁਖਬਰ ਵਾਂਗ ਜੁ ਜਿਉਂਦਾ ਉਸ ਦਾ ਜੀਣਾ ਕੀ
ਮਰਨਾ ਕੀ ਜੋ ਵਾਂਗ ਬੁਜ਼ਦਿਲਾਂ ਮਰਦਾ ਹੈ

ਫੁੱਲਾਂ ਸੰਗ ਮੁਸਕਰਾਉਣਾ ਚੰਗੀ ਆਦਤ ਹੈ
ਹਰ ਪਲ ਮਹਿਕ ਲੁਟਾ ਕੇ ਸੀਨਾ ਠਰਦਾ ਹੈ

ਗਿਰਗਿਟ ਵਾਂਗੂੰ ਰੰਗ ਬਦਲਦੀ ਦੁਨੀਆਂ ਇਹ
ਰੰਗ ਜਮਾ ਕੇ ਵਿਰਲਾ ਹੀ ਰੰਗ ਭਰਦਾ ਹੈ

ਮਰਦੇ ਦਮ ਤੱਕ ਮੌਤ ਨੂੰ ਕਰਨ ਮਖ਼ੌਲਾਂ ਜੋ
ਸਚ ਦਾ ਹੀ ਕੋਈ ਆਸ਼ਕ ਸੂਲੀ ਚੜ੍ਹਦਾ ਹੈ

ਆਪਣੀਆਂ ਹੀ ਨਜ਼ਰਾਂ ਚੋਂ ਗਿਰ ਜਾਵੇ ਜੋ
ਘਾਟ ਕਿਸੇ ਦਾ ਰਹਿੰਦਾ ਨਾ ਉਹ ਘਰ ਦਾ ਹੈ

ਉਸ ਬੇਗੈਰਤ ਸੀਸ ਕਟਾਉਣਾ ਕੀ 'ਚੰਦੀ'
ਸੀਸ ਝੁਕਾ ਕੇ ਜਿਸ ਬੰਦੇ ਦਾ ਸਰਦਾ ਹੈ

---

## ਗ਼ਜ਼ਲ

**ਰਾਜਦੀਪ ਤੂਰ**

ਤੁਸੀਂ ਜਿਸ ਡਾਲ ਉੱਪਰ ਬੈਠਣਾ ਸੀ
ਉਸੇ ਹੀ ਡਾਲ ਨੂੰ ਕਿਉਂ ਵੱਢਣਾ ਸੀ

ਬੜੀ ਜ਼ਰਖੇਜ਼ ਧਰਤੀ ਦੇਸ਼ ਮੇਰਾ
ਤੁਸੀਂ ਜੋ ਬੀਜਿਆ ਉਹ ਉੱਗਣਾ ਸੀ

ਸੁਰਾਂ ਦਾ ਸਾਥ ਸੀ ਜਦ ਨਾਲ? ਤਾਂ ਫਿਰ
ਬੇਗਾਨੀ ਤਾਲ 'ਤੇ ਕਿਉਂ ਨੱਚਣਾ ਸੀ

ਤੁਸੀਂ ਨਾ ਦੋਸ਼ ਦੇਵੋ ਹੁਣ ਕਿਸੇ ਨੂੰ
ਕੁਰਾਹੇ ਹੋ ਤੁਸੀਂ ਤਾਂ ਭਟਕਣਾ ਸੀ

ਵਿਛਾਈਆਂ ਸੀ ਕਿਸੇ ਦੇ ਵਾਸਤੇ ਜੋ
ਇਨ੍ਹਾਂ ਸੂਲ?ਾਂ ਤੁਹਾਨੂੰ ਵਿੰਨ੍ਹਣਾ ਸੀ

ਮੁਖ਼ਾਲਿਫ਼ ਹੀ ਰਿਹਾ ਮੌਸਮ ਨਹੀਂ ਤਾਂ
ਕਲੀ ਨੇ ਫੁੱਲ ਬਣਕੇ ਮਹਿਕਣਾ ਸੀ

ਜੋ ਪਾਲ? ਬੁੱਕਲ?ਾਂ ਵਿੱਚ ਸੱਪ ਆਪਾਂ
ਕਿਸੇ ਦਿਨ ਤਾਂ ਇਨ੍ਹਾਂ ਨੇ ਡੰਗਣਾ ਸੀ

ਅਸਾਡੇ ਬੋਲ ਗੂੰਗੇ ਹੋ ਗਏ ਜਦ
ਅਸਾਡੀ ਚੁੱਪ ਨੇ ਤਾਂ ਬੋਲਣਾ ਸੀ

# ਰੈਫਰੈਂਸ ਲਾਇਬ੍ਰੇਰੀ ਭਾਸ਼ਾ ਵਿਭਾਗ - ਹੱਥਲਿਖਤਾਂ



**ਚੇਤਨ ਸਿੰਘ,**
ਸੇਵਾ ਮੁਕਤ ਡਾਇਰੈਕਟਰ
ਭਾਸ਼ਾ ਵਿਭਾ.ਗ, ਪੰਜਾਬ

ਆਦਿ ਕਾਲ ਤੋਂ ਮਾਨਵ ਵਿਚ ਗਿਆਨ ਪ੍ਰਾਪਤ ਕਰਨ ਦੀ ਜਗਿਆਸਾ ਰਹੀ ਹੈ। ਬਹੁਤ ਪਹਿਲਾਂ ਇਹ ਗਿਆਨ ਮੌਖਿਕ ਰੂਪ ਵਿਚ ਪ੍ਰਾਪਤ ਕੀਤਾ ਜਾਂਦਾ ਸੀ ਤੇ ਸੀਨਾ ਬ ਸੀਨਾ ਅਗਾਂਹ ਪੀੜ੍ਹੀ ਦਰ ਪੀੜ੍ਹੀ ਅੱਗੇ ਪਹੁੰਚ ਜਾਂਦਾ ਸੀ। ਸਾਹਿਤਕ ਅਲੋਚਕਾਂ ਦਾ ਇਹ ਮੱਤ ਸਹੀ ਹੈ ਕਿ ਸਾਹਿਤ ਦੇ ਖੇਤਰ ਵਿਚ ਵਾਰਤਕ ਨਾਲੋਂ ਪਹਿਲਾਂ ਕਵਿਤਾ ਦਾ ਪ੍ਰਵੇਸ਼ ਹੋਇਆ। ਕਵਿਤਾ ਨੂੰ ਯਾਦ ਰੱਖਣਾ ਵਾਰਤਕ ਨਾਲੋਂ ਆਸਾਨ ਸੀ। ਇਸ ਗਿਆਨ ਨੂੰ ਜਦੋਂ ਲਿਖਤੀ ਰੂਪ ਦੇਣਾ ਆਰੰਭ ਹੋਇਆ ਤਾਂ ਇਹ ਪਹਿਲਾਂ ਭੋਜ ਪੱਤਰਾਂ, ਪੱਥਰਾਂ, ਕੱਪੜਾ, ਚਮੜਾ ਅਤੇ ਫਿਰ ਕਾਗਜ਼ ਉਪਰ ਲਿਖਿਆ ਜਾਣਾ ਆਰੰਭ ਹੋਇਆ। ਮੁਢਲੇ ਪੜਾਵਾਂ ਤੋਂ ਬਾਅਦ ਅੱਜ ਸਾਡੇ ਕੋਲ ਕਾਗਜ਼ ਉਪਰ ਲਿਖੀ ਸਮੱਗਰੀ ਹੀ ਪ੍ਰਾਪਤ ਹੈ।

ਹੱਥ ਲਿਖਤ ਤੋਂ ਭਾਵ ਟਾਈਪ ਛਾਪੇ ਤੋਂ ਰਹਿਤ ਹੱਥ ਨਾਲ ਲਿਖੀ ਹੋਈ ਲਿਖਤ ਹੈ। ਇਹ ਲਿਖਤ ਮੂਲ ਲੇਖਕ ਦੀ ਵੀ ਹੋ ਸਕਦੀ ਹੈ ਅਤੇ ਬਹੁਤ ਕਰਕੇ ਮੂਲ ਲਿਖਤ ਦੇ ਉਤਾਰੇ ਵੀ ਹੋ ਸਕਦੇ ਹਨ। ਸਾਰੇ ਭਾਰਤ ਵਰਸ਼ ਵਿਚ ਵੱਖ ਵੱਖ ਭਾਸ਼ਾਵਾਂ ਦੀਆਂ ਹੱਥਲਿਖਤਾਂ ਦੇ ਭੰਡਾਰ ਮੌਜੂਦ ਹਨ। ਖੋਜੀ ਜਨ ਆਪਣੀ-2 ਰੁਚੀ ਤੇ ਲੋੜ ਅਨੁਸਾਰ ਇਨ੍ਹਾਂ ਤਕ ਪਹੁੰਚ ਰਖਦੇ ਹਨ। ਸਾਰੀਆਂ ਯੂਨੀਵਰਸਿਟੀਆਂ, ਮਹਾਨ ਧਾਰਮਕ ਸਥਾਨਾਂ/ਡੇਰਿਆਂ, ਲਾਇਬ੍ਰੇਰੀਆਂ ਤੇ ਨਿੱਜੀ ਪੁਸਤਕਾਲਿਆਂ ਵਿਚ ਇਨ੍ਹਾਂ ਦੇ ਸੰਗ੍ਰਹਿ ਹਨ। ਮੇਰੀ ਜਾਣਕਾਰੀ ਤੇ ਪਹੁੰਚ ਅਨੁਸਾਰ ਡਾ. ਖੁਦਾ ਬਖ਼ਸ਼ ਲਾਇਬ੍ਰੇਰੀ ਪਟਨਾ ਵਿਚ 23000 ਹੱਥਲਿਖਤਾਂ ਹਨ। ਇਸ ਤੋਂ ਇਲਾਵਾ ਨਾਗਰੀ ਪ੍ਰਚਾਰਣੀ ਸਭਾ ਬਨਾਰਸ, ਬਾਂਕੀ ਪੁਰ ਲਾਇਬ੍ਰੇਰੀ, ਇੰਡੀਆ ਆਫਿਸ ਲਾਇਬ੍ਰੇਰੀ ਲੰਡਨ, ਨੈਸ਼ਨਲ ਲਾਇਬ੍ਰੇਰੀ ਕਲਕੱਤਾ, ਪਬਲਿਕ ਲਾਇਬ੍ਰੇਰੀ ਲਾਹੌਰ, ਭੰਡਾਰਕਰ ਇੰਨਸਟੀਚਿਊਟ ਪੂਨਾ ਅਤੇ ਹੈਦਰਾਬਾਦ ਆਦਿ ਬਹੁਤ ਸਾਰੀਆਂ ਅਜਿਹੀਆਂ ਥਾਵਾਂ ਹਨ ਜਿਥੇ ਹੱਥ ਲਿਖਤਾਂ ਦੇ ਸੰਗ੍ਰਹਿ ਹਨ। ਲਗ ਭਗ ਸੰਸਾਰ ਦੀਆਂ ਸਾਰੀਆਂ ਹੀ ਭਾਸ਼ਾਵਾਂ ਦੀ ਇਹ ਸਥਿਤੀ ਰਹੀ ਹੈ ਅਤੇ ਪੰਜਾਬੀ ਸਮੇਤ ਸਾਰੀਆਂ ਭਾਸ਼ਾਵਾਂ ਵਿਚ ਹੱਥਲਿਖਤਾਂ ਮੌਜੂਦ ਹਨ। ਪਰ ਇਥੇ ਅਸੀਂ ਪੰਜਾਬੀ ਅਤੇ ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿਚ ਪਈਆਂ ਹੱਥਲਿਖਤਾਂ ਦਾ ਵਿਸ਼ੇਸ਼ ਪਰ ਸੰਖੇਪ ਜ਼ਿਕਰ ਕਰਾਂਗੇ।

ਪੰਜਾਬੀ ਦੀਆਂ ਹੱਥਲਿਖਤਾਂ ਦੀ ਲਿਪੀ ਗੁਰਮੁਖੀ ਹੈ ਅਤੇ ਇਹ ਪਿਛਲੀਆਂ ਤਿੰਨ ਚਾਰ ਸਦੀਆਂ ਤੋਂ ਕੁਝ ਸਾਲ ਵੱਧ ਦੀਆਂ ਵੇਖਣ ਵਿਚ ਮਿਲਦੀਆਂ ਹਨ। ਇਹ ਹੱਥ ਲਿਖਤਾਂ ਦੋ ਥਾਵਾਂ ਤੇ ਸੁਰਖਿਅਤ ਹਨ। ਪਹਿਲਾ ਤਾਂ ਇਹ ਵੱਡੀਆਂ ਵੱਡੀਆਂ ਲਾਇਬ੍ਰੇਰੀਆਂ ਵਿਚ ਸੁਰਖਿਅਤ ਅਤੇ ਦੂਜਾ ਇਹ ਵਿਦਵਾਨਾਂ, ਖੋਜੀਆਂ ਤੇ ਸੰਤਾਂ ਮਹਾਂਪੁਰਖਾਂ ਪਾਸ ਨਿੱਜੀ ਤੌਰ ਤੇ ਸੁਰਖਿਅਤ ਹਨ। ਗੁਰਮੁਖੀ ਦੀਆਂ ਹੱਥ ਲਿਖਤਾਂ ਜਿਹੜੀਆਂ-2 ਲਾਇਬ੍ਰੇਰੀਆਂ ਜਾਂ ਅਜਾਇਬ ਘਰਾਂ ਵਿਚ ਮੌਜੂਦ ਹਨ ਉਨ੍ਹਾਂ ਦੇ ਕੁਝ ਕੁ ਮਸ਼ਹੂਹਰ ਨਾਮ ਇਸ ਤਰ੍ਹਾਂ ਹਨ

1. ਰੈਂਫਰੈਂਸ ਲਾਇਬ੍ਰੇਰੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
2. ਮੁਸਾਫਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ
3. ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
5. ਸਿੱਖ ਰੈਂਫਰੈਂਸ ਲਾਇਬ੍ਰੇਰੀ, ਸ਼੍ਰੋ: ਗੁ: ਪ੍ਰ: ਕਮੇਟੀ, ਸ਼੍ਰੀ ਅੰਮ੍ਰਿਤਸਰ
6. ਪੰਜਾਬੀ ਅਕਾਡਮੀ, ਲੁਧਿਆਣਾ
7. ਸਿੱਖ ਇਤਿਹਾਸ ਰੀਸਰਚ ਬੋਰਡ, ਖਾਲਸਾ ਕਾਲਿਜ, ਸ਼੍ਰੀ ਅੰਮ੍ਰਿਤਸਰ
8. ਪੰਜਾਬ ਡਿਜੀਟਲ ਲਾਇਬ੍ਰੇਰੀ, ਚੰਡੀਗੜ੍ਹ
9. ਪੰਜਾਬ ਆਰਕਾਈਵਜ਼, ਚੰਡੀਗੜ੍ਹ
10. ਬ੍ਰਿਟਿਸ਼ ਲਾਇਬ੍ਰੇਰੀ, ਲੰਡਨ

11. ਮੋਤੀ ਮਹਿਲ ਲਾਇਬ੍ਰੇਰੀ, ਪਟਿਆਲਾ

12. ਤਖਤ ਸਾਹਿਬਾਨ ਤੇ ਮਹਾਂਪੁਰਖਾਂ ਦੇ ਡੇਰੇ ਅਤੇ ਵਿਦਵਾਨਾਂ ਦੇ ਨਿੱਜੀ ਸੰਗ੍ਰਹਿ ਆਦਿ।

ਗੁਰਮੁਖੀ ਹੱਥਲਿਖਤਾਂ ਉਪਰ ਜਿਹੜੇ ਵਿਦਵਾਨਾਂ ਨੇ ਬਹੁਤ ਕਾਰਜ ਕੀਤਾ ਹੈ, ਉਨ੍ਹਾਂ ਪਾਸ ਨਿੱਜੀ ਤੌਰ ਤੇ ਬਹੁਤ ਹੱਥਲਿਖਤਾਂ ਦੇ ਸੰਕੇਤ ਮਿਲਦੇ ਹਨ। ਅਜਿਹੇ ਵਿਦਵਾਨਾਂ ਦੇ ਕੁਝ ਕੁ ਨਾਮ ਇਸ ਤਰ੍ਹਾਂ ਹਨ :-

1. ਪ੍ਰੋ. ਪਰੀਤਮ ਸਿੰਘ, ਪਟਿਆਲਾ
2. ਸ਼ਮਸ਼ੇਰ ਸਿੰਘ ਅਸ਼ੋਕ
3. ਡਾ. ਗੰਡਾ ਸਿੰਘ
4. ਦਵਿੰਦਰ ਵਿਦਿਆਰਥੀ
5. ਡਾ. ਗੋਬਿੰਦ ਸਿੰਘ ਲਾਂਬਾ
6. ਪ੍ਰੋ. ਪਿਆਰਾ ਸਿੰਘ ਪਦਮ
7. ਪ੍ਰੋ. ਪਿਆਰ ਸਿੰਘ
8. ਡਾ. ਅਜਮੇਰ ਸਿੰਘ
9. ਡਾ. ਗੁਰਮੁਖ ਸਿੰਘ (ਭਾਸ਼ਾ ਵਿਭਾਗ)
10. ਗਿਆਨੀ ਗੁਰਜੰਟ ਸਿੰਘ ਪਟਿਆਲਾ

ਗੁਰਮੁਖੀ ਹੱਥਲਿਖਤਾਂ ਬਾਰੇ ਵੱਖ ਵੱਖ ਸਾਹਿਤਕ ਅਦਾਰਿਆਂ ਵਲੋਂ ਇਕੱਤਰ ਕਰਨ ਅਤੇ ਸੰਭਾਲਣ ਦੇ ਯਤਨ ਕੀਤੇ ਗਏ ਹਨ। ਉਪਰੋਕਤ ਲਗਭਗ ਸਾਰੀਆਂ ਲਾਇਬ੍ਰੇਰੀਆਂ ਵਲੋਂ ਪਾਠਕਾਂ ਤੇ ਖੋਜੀਆਂ ਦੀ ਸਹੂਲਤ ਲਈ ਆਪਣੇ ਪਾਸ ਮੌਜੂਦ ਹੱਥਲਿਖਤਾਂ ਦੀਆਂ ਵੇਰਵੇ ਸਹਿਤ ਸੂਚੀਆਂ ਪੁਸਤਕਾਂ ਦੇ ਰੂਪ ਵਿਚ ਛਾਪੀਆਂ ਹੋਈਆਂ ਹਨ ਜਿਨਾਂ ਤੋਂ ਹੱਥਲਿਖਤ ਦਾ ਸਮਾਂ, ਲੇਖਕ, ਵਿਸ਼ਾ ਤੇ ਪੰਨਿਆਂ ਬਾਰੇ ਮੁਕੰਮਲ ਜਾਣਕਾਰੀ ਮਿਲ ਜਾਂਦੀ ਹੈ। ਹੱਥਲਿਖਤਾਂ ਦੀ ਸੰਭਾਲ ਲਈ ਸਮਰਪਿਤ ਹੁਣੇ ਹੁਣੇ ਹੋਂਦ ਵਿਚ ਆਈ ਪੰਜਾਬ ਡਿਜੀਟਲ ਲਾਇਬ੍ਰੇਰੀ ਚੰਡੀਗੜ੍ਹ ਵਲੋਂ ਅਤਿ ਆਧੁਨਿਕ ਟੈਕਨੀਕਾਂ ਰਾਹੀਂ ਇਨ੍ਹਾਂ ਹੱਥਲਿਖਤਾਂ ਨੂੰ ਸੰਭਾਲਣ ਦਾ ਸਫਲ ਤੇ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ।

ਭਾਸ਼ਾ ਵਿਭਾਗ ਦੀ ਰੈਂਫਰੈਂਸ ਲਾਇਬ੍ਰੇਰੀ ਵਿਚ ਲਗ ਭਗ 600 ਹੱਥਲਿਖਤਾਂ ਹਨ, ਜਿਨ੍ਹਾਂ ਵਿਚ ਵੱਡੀ ਗਿਣਤੀ ਗੁਰਮੁਖੀ ਲਿਪੀ ਵਾਲੀਆਂ ਦੀ ਹੈ। ਇਸ ਤੋਂ ਇਲਾਵਾ ਦੇਵਨਾਗਰੀ ਅਤੇ ਫ਼ਾਰਸੀ ਲਿਪੀ ਦੀਆਂ ਹੱਥਲਿਖਤਾਂ ਵੀ ਮੌਜੂਦ ਹਨ। ਇਹ ਸਾਰੀਆਂ ਹੱਥਲਿਖਤਾਂ ਨੂੰ ਭਵਿੱਖ ਵਿਚ ਸਦਾ ਸੁਰਖਿਅਤ ਢੰਗ ਨਾਲ ਸੰਭਾਲਣ ਲਈ ਭਾਰਤ ਸਰਕਾਰ ਦੇ "ਨੈਸ਼ਨਲ ਮਿਸ਼ਨ ਫਾਰ ਮੈਨੂਸਕਰਿਪਟਸ ਵਿਭਾਗ" ਦਾ ਸਹਿਯੋਗ ਪ੍ਰਾਪਤ ਰਿਹਾ ਹੈ ਅਤੇ ਉਨ੍ਹਾਂ ਦੀਆਂ ਅਗਵਾਈ ਲੀਹਾਂ ਦੀ ਪਾਲਣਾ ਕੀਤੀ ਜਾਂਦੀ ਹੈ। ਵਿਭਾਗ ਨੇ ਇਨ੍ਹਾਂ ਨੂੰ ਡਿਜੀਟਲ ਰੂਪ ਵੀ ਦਿਤਾ ਹੋਇਆ ਹੈ। ਭਾਸ਼ਾ ਵਿਭਾਗ ਪੰਜਾਬ ਦੇ ਪਹਿਲਾਂ ਹੋ ਚੁੱਕੇ ਵਿਦਵਾਨਾਂ ਨੇ ਇਨ੍ਹਾਂ ਹੱਥਲਿਖਤਾਂ ਦਾ ਚੋਖਾ ਅਧਿਐਨ ਕਰਕੇ ਕਈ ਹੱਥ ਲਿਖਤਾਂ ਨੂੰ ਪੁਸਤਕਾਂ ਦਾ ਰੂਪ ਵੀ ਦਿਤਾ ਹੈ। ਇਸ ਸੰਗ੍ਰਹਿ ਨੂੰ ਇਕੱਤਰ ਕਰਨ ਵਿਚ ਵਿਭਾਗ ਦੇ ਯਤਨਾਂ ਅਤੇ ਹੋਰ ਸਹਿਯੋਗੀ ਸੱਜਣਾਂ ਦਾ ਯੋਗਦਾਨ ਪ੍ਰਾਪਤ ਰਿਹਾ ਹੈ। ਸਾਲ 1961 ਤੱਕ ਭਾਸ਼ਾ ਵਿਭਾਗ ਵਿਚ ਕੇਵਲ 338 ਹੱਥ ਲਿਖਤਾਂ ਦਾ ਸੰਗ੍ਰਹਿ ਸੀ ਜੋ ਕਿ ਸਾਲ 2001 ਵਿਚ 592 ਤੱਕ ਹੋ ਚੁੱਕਾ ਹੈ।

ਸਾਲ 1962-63 ਵਿਚ ਭਾਸ਼ਾ ਵਿਭਾਗ ਵਲੋਂ ਦੋ ਜਿਲਦਾਂ ਵਿਚ ਪੰਜਾਬੀ ਹੱਥ ਲਿਖਤਾਂ ਦੀ ਸੂਚੀ ਤਿਆਰ ਕਰਕੇ ਪ੍ਰਕਾਸ਼ਤ ਕੀਤੀ ਗ਼ਈ ਸੀ। ਸ਼ਮਸ਼ੇਰ ਸਿੰਘ ਅਸ਼ੋਕ ਨੇ ਸਾਰੇ ਥਾਵਾਂ ਤੇ ਜਾ ਕੇ ਇਨਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਇਨ੍ਹਾਂ ਨੂੰ ਤਿਆਰ ਕੀਤਾ ਸੀ। ਪੰਜਾਬੀ ਹੱਥਲਿਖਤਾਂ ਬਾਰੇ ਅਜਿਹਾ ਮੌਲਿਕ ਕਾਰਜ ਦੋਬਾਰਾ ਨਹੀਂ ਹੋਇਆ। ਵਿਭਾਗ਼ ਵਿਚ ਹੱਥਲਿਖਤਾਂ ਦੇ ਛੇ ਮਹਾਨ ਖੋਜੀ ਵਿਦਵਾਨ ਹੋਏ ਹਨ, ਜਿਨ੍ਹਾਂ ਦੇ ਨਾਮ ਹਨ- ਪ੍ਰੋ. ਪਿਆਰਾ ਸਿੰਘ ਪਦਮ, ਪੰਡਤ ਕਰਤਾਰ ਸਿੰਘ ਦਾਖਾ, ਜੀਤ ਸਿੰਘ ਸੀਤਲ, ਸ਼ਮਸ਼ੇਰ ਸਿੰਘ ਅਸ਼ੋਕ, ਡਾ. ਗੋਬਿੰਦ ਸਿੰਘ ਲਾਬਾਂ ਅਤੇ ਡਾ. ਗੁਰਮੁਖ ਸਿੰਘ (ਭਾਸ਼ਾ ਵਿਭਾਗ)। ਵਿਭਾਗ ਵਲੋਂ ਲਾਇਬ੍ਰੇਰੀ ਵਿਚ ਮੌਜੂਦ ਇਨ੍ਹਾਂ ਸਾਰੀਆਂ ਹੱਥ ਲਿਖਤਾਂ ਬਾਰੇ ਡਾ. ਗੁਰਮੁਖ ਸਿੰਘ ਤੋਂ ਇਕ ਮੁਕੰਮਲ ਸੂਚੀ ਤਿਆਰ ਕਰਵਾਈ ਹੋਈ ਹੈ, ਜਿਸ ਨੂੰ ਪੁਸਤਕ ਰੂਪ ਵਿਚ ਛਾਪਿਆ ਹੋਇਆ ਹੈ। ਇਸ ਦਾ ਨਾਮ 'ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੀਆਂ ਹੱਥ-ਲਿਖਤਾਂ ਗ੍ਰੰਥਾਂ ਦੀ ਵਿਵਰਣਾਤਮਕ ਸੂਚੀ' ਹੈ।

ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿਚ ਪਈਆਂ ਇਨ੍ਹਾਂ ਹੱਥ ਲਿਖਤਾਂ ਦਾ ਵਿਸ਼ਾ ਵੱਡੀ ਗਿਣਤੀ ਅਨੁਸਾਰ ਕ੍ਰਮਵਾਰ ਧਾਰਮਕ, ਇਤਿਹਾਸ, ਗੁਰਬਾਣੀ, ਕਿੱਸਾ ਕਾਵਿ, ਜਨਮ ਸਾਖੀਆਂ, ਛੰਦ, ਅਲੰਕਾਰ, ਜੰਗਨਾਮੇ, ਕੋਸ਼, ਭਗਵਤ ਗੀਤਾ, ਹਨੂਮਾਨ ਨਾਟਕ, ਵਾਰ ਸਾਹਿਤ, ਸੀਹਰਫੀਆਂ ਤੇ ਹਿਕਮਤ ਹੈ। ਹਰੇਕ ਹੱਥਲਿਖਤ ਦੇ ਨੰਬਰ ਅਨੁਸਾਰ ਉਸ ਬਾਰੇ ਮੁਕੰਮਲ ਜਾਣਕਾਰੀ ਦਿਤੀ ਹੈ। ਇਨ੍ਹਾਂ ਹੱਥਲਿਖਤਾਂ ਦੀ ਲਿਖਾਈ ਬਹੁਤ ਸੁੰਦਰ ਹੈ। ਕਈ ਹੱਥਲਿਖਤਾਂ ਵਿਚ ਰੰਗੀਨ ਚਿਤਰ ਵੀ ਹਨ। ਹਰੇਕ ਹੱਥਲਿਖਤ ਦੇ ਆਦਿ ਵਿਚ ਰਿਵਾਇਤ ਮੂਜਬ

ਮੰਗਲਾਚਰਣ ਵਜੋਂ ਕੁਝ ਸਤਰਾਂ ਜਾਂ ਨਿਸ਼ਚਿਤ ਚਿੰਨ੍ਹ ਹਨ ਜੋ ਲੇਖਕਾਂ ਦੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਹਨ। ਬਹੁਤ ਸਾਰੀਆਂ ਹੱਥਲਿਖਤਾਂ ਦੇ ਅਖੀਰ ਵਿਚ ਰਚਨਾ ਕੀਤੇ ਜਾਣ ਦਾ ਸਾਲ ਜਾਂ ਉਤਾਰਾ ਕੀਤੇ ਜਾਣ ਦਾ ਸਮਾਂ ਲਿਖਿਆ ਹੋਇਆ ਹੈ। ਕਈ ਵਾਰ ਤਾਂ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੁੰਦਾ ਹੈ ਜਿਵੇਂ 'ਸੰਮਤ 1922 ਪੋਥੀ ਸੰਪੂਰਨ ਹੋਈ।' ਪਰੰਤੂ ਕਈ ਵਾਰ ਇਸ ਦੇ ਲੇਖਕ ਵਲੋਂ ਸੰਨ ਜਾਂ ਸੰਮਤ ਦੀ ਸੂਚਨਾ ਕਾਵਿ-ਸਤਰਾਂ ਵਿਚ ਸਥਾਪਿਤ ਗ਼ਿਣਤੀਆਂ ਦੇ ਰੂਪ ਵਿਚ ਦੱਸੀ ਜਾਂਦੀ ਹੈ, ਜਿਸ ਨੂੰ ਖੋਜੀ ਸੱਜਣ ਸਹਿਜੇ ਪਰ ਸਾਧਾਰਨ ਪਾਠਕ ਬਹੁਤ ਮੁਸ਼ਕਲ ਨਾਲ ਸਮਝਦਾ ਹੈ।

ਇਨਾਂ ਹੱਥਲਿਖਤਾਂ ਵਿਚ ਬਹੁਤੀ ਵਾਰ ਦੋ ਪੰਨਿਆਂ ਨੂੰ ਇਕ ਪੱਤਰਾ ਮੰਨਿਆ ਜਾਂਦਾ ਹੈ। ਲਿਖਤ ਦੀ ਗ਼ਲਤੀ ਹੋ ਜਾਣ ਕਾਰਨ '+' ਦਾ ਨਿਸ਼ਾਨ ਪਾ ਕੇ ਨੇੜੇ ਖ਼ਾਲੀ ਥਾਂ ਪਾ ਦਿੱਤਾ ਜਾਂਦਾ ਹੈ। ਥੋੜੇ ਜਿਹੇ ਅਭਿਆਸ ਨਾਲ ਪਾਠਕ ਲਿਖਤ ਨੂੰ ਠੀਕ ਢੰਗ ਨਾਲ ਪੜਣ ਦੇ ਯੋਗ ਹੋ ਜਾਂਦਾ ਹੈ। ਗੁਰਮੁਖੀ ਹੱਥਲਿਖਤਾਂ ਵਿਚ ਬਹੁਤੀਆਂ ਲਿਖਤਾਂ ਗੁਰਬਾਣੀ ਦੀਆਂ ਪੋਥੀਆਂ ਹਨ। ਪ੍ਰੈਸ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਆਮ ਸਿਖ ਸ਼ਰਧਾਲੂਆਂ ਵਲੋਂ ਗੁਰਬਾਣੀ ਦੇ ਗੁਟਕਿਆਂ, ਪੰਜ ਗ੍ਰੰਥੀਆਂ, ਦਸ ਗ੍ਰੰਥੀਆਂ ਅਤੇ ਹੋਰ ਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰ ਲਏ ਜਾਂਦੇ ਸਨ। ਉਤਾਰੇ ਕਰਨ ਲੱਗਿਆ ਅਖੀਰ ਵਿਚ ਉਤਾਰਾ ਕਰਨ ਦੇ ਸੰਨ ਜਾਂ ਸੰਮਤ ਦੇ ਨਾਲ ਵਰਤੀ ਗਈ ਸਿਆਹੀ ਤਿਆਰ ਕਰਨ ਦੀ ਵਿਧੀ ਵੀ ਲਿਖੀ ਜਾਂਦੀ ਹੈ। ਉਤਾਰਾ ਕਰਨ ਵਾਲਾ ਆਪਣਾ ਨਾਮ ਵੀ ਲਿਖ ਦਿੰਦਾ ਸੀ। ਇਨ੍ਹਾਂ ਹੱਥਲਿਖਤਾਂ ਦੀ ਜਿਲਦਬੰਦੀ ਵੀ ਸਮੇਂ ਅਨੁਸਾਰ ਮੋਟੇ ਗੱਤੇ, ਚਮੜੇ ਜਾਂ ਕਪੜੇ ਦੀ ਕੀਤੀ ਹੁੰਦੀ ਹੈ। ਪਰ ਹੁਣ ਹੱਥਲਿਖਤਾਂ ਨੂੰ ਸੰਭਾਲਣ ਲਈ ਲਗੀਆਂ ਸੰਸਥਾਵਾਂ ਵਲੋਂ ਇਨਾਂ ਨੂੰ ਨਵੇਂ ਸਿਰੇ ਤੋਂ ਲੰਬੇ ਸਮੇਂ ਤਕ ਸੰਭਾਲਣ ਦੀਆਂ ਅਤਿ ਆਧੁਨਿਕ ਵਿਧੀਆਂ ਸਦਕਾ ਖਸਤਾ ਰੂਪ ਵਾਲੀਆਂ ਹੱਥ ਲਿਖਤਾਂ ਨੂੰ ਵੀ ਸੁੰਦਰ ਦਿੱਖ ਪ੍ਰਦਾਨ ਹੋ ਰਹੀ ਹੈ।

+++






# ਹੜ੍ਹ

ਪ੍ਰੋ. ਨਵ ਸੰਗੀਤ ਸਿੰਘ



ਰਾਤੀਂ ਕਰੀਬ ਢਾਈ-ਤਿੰਨ ਵਜੇ ਕਾਲੋਨੀ ਦੇ ਗੁਰਦੁਆਰੇ ਤੋਂ ਹੜ੍ਹ ਆਉਣ ਦੀ ਸੂਚਨਾ ਦਿੱਤੀ ਗਈ। ਅਚਾਨਕ ਇਹ ਸੁਣ ਕੇ ਮੇਰੇ ਬਜ਼ੁਰਗ ਮਾਤਾ-ਪਿਤਾ ਘਬਰਾ ਗਏ ਤੇ ਉਨ੍ਹਾਂ ਨੇ ਮੈਨੂੰ ਵੀ ਸੁਚੇਤ ਹੋਣ ਲਈ ਪ੍ਰੇਰਿਆ। ਮਾਤਾ-ਪਿਤਾ ਨੂੰ ਮੈਂ ਇਹ ਕਹਿ ਕੇ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ, "ਮੈਂ ਸਮਾਨ ਸੰਭਾਲ਼ਦਾ ਹਾਂ, ਤੁਸੀਂ ਗੁਆਂਢੀਆਂ ਦੇ ਚੁਬਾਰੇ ਤੇ ਚਲੇ ਜਾਓ।"

ਮਾਪਿਆਂ ਦੇ ਜਾਣ ਪਿੱਛੋਂ ਮੈਂ ਇਹ ਸੋਚ ਕੇ ਘਰ ਹੀ ਰਿਹਾ ਕਿ ਪਾਣੀ ਹੀ ਹੈ, ਆ ਕੇ ਚਲਾ ਜਾਵੇਗਾ, ਨਾਲੇ ਕਿੰਨਾ ਕੁ ਪਾਣੀ ਆਵੇਗਾ! ਪਾਣੀ ਹੌਲੀ-ਹੌਲੀ ਘਰ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਮੇਰੇ ਵਿੰਹਦੇ-ਵਿੰਹਦੇ ਪਾਣੀ ਨੇ ਬੈੱਡ, ਸੋਫਾ, ਟੀਵੀ, ਮੇਜ਼, ਫਰਿੱਜ ਆਦਿ ਵੱਡੀਆਂ ਤੇ ਭਾਰੀ ਚੀਜ਼ਾਂ ਨੂੰ ਮੂਧੇ ਮੂੰਹ ਉਲਟਾ ਦਿੱਤਾ। ਮੈਂ ਉਨ੍ਹਾਂ ਚੀਜ਼ਾਂ ਨੂੰ ਵਾਰ-ਵਾਰ ਸੰਭਾਲਦਾ, ਸੈੱਟ ਕਰਦਾ, ਪਰ ਪਾਣੀ ਸਾਹਮਣੇ ਮੇਰੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਹਾਰ ਕੇ ਮੈਂ ਚੀਜ਼ਾਂ ਨੂੰ ਸੰਭਾਲਣਾ ਛੱਡ ਕੇ ਆਪਣੇ-ਆਪ ਨੂੰ ਬਚਾਉਣ ਦਾ ਆਹਰ ਕਰਨ ਲੱਗਾ। ਮੈਂ ਇਕ ਮੇਜ਼ 'ਤੇ ਸਟੂਲ ਰੱਖਿਆ ਅਤੇ ਉਹਦੇ 'ਤੇ ਖੜ੍ਹੋ ਕੇ ਛੱਤ ਵਾਲੇ ਪੱਖੇ ਨੂੰ ਹੱਥ ਪਾ ਲਿਆ ਕਿ ਪਾਣੀ ਇਥੋਂ ਤੱਕ ਤਾਂ ਪਹੁੰਚ ਨਹੀਂ ਸਕੇਗਾ। ਮੈਂ ਅਜੇ ਪੂਰੀ ਤਰ੍ਹਾਂ ਪੱਖੇ ਨੂੰ ਹੱਥ ਪਾ ਕੇ ਸੰਭਲਿਆ ਵੀ ਨਹੀਂ ਸਾਂ ਕਿ ਪਾਣੀ ਨੇ ਜ਼ੋਰ ਵਿਖਾਇਆ। ਮੇਰੇ ਹੇਠੋਂ ਸਟੂਲ ਅਤੇ ਮੇਜ਼ ਨਿਕਲ ਕੇ ਪਾਣੀ ਵਿਚ ਜਾ ਡਿੱਗੇ ਅਤੇ ਮੈਂ ਪੱਖੇ ਨਾਲ ਲਟਕ ਗਿਆ। ਮੇਰਾ ਕਮਰ ਤੋਂ ਹੇਠਲਾ ਸਰੀਰ ਪਾਣੀ ਵਿਚ ਸੀ ਅਤੇ ਜੁਲਾਈ ਦੇ ਗਰਮ ਮਹੀਨੇ ਵਿਚ ਪਾਣੀ ਇੰਨਾ ਠੰਡਾ ਸੀ ਕਿ ਬੰਦਾ ਯਖ਼ ਹੋ ਜਾਏ। ਇੰਨਾ ਸ਼ੁਕਰ ਸੀ ਕਿ ਬਿਜਲੀ ਵਿਭਾਗ ਵਲੋਂ ਬਿਜਲੀ ਬੰਦ ਕਰ ਦਿੱਤੀ ਗਈ ਸੀ, ਨਹੀਂ ਤਾਂ ਕੰਧਾਂ ਵਿਚ ਕਰੰਟ ਆਉਣ ਦਾ ਪੂਰਾ ਖਤਰਾ ਸੀ।

ਮੇਰੇ ਬਜ਼ੁਰਗ ਮਾਪਿਆਂ ਨੂੰ ਮੇਰੇ ਅਜੇ ਤੱਕ ਬਾਹਰ ਨਾ ਆਉਣ ਦੀ ਚਿੰਤਾ ਸੀ। ਉਨ੍ਹਾਂ ਨੇ ਦੋ ਤੈਰਨ ਵਾਲੇ ਮੁੰਡਿਆਂ ਨੂੰ ਆਪਣੀ ਚਿੰਤਾ ਦੱਸੀ, ਜਿਸ ਕਰਕੇ ਦੋਵੇਂ ਮੁੰਡੇ ਨਾਲ ਨਾਲ ਜੁੜੇ ਘਰਾਂ ਦੀਆਂ ਛੱਤਾਂ ਰਾਹੀਂ ਸਾਡੇ ਘਰ ਦੀ ਛੱਤ ਤੋਂ ਹੀ ਮੈਨੂੰ ਆਵਾਜ਼ਾਂ ਮਾਰਨ ਲੱਗੇ। ਮੈਂ ਉਨ੍ਹਾਂ ਨੂੰ ਅੰਦਰੋਂ ਹੀ ਉਚੀ ਆਵਾਜ਼ ਵਿਚ ਕਹਿ ਕੇ ਸੁਣਾਇਆ ਕਿ ਮੈਂ ਤਾਂ ਪੱਖੇ ਨੂੰ ਫੜੀ ਲਟਕ ਰਿਹਾ ਹਾਂ। ਉਨ੍ਹਾਂ ਨੇ ਬਾਹਰੋਂ ਹੀ ਕਿਹਾ, "ਹੇਠਾਂ ਪਾਣੀ ਵਿਚ ਛਾਲ ਮਾਰ ਕੇ ਬਾਹਰ ਵਿਹੜੇ ਵਿਚ ਆ ਜਾਓ, ਏਥੋਂ ਅਸੀਂ ਤੁਹਾਨੂੰ ਕੋਠੇ 'ਤੇ ਲੈ ਜਾਵਾਂਗੇ।" ਪਰ ਮੈਂ ਅਜਿਹਾ ਕਰਨ ਤੋਂ ਅਸਮਰੱਥਤਾ ਪ੍ਰਗਟ ਕੀਤੀ, ਕਿਉਂਕਿ ਮੈਨੂੰ ਡਰ ਸੀ ਕਿ ਪਾਣੀ ਵਿੱਚ ਛਾਲ ਮਾਰ ਕੇ ਤਾਂ ਮੈਂ ਡੁੱਬ ਹੀ ਜਾਵਾਂਗਾ।

ਖੈਰ, ਉਨ੍ਹਾਂ ਨੇ ਜਿਵੇਂ-ਕਿਵੇਂ ਕੋਠੇ ਤੋਂ ਹੀ ਹੇਠਾਂ ਪਾਣੀ ਵਿੱਚ ਛਾਲਾਂ ਮਾਰੀਆਂ ਤੇ ਤੈਰਦੇ ਹੋਏ ਉਸ ਕਮਰੇ ਵਿਚ ਆ ਗਏ, ਜਿਥੇ ਮੈਂ ਲਟਕਿਆ ਹੋਇਆ ਸਾਂ। ਉਨ੍ਹਾਂ ਨੇ ਮੈਨੂੰ ਹੱਥ ਛੱਡਣ ਲਈ ਕਿਹਾ ਤਾਂ ਮੈਂ ਡਰਦੇ-ਡਰਦੇ ਪੱਖੇ ਨਾਲੋਂ ਹੱਥ ਛੱਡ ਦਿੱਤੇ ਤੇ ਉਨ੍ਹਾਂ ਨੇ ਮੈਨੂੰ ਹੇਠਾਂ ਡਿੱਗਣ ਤੋਂ ਪਹਿਲਾਂ ਹੀ ਬੋਚ ਲਿਆ। ਉਨ੍ਹਾਂ ਮੁੰਡਿਆਂ ਦੀ ਮਦਦ ਨਾਲ ਮੈਂ ਵੀ ਕੋਠੇ 'ਤੇ ਚੜ੍ਹ ਗਿਆ ਅਤੇ ਮੌਤ ਤੋਂ ਮੁਕਤੀ ਪ੍ਰਾਪਤ ਕੀਤੀ। ਅਗਲੇ ਤਿੰਨ ਦਿਨਾਂ ਤੱਕ ਹੜ੍ਹ ਦਾ ਪਾਣੀ ਕਾਲੋਨੀ ਦੇ ਘਰਾਂ ਵਿਚ ਉਵੇਂ ਹੀ ਘਰ ਬਣਾਈ ਬੈਠਾ ਰਿਹਾ।

ਹੜ੍ਹ ਦਾ ਪਾਣੀ ਕੁਝ ਘਟਣ ਪਿਛੋਂ ਆਸਪਾਸ ਦੇ ਪਿੰਡਾਂ ਤੋਂ ਲੋਕੀਂ ਭੋਜਨ, ਦੁੱਧ ਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਰੇੜ੍ਹਿਆਂ 'ਤੇ ਲੈ ਕੇ ਆਉਂਦੇ ਰਹੇ ਤੇ ਉਪਰ ਬੈਠੇ ਬੇਸਹਾਰਾ ਲੋਕਾਂ ਨੂੰ ਦਿੰਦੇ ਰਹੇ। ਫਿਰ ਇਕ ਦਿਨ ਸਰਕਾਰੀ ਹੈਲੀਕਾਪਟਰ ਵੀ ਆਇਆ। ਜਿਸ ਵੱਲੋਂ ਬਹੁਤ ਸਾਰੇ ਖਾਣੇ ਦੇ ਪੈਕੇਟ ਤੇ ਦਵਾਈਆਂ ਹੇਠਾਂ ਸੁੱਟੀਆਂ ਗਈਆਂ। ਵਧੇਰੇ ਚੀਜ਼ਾਂ ਤਾਂ ਪਾਣੀ ਵਿਚ ਹੀ ਡਿੱਗ ਗਈਆਂ, ਕੁਝ ਕੁ ਹੀ ਹੜ੍ਹ-ਪੀੜਤ ਲੋਕਾਂ ਦੇ ਹੱਥ ਲੱਗੀਆਂ। ਹੈਲੀਕਾਪਟਰ ਨਾਲ ਹੋਰ ਨੁਕਸਾਨ ਇਹ ਹੋਇਆ ਕਿ ਇਸਦੇ ਤੇਜ਼ ਚੱਲਣ ਵਾਲੇ ਖੰਭਾਂ ਨਾਲ ਬਹੁਤ ਸਾਰੀਆਂ ਸੁੱਕੀਆਂ ਹੋਈਆਂ ਚੀਜ਼ਾਂ, ਜਿਨ੍ਹਾਂ ਵਿਚ ਰਜ਼ਾਈਆਂ ਵਗੈਰਾ ਵੀ ਸਨ, ਫਿਰ ਤੋਂ ਹੇਠਾਂ ਪਾਣੀ ਵਿਚ ਡਿੱਗ ਪਈਆਂ।

ਇਸ ਘਟਨਾ ਤੋਂ ਕਰੀਬ ਛੇ ਸਾਲ ਬਾਅਦ ਮੈਂ ਗ੍ਰਹਿਸਥੀ ਧਾਰਨ ਕੀਤੀ ਅਤੇ ਆਪਣੀ ਸੁਪਤਨੀ ਨੂੰ ਹੜ੍ਹਾਂ ਦੀ ਇਹ ਦੁਖਦਾਈ ਹੱਡਬੀਤੀ ਸੁਣਾਈ ਤਾਂ ਪਤਨੀ ਨੇ ਹੱਥ ਜੋੜ ਕੇ ਪਰਮਾਤਮਾ ਦਾ ਸ਼ੁਕਰ ਕਰਦਿਆਂ ਕਿਹਾ, "ਤੁਸੀਂ ਜੁ ਮੇਰੇ ਲੜ ਲਗਣਾ ਸੀ, ਇਸੇ ਲਈ 'ਉਸਨੇ' ਤੁਹਾਨੂੰ ਬਚਾ ਲਿਆ।

# ਸਰਘੀ ਦਾ ਹਨੇਰਾ

**ਬਲਜਿੰਦਰ ਮਾਨ**

ਅਸੀਂ ਸਭ ਜਾਣਦੇ ਹਾਂ ਕਿ ਸਾਡੇ ਸਮਾਜ ਵਿੱਚ ਸਰਘੀ ਵੇਲੇ ਨੂੰ ਬੜਾ ਪਵਿੱਤਰ ਅਤੇ ਸੁਹਾਵਣਾ ਮੰਨਿਆ ਗਿਆ ਹੈ। ਸ਼ੁਭ ਸਵੇਰ ਦੀ ਆਮਦ ਲੈ ਕੇ ਆਉਣ ਵਾਲਾ ਇਹ ਸਮਾਂ ਖੁਸ਼ੀਆਂ ਚਹਿ ਚਹਾਟ ਅਤੇ ਨਵੀਆਂ ਕਿਰਨਾਂ ਲੈ ਕੇ ਹਰ ਵਿਹੜੇ ਨੂੰ ਰੁਸ਼ਨਾਉਂਦਾ ਹੈ। ਮੈਨੂੰ ਸ਼ਹਿਰ ਦੀ ਪ੍ਰਸਿੱਧ ਸਾਹਿਤਕ ਜਥੇਬੰਦੀ ਵੱਲੋਂ ਪੰਜਾਬੀ ਕਹਾਣੀ ਤੇ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਮਿਲਿਆ ਸੀ। ਮੈਂ ਬੜੇ ਚਾਅ ਨਾਲ ਇਸ ਸਮਾਗਮ ਵਿੱਚ ਸ਼ਾਮਿਲ ਹੋਇਆ ਤਾਂ ਉੱਥੇ ਦੇਖਿਆ ਕਿ ਪੂਰੇ ਪੰਜਾਬ ਭਰ 'ਚੋਂ ਕਹਾਣੀਕਾਰ, ਪੱਤਰਕਾਰ, ਲੇਖਕ, ਕਵੀ, ਆਲੋਚਕ ਅਤੇ ਸਾਹਿਤਕਾਰ ਬਹੁ ਗਿਣਤੀ ਵਿੱਚ ਪਹੁੰਚੇ ਹੋਏ ਸਨ। ਉਹਨਾਂ ਸਾਹਿਤਕਾਰਾਂ ਵਿੱਚ ਇੱਕ ਇਹੋ ਜਿਹੀ ਮਹਿਲਾ ਸਾਹਿਤਕਾਰ ਵੀ ਸੀ ਜਿਸ ਨੇ ਹੁਣੇ ਹੁਣੇ ਇੱਕ ਵੱਡਾ ਪੁਰਸਕਾਰ ਪ੍ਰਾਪਤ ਕੀਤਾ ਸੀ। ਸਾਰੇ ਦਰਸ਼ਕਾਂ ਦੀਆਂ ਨਜ਼ਰਾਂ ਉਸ ਤੇ ਇਸ ਕਰਕੇ ਟਿਕੀਆਂ ਹੋਈਆਂ ਸਨ ਕਿ ਉਸ ਨੂੰ ਬਹੁਤ ਵੱਡਾ ਪੁਰਸਕਾਰ ਮਿਲਿਆ ਹੋਇਆ ਹੈ। ਉਸ ਦੀਆਂ ਕੁਝ ਕਹਾਣੀਆਂ ਮੈਂ ਵੀ ਪੜ੍ਹੀਆਂ ਹੋਈਆਂ ਸਨ ਜੋ ਇਸਤਰੀ ਜਗਤ ਨੂੰ ਨਵੇਂ ਸੁਨੇਹੇ ਦਿੰਦੀਆਂ ਹੋਈਆਂ ਊਰਜਾ ਪ੍ਰਧਾਨ ਕਰਦੀਆਂ ਸਨ। ਮੇਰੇ ਅੰਦਰ ਵੀ ਉਸ ਲਈ ਸ਼ਰਧਾ ਤੇ ਸਤਿਕਾਰ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਉਹ ਜਿਵੇਂ ਹੀ ਪੰਡਾਲ ਵਿੱਚ ਹਾਜ਼ਰ ਹੋਈ ਤਾਂ ਸਭ ਨੇ ਖੂਬ ਤਾੜੀਆਂ ਮਾਰ ਕੇ ਉਸ ਦਾ ਸਵਾਗਤ ਕੀਤਾ ਪਰ ਉਸ ਨੇ ਇਹਨਾਂ ਤਾੜੀਆਂ ਦਾ ਦਰਸ਼ਕਾਂ ਨੂੰ ਕੋਈ ਜੁਵਾਬ ਨਾ ਦਿੱਤਾ ਸਗੋਂ ਕਿਸੇ ਮਹਾਂਰਾਣੀ ਵਾਂਗ ਆਪਣੀ ਸੀਟ ਤੇ ਬਿਰਾਜਮਾਨ ਹੋ ਗਈ। ਉਹ ਆਪਣੇ ਭਾਸ਼ਣ ਵਿੱਚ ਬੜੇ ਫ਼ਖ਼ਰ ਨਾਲ ਆਖ ਰਹੀ ਸੀ :- 'ਮੇਰੇ ਦੁਆਰਾ ਰਚੀ ਜਾ ਰਹੀ ਕਹਾਣੀ ਦਾ ਕਿਸੇ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਜੋ ਕੁਝ ਮੈਂ ਸਿਰਜ ਰਹੀ ਹਾਂ ਉਹ ਅੱਜ ਤੱਕ ਕਿਸੇ ਦੁਆਰਾ ਸਿਰਜਿਆ ਹੀ ਨਹੀਂ ਗਿਆ ਤੇ ਮੈਨੂੰ ਇੰਝ ਵੀ ਲੱਗਦਾ ਹੈ ਕਿ ਅੱਜ ਤੱਕ ਕੋਈ ਅਜਿਹੀ ਕਹਾਣੀ ਸਿਰਜਣ ਦੇ ਸਮਰੱਥ ਵੀ ਨਹੀਂ ਹੋਇਆ । ਇਸ ਲਈ ਮੇਰੀ ਕਲਾ ਦਾ ਕਿਸੇ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਹ ਸਿਰਫ਼ ਤੇ ਸਿਰਫ਼ ਮੇਰੀ ਹੀ ਕਲਾ ਹੈ'। ਉਸ ਦੀ ਹਉਮੈ ਭਰੇ ਵਿਚਾਰ ਸੁਣ ਕੇ ਦਰਸ਼ਕਾਂ ਵਿੱਚ ਸਨਾਟਾ ਛਾ ਗਿਆ। ਉਸ ਦਾ ਵਿਅਕਤੀਤਵ ਅਤੇ ਵਿਚਾਰ ਉਸ ਦੀ ਰਚਨਾ ਨਾਲ ਮੇਲ ਨਹੀਂ ਸਨ ਖਾ ਰਹੇ। ਜਿਸ ਤੇ ਸਭ ਹੈਰਾਨ ਸਨ।

ਸਾਹਿਤਕ ਸਮਾਗਮ ਦੇ ਪ੍ਰਧਾਨਗੀ ਮੰਡਲ ਸਾਹਿਤਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਪੰਜਾਬੀ ਕਹਾਣੀ ਅਤੇ ਸੰਭਾਵਨਾਵਾਂ ਵਿਸ਼ੇ ਤੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਉਸ ਲੇਖਿਕਾ ਦੀ ਖ਼ੂਬ ਸ਼ਲਾਘਾ ਕੀਤੀ । ਸਮਾਗਮ ਸਮਾਪਤ ਹੋਇਆ ਤਾਂ ਬਾਕੀਆਂ ਵਾਂਗ ਅਸੀਂ ਵੀ ਸਮਾਗਮ ਤੋਂ ਬਾਹਰ ਆ ਗਏ। ਮੇਰੇ ਨਾਲ ਗਿਆ ਇੱਕ ਨਵਾਂ ਲੇਖਕ ਆਪਣੀ ਕਹਾਣੀਆਂ ਦੀ ਨਵੀਂ ਛਪੀ ਪੁਸਤਕ ਉਸ ਪੁਰਸਕਾਰ ਜੇਤੂ ਨੂੰ ਭੇਂਟ ਕਰਨੀ ਚਾਹੁੰਦਾ ਸੀ। ਮੈਂ ਉਸ ਨਵੇਂ ਕਹਾਣੀਕਾਰ ਨੂੰ ਇਨਾਮ ਜੇਤੂ ਕਹਾਣੀ ਲੇਖਿਕਾ ਨਾਲ ਮਿਲਾਉਂਦਿਆਂ ਕਿਹਾ, "ਮੈਡਮ ਜੀ ਇਹ ਸਾਡੇ ਇਲਾਕੇ ਦਾ ਉੱਭਰਦਾ ਤੇ ਵਧੀਆ ਕਹਾਣੀਕਾਰ ਹੈ। ਇਹ ਤੁਹਾਨੂੰ ਆਪਣੀ ਨਵੀਂ ਛਪੀ ਪੁਸਤਕ ਭੇਟ ਕਰੇਗਾ"। ਉਸ ਲੇਖਿਕਾ ਨੇ ਫੋਟੋ ਖਿਚਵਾਉਣ ਲਈ ਪੁਸਤਕ ਤਾਂ ਫੜ ਲਈ ਪਰ ਉਸਨੇ ਪੁਸਤਕ ਦਾ ਟਾਈਟਲ ਤੱਕ ਵੀ ਨਾ ਦੇਖਿਆ ਅਤੇ ਨਾ ਹੀ ਕਹਾਣੀਕਾਰ ਨੂੰ ਕੋਈ ਸ਼ਾਬਾਸ਼ ਦਿੱਤੀ। ਇਥੋਂ ਤੱਕ ਕਿ ਉਹ ਕੁਝ ਪਲਾਂ ਬਾਅਦ ਹੀ ਸਾਡੇ ਸਾਹਮਣੇ ਹੀ ਉਹ ਪੁਸਤਕ ਟੇਬਲ ਤੇ ਰੱਖ ਕੇ ਗੱਡੀ ਵਿੱਚ ਸਵਾਰ ਹੋ ਕੇ ਚਲੇ ਗਈ। ਇਹ ਦ੍ਰਿਸ਼ ਦੇਖ ਕੇ ਮੈਨੂੰ ਇੰਜ ਮਹਿਸੂਸ ਹੋਇਆ ਕਿ ਜਿਵੇਂ ਨਵੇਂ ਲੇਖਕ ਉੱਪਰ ਸਰਘੀ ਵੇਲੇ ਹੀ ਹਨੇਰਾ ਛਾ ਗਿਆ ਹੋਵੇ।

**ਸੰਪਾਦਕ ਨਿੱਕੀਆਂ ਕਰੂੰਬਲਾਂ**

**ਮਾਹਿਲਪੁਰ (ਹੁਸ਼ਿਆਰਪੁਰ)**

# ਮੇਰੇ ਦੇਸ਼ ਦਾ ਤਿਰੰਗਾ

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ (ਮੋਗਾ)
ਫੋਨ ਨੰਬ 9465821417

ਸੋਹਣਾਂ ਨੀਂ ਝੰਡਾ ਇਹ ਸਹੀਓ
ਮੇਰੇ ਦੇਸ਼ ਦਾ।
ਸਾਨੀ ਨਹੀਂ ਕੋਈ ਦੁਨੀਆਂ 'ਚ
ਏਸ ਦਾ।

ਦੇਵੇ ਸਭ ਤਾਂਈ ਹੋਕਾ ਜਦ ਹਵਾ
ਵਿੱਚ ਝੁੱਲਦਾ।
ਸ਼ਾਂਤੀ, ਖੁਸ਼ਹਾਲੀ ਦਾ ਪੁਜਾਰੀ
ਭਲਾ ਮੰਗੇ ਕੁੱਲ ਦਾ।

ਸਾਰੇ ਧਰਮਾਂ ਦਾ ਸਾਂਝਾ ਏਕੇ
ਦਾ ਪ੍ਰਤੀਕ ਹੈ।
ਸਾਡੀ ਕਰੇ ਅਗਵਾਈ ਰਵੇ ਸਾਨੂੰ
ਹੁਕਮ ਦੀ ਉਡੀਕ ਹੈ।

ਕੁਰਬਾਨੀ ਦਾ ਮੁਜੱਸਮਾ ਸ਼ਹੀਦਾਂ
ਸਿਰ ਤਾਜ਼ ਹੈ।
ਸ਼ਹਾਦਤਾਂ ਦੇ ਖ਼ੂਨ ਵਿੱਚ ਰੰਗਿਆ
ਨਾ ਕਿਸੇ ਦਾ ਮੁਥਾਜ ਹੈ।

ਇਸ ਦੀ ਛਾਂ ਹੇਠ ਮੌਜਾਂ ਅਸੀਂ
ਮਾਣੀਏ।
ਦੇਸ਼ ਲਈ ਜਿਉਣਾ ਮਰਨਾ ਇਹ
ਹੀ ਅਸੀਂ ਜਾਣੀਏਂ।

ਉੱਚੀ ਤੇ ਸੁੱਚੀ ਸਦਾ ਰੱਖਣੀ
ਇਹਦੀ ਸ਼ਾਨ ਹੈ।
ਸਾਰੇ ਦੇਸ਼ ਵਾਸੀਆਂ ਨੂੰ ਤਿਰੰਗੇ
ਉੱਤੇ ਮਾਣ ਹੈ।

ਝੁਕਦਾ ਇਹ ਜਦ ਸਨਮਾਨ
ਵਿੱਚ ਝੁਕਦਾ।
ਵੈਰੀ ਵੀ ਵੇਖ ਇਹਨੂੰ, ਮਾਂ ਦੀ
ਬੁੱਕਲ ਵਿੱਚ ਲੁਕਦਾ।

'ਪੱਤੋ' ਇਸ ਕਰਕੇ ਤਿਰੰਗਾ
ਮਹਾਨ ਹੈ,।
ਮੇਰੇ ਦੇਸ਼ ਦਾ ਤਿਰੰਗਾ ਝੰਡਾ
ਮਹਾਨ ਹੈ।

# ਗ਼ਜ਼ਲ

ਅਮਰ ਨਾਥ ਕੌਸਤੁਭ

ਹੁਣ ਯਾਰ ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।
ਦਿਲਦਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।

ਨਾ ਚੈਨ ਇਹਨੂੰ ਘਰ ਵਿਚ, ਨਾ ਬਾਹਰ ਹੀ ਟਿਕਦਾ ਹੈ,
ਸਰਕਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ ਹੈ।

ਉਹ ਸਾਡਾ ਤੇ ਮੱਕਾ ਹੈ, ਉਹ ਸਾਡੀ ਤੇ ਜੰਨਤ ਹੈ,
ਦਰਬਾਰ! ਬਿਨਾਂ ਤੇਰੇ ਦਿਲ, ਸਾਡਾ ਨਹੀਂ ਲਗਦਾ।

ਇਕ ਜਲਵਾ ਦਿਖਾ ਜਾ ਤੂੰ, ਪਲ ਭਰ ਨੂੰ ਹੀ ਆ ਜਾ ਤੂੰ,
ਦੀਦਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।

ਉਹ ਹੁਸਨ ਦੀ ਵਾਦੀ ਹੈ, ਉਹ ਇਸ਼ਕ ਦੀ ਘਾਟੀ ਹੈ,
ਬਾਜ਼ਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।

# ਕਿਤਾਬਾਂ ਵਰਗੀਆਂ ਕੁੜੀਆਂ



ਕਿਤਾਬਾਂ ਵਰਗੀਆਂ ਕੁੜੀਆਂ
ਜਦੋਂ
ਕਿਸੇ ਸੱਧਰਾਂ ਵਿਹੂਣੇ
ਅਨਪੜ੍ਹ ਦੇ
ਲੜ ਲੱਗਦੀਆਂ
ਫੇਰ ਓਹ ਪੜ੍ਹੀਆਂ
ਨੀਂ ਜਾਂਦੀਆਂ
ਸਗੋਂ ਵੇਚੀਆਂ ਜਾਂਦੀਆਂ
ਜਿਸਮਾਂ ਦੀ ਮੰਡੀ ਚ
ਫੇਰ ਓਹ
ਪਿਆਰੀਆਂ ਸਤਿਕਾਰੀਆਂ
ਨੀਂ ਜਾਂਦੀਆਂ ਸਗੋਂ
ਦੁਰਕਾਰੀਆਂ ਤੇ ਸਾੜੀਆਂ
ਜਾਂਦੀਆਂ
ਦਾਜ਼ ਦੀ ਅੱਗ 'ਚ
ਕਿੰਨੇ ਚਾਅ ਕਿੰਨੀਆਂ ਸੱਧਰਾਂ
ਆਪਣੇ ਅੰਦਰ ਦਫ਼ਨ ਕਰ
ਸਾਰੀ ਉਮਰ ਸੇਕਦੀਆਂ
ਓਹ ਆਪਣੇ ਅੰਦਰ
ਧੁੱਖਦੇ ਸਿਵੇ ਦਾ ਸੇਕ
ਤੇ ਅੰਤ
ਪਿਆਰ ਵਿਹੂਣੀਆਂ
ਚੁੱਪ ਚਾਪ ਤੁਰ ਜਾਂਦੀਆਂ
ਜਹਾਨ ਤੋਂ
ਆਪਣਾ ਧੀ, ਭੈਣ,
ਪਤਨੀ, ਮਾਂ ਹੋਣ
ਦਾ ਫਰਜ਼ ਨਿਭਾ ।

ਜਸਪ੍ਰੀਤ ਕੌਰ ਸੰਘਾ।
ਹੁਸ਼ਿਆਰਪੁਰ।

# ਟਰੰਪ ਦਾ ਆਰਥਿਕ ਹਥਿਆਰ "50 ਪ੍ਰਤੀਸ਼ਤ ਟੈਰਿਫ" ਬਨਾਮ ਮੋਦੀ ਦਾ "ਯੋਜਨਾ 40"

-ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ

**ਕੇਂਦਰ ਸਰਕਾਰ ਨੇ ਪ੍ਰਭਾਵਿਤ ਖੇਤਰਾਂ ਦੀ ਪਛਾਣ ਕੀਤੀ ਹੈ ਅਤੇ ਉਨ੍ਹਾਂ ਲਈ ਕ੍ਰੈਡਿਟ ਸਹਾਇਤਾ, ਟੈਕਸ ਛੋਟ ਅਤੇ ਨਿਰਯਾਤ ਸਬਸਿਡੀ ਵਰਗੀਆਂ ਰਾਹਤ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।**

**ਜੇਕਰ ਅਮਰੀਕਾ ਨੇ ਭਾਰਤ ਲਈ ਇੱਕ ਦਰਵਾਜ਼ਾ ਬੰਦ ਕਰ ਦਿੱਤਾ ਹੈ, ਤਾਂ ਭਾਰਤ ਨੇ ਤੁਰੰਤ 40 ਹੋਰ ਦਰਵਾਜ਼ੇ ਖੋਲ੍ਹਣ ਅਤੇ ਆਪਣੇ ਲਈ ਨਵੇਂ ਰਸਤੇ ਬਣਾਉਣ ਲਈ ਰਣਨੀਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ-**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਵਿਸ਼ਵ ਵਪਾਰਕ ਜਗਤ ਨੂੰ ਹਿਲਾ ਕੇ ਰੱਖ ਦਿੱਤਾ ਹੈ।ਉਨ੍ਹਾਂ ਦੇ ਨਵੇਂ ਟੈਰਿਫ ਆਦੇਸ਼ਾਂ ਨੇ ਭਾਰਤ ਸਮੇਤ ਕਈ ਉੱਭਰ ਰਹੀਆਂ ਅਰਥਵਿਵਸਥਾਵਾਂ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਟਰੰਪ ਦਾ ਸਿੱਧਾ ਸੰਦੇਸ਼ ਹੈ ਕਿ ਅਮਰੀਕੀ ਬਾਜ਼ਾਰ ਨੂੰ ਹੁਣ ਵਿਦੇਸ਼ੀ ਉਤਪਾਦਾਂ ਤੋਂ ਸੁਰੱਖਿਅਤ ਰੱਖਿਆ ਜਾਵੇਗਾ ਅਤੇ 'ਅਮਰੀਕਾ ਫਸਟ' ਨੀਤੀ ਦੇ ਤਹਿਤ, ਹਰ ਉਸ ਦੇਸ਼ 'ਤੇ ਟੈਰਿਫ ਲਗਾਏ ਜਾਣਗੇ ਜੋ ਅਮਰੀਕੀ ਕੰਪਨੀਆਂ ਲਈ ਮੁਕਾਬਲਾ ਪੈਦਾ ਕਰਦਾ ਹੈ। ਇਹ ਵਿਸ਼ਾ ਬਹੁਤ ਮਹੱਤਵਪੂਰਨ ਅਤੇ ਡੂੰਘਾ ਹੈ ਕਿਉਂਕਿ ਇਸ ਵਿੱਚ ਭਾਰਤ ਅਤੇ ਅਮਰੀਕਾ ਵਿਚਕਾਰ ਚੱਲ ਰਹੀ ਟੈਰਿਫ ਜੰਗ, ਮੋਦੀ ਸਰਕਾਰ ਦੀ ਰਣਨੀਤੀ, ਸਵੈ-ਨਿਰਭਰ ਭਾਰਤ ਦਾ ਵਿਸ਼ਵਾਸ ਅਤੇ ਅਮਰੀਕਾ ਦੀ ਵੀਜ਼ਾ ਨੀਤੀ ਦਾ ਪ੍ਰਭਾਵ ਸ਼ਾਮਲ ਹੈ। ਇਸ ਕਦਮ ਨੇ ਭਾਰਤ ਦੇ ਆਈਟੀ ਸੈਕਟਰ, ਫਾਰਮਾ, ਨਿਰਮਾਣ ਅਤੇ ਨਿਰਯਾਤ ਵਰਗ 'ਤੇ ਦਬਾਅ ਵਧਾ ਦਿੱਤਾ ਹੈ। ਅਜਿਹੇ ਸਮੇਂ, ਭਾਰਤੀ ਪ੍ਰਧਾਨ ਮੰਤਰੀ ਦੁਆਰਾ ਤਿਆਰ ਕੀਤੀ ਗਈ ਰਣਨੀਤੀ ਨੂੰ ਮੀਡੀਆ ਅਤੇ ਨੀਤੀ ਵਿਸ਼ਲੇਸ਼ਕਾਂ ਨੇ "ਯੋਜਨਾ 40" ਦਾ ਨਾਮ ਦਿੱਤਾ ਹੈ। ਇਹ ਯੋਜਨਾ ਨਾ ਸਿਰਫ ਅਮਰੀਕਾ ਦੀ ਟੈਰਿਫ ਚੁਣੌਤੀ ਦਾ ਜਵਾਬ ਹੈ, ਸਗੋਂ ਭਾਰਤ ਦੀ ਵਿਸ਼ਵਵਿਆਪੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਇੱਕ ਬਲੂਪ੍ਰਿੰਟ ਵੀ ਹੈ। ਟਰੰਪ ਦਾ "50 ਪ੍ਰਤੀਸ਼ਤ ਟੈਰਿਫ" ਅਤੇ ਮੋਦੀ ਦਾ "ਯੋਜਨਾ 40" ਇਸ ਸਮੇਂ ਵਿਸ਼ਵ ਰਾਜਨੀਤੀ ਅਤੇ ਅਰਥਵਿਵਸਥਾ ਵਿੱਚ ਸਭ ਤੋਂ ਵੱਧ ਚਰਚਾ ਵਾਲੇ ਵਿਸ਼ੇ ਬਣ ਗਏ ਹਨ। 27 ਅਗਸਤ 2025 ਤੋਂ, ਅਮਰੀਕਾ ਨੇ ਭਾਰਤ 'ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ ਹੈ, ਜਿਸਦਾ ਸਿੱਧਾ ਪ੍ਰਭਾਵ ਭਾਰਤੀ ਟੈਕਸਟਾਈਲ, ਫਾਰਮਾ, ਆਟੋ ਕੰਪੋਨੈਂਟ ਅਤੇ ਆਈਟੀ ਸੇਵਾਵਾਂ ਖੇਤਰ 'ਤੇ ਪਿਆ ਹੈ। ਅਮਰੀਕੀ ਰਾਸ਼ਟਰਪਤੀ ਨੇ ਇਹ ਕਦਮ ਅਚਾਨਕ ਨਹੀਂ ਚੁੱਕਿਆ, ਸਗੋਂ ਪਿਛਲੇ ਕਈ ਮਹੀਨਿਆਂ ਤੋਂ ਉਹ ਲਗਾਤਾਰ ਭਾਰਤ ਨੂੰ ਚੇਤਾਵਨੀ ਦੇ ਰਹੇ ਸਨ ਕਿ ਜੇਕਰ ਭਾਰਤ ਅਮਰੀਕੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਦਾ ਹੈ, ਤਾਂ ਉਸਨੂੰ ਆਰਥਿਕ ਹਥਿਆਰਾਂ ਦਾ ਸਾਹਮਣਾ ਕਰਨਾ ਪਵੇਗਾ। ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਭਾਰਤ ਨੂੰ ਸਬਕ ਸਿਖਾਉਣਾ ਜ਼ਰੂਰੀ ਹੈ ਕਿਉਂਕਿ ਭਾਰਤ ਨੇ ਰੂਸ ਨਾਲ ਤੇਲ ਵਪਾਰ ਜਾਰੀ ਰੱਖਿਆ ਅਤੇ ਯੂਰਪ ਅਤੇ ਏਸ਼ੀਆ ਵਿੱਚ ਨਵੇਂ ਬਾਜ਼ਾਰ ਲੱਭ ਕੇ ਅਮਰੀਕੀ ਦਬਾਅ ਨੂੰ ਵੀ ਨਜ਼ਰਅੰਦਾਜ਼ ਕੀਤਾ। ਇਸ ਟੈਰਿਫ ਦਾ ਉਨ੍ਹਾਂ ਉਦਯੋਗਾਂ 'ਤੇ ਸਭ ਤੋਂ ਵੱਧ ਪ੍ਰਭਾਵ ਪਿਆ ਹੈ ਜਿਨ੍ਹਾਂ ਦਾ ਵੱਡਾ ਹਿੱਸਾ ਅਮਰੀਕੀ ਬਾਜ਼ਾਰ 'ਤੇ ਨਿਰਭਰ ਹੈ। ਕੱਪੜਾ ਅਤੇ ਕੱਪੜਾ ਉਦਯੋਗ, ਜੋ ਆਪਣੇ ਨਿਰਯਾਤ ਦਾ ਲਗਭਗ 30 ਪ੍ਰਤੀਸ਼ਤ ਅਮਰੀਕਾ ਭੇਜਦਾ ਹੈ, ਹੁਣ ਮੁਸੀਬਤ ਵਿੱਚ ਹੈ। ਇਸੇ ਤਰ੍ਹਾਂ, ਭਾਰਤੀ ਫਾਰਮਾ ਉਦਯੋਗ, ਜੋ ਕਿ ਜੈਨਰਿਕ ਦਵਾਈਆਂ ਦਾ ਸਭ ਤੋਂ ਵੱਡਾ ਸਪਲਾਇਰ ਹੈ, ਨੂੰ ਵੀ ਝਟਕਾ ਲੱਗਾ ਹੈ। ਭਾਰਤੀ ਆਈਟੀ ਕੰਪਨੀਆਂ ਅਤੇ ਸਾਫਟਵੇਅਰ ਇੰਜੀਨੀਅਰ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਸੇਵਾ ਖੇਤਰ ਦੀ ਅਗਵਾਈ ਕਰ ਰਹੇ ਹਨ, ਪਰ ਟੈਰਿਫ ਅਤੇ ਵੀਜ਼ਾ ਨੀਤੀਆਂ ਨੇ ਉਨ੍ਹਾਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਆਟੋ ਅਤੇ ਇੰਜੀਨੀਅ ਰਿੰਗ ਸਾਮਾਨ ਖੇਤਰ ਵੀ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਦੋਸਤੋ, ਜੇਕਰ ਅਸੀਂ ਯੋਜਨਾ 40 ਨੂੰ ਸਮਝਣ ਦੀ ਗੱਲ ਕਰੀਏ, ਤਾਂ ਭਾਰਤ ਨੇ ਤੁਰੰਤ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਰਣਨੀਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕੇਂਦਰ ਸਰਕਾਰ ਨੇ ਪ੍ਰਭਾਵਿਤ ਖੇਤਰਾਂ ਦੀ ਪਛਾਣ ਕੀਤੀ ਹੈ ਅਤੇ ਉਨ੍ਹਾਂ ਲਈ ਕ੍ਰੈਡਿਟ ਸਹਾਇਤਾ, ਟੈਕਸ ਛੋਟ ਅਤੇ ਨਿਰਯਾਤ ਸਬਸਿਡੀ ਵਰਗੀਆਂ ਰਾਹਤ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਟੈਕਸਟਾਈਲ ਉਦਯੋਗ ਲਈ ਯੂਰਪ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਨਵੇਂ ਗਾਹਕਾਂ ਦੀ ਭਾਲ ਕੀਤੀ

ਜਾ ਰਹੀ ਹੈ। ਰੂਸ, ਮੱਧ ਏਸ਼ੀਆ ਅਤੇ ਅਫਰੀਕੀ ਦੇਸ਼ਾਂ ਵਿੱਚ ਸਿਹਤ ਮਿਸ਼ਨਾਂ ਰਾਹੀਂ ਫਾਰਮਾ ਉਦਯੋਗ ਨੂੰ ਨਵੇਂ ਬਾਜ਼ਾਰ ਉਪਲਬਧ ਕਰਵਾਏ ਜਾ ਰਹੇ ਹਨ। ਏਸ਼ੀਆਈ ਦੇਸ਼ਾਂ, ਖਾੜੀ ਅਤੇ ਯੂਰਪ ਵਿੱਚ ਆਈਟੀ ਖੇਤਰ ਲਈ ਡਿਜੀਟਲ ਸੇਵਾਵਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਆਟੋ ਸੈਕਟਰ ਨੂੰ "ਮੇਕ ਇਨ ਇੰਡੀਆ" ਅਤੇ ਘਰੇਲੂ ਈਵੀ ਨੀਤੀ ਰਾਹੀਂ ਘਰੇਲੂ ਵਿਕਰੀ ਅਤੇ ਉਤਪਾਦਨ ਵਧਾਉਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਸਰਕਾਰ ਦਾ ਸਪੱਸ਼ਟ ਸੰਦੇਸ਼ ਹੈ ਕਿ ਭਾਰਤ ਕਿਸੇ ਇੱਕ ਦੇਸ਼ 'ਤੇ ਨਿਰਭਰ ਨਹੀਂ ਰਹੇਗਾ ਅਤੇ ਨਿਰਯਾਤ ਦਾ ਦਾਇਰਾ ਕਈ ਗੁਣਾ ਵਧਾਇਆ ਜਾਵੇਗਾ। ਇਸ ਪੂਰੀ ਰਣਨੀਤੀ ਨੂੰ "ਯੋਜਨਾ 40" ਕਿਹਾ ਜਾ ਰਿਹਾ ਹੈ। ਸਰਕਾਰ ਦੀ ਇਹ ਯੋਜਨਾ ਭਾਰਤ ਨੂੰ 40 ਦੇਸ਼ਾਂ ਨਾਲ ਨਵੇਂ ਵਪਾਰਕ ਗੱਠਜੋੜ ਅਤੇ ਸਮਝੌਤਿਆਂ ਵਿੱਚ ਸ਼ਾਮਲ ਕਰਨ 'ਤੇ ਅਧਾਰਤ ਹੈ। ਇਸ ਦੇ ਤਹਿਤ, ਯੂਰਪੀਅਨ ਯੂਨੀਅਨ ਨਾਲ ਐਫ਼ਟੀਏ ਦੀ ਗਤੀ ਤੇਜ਼ ਕੀਤੀ ਜਾ ਰਹੀ ਹੈ। ਖਾੜੀ ਦੇਸ਼ਾਂ, ਖਾਸ ਕਰਕੇ ਯੂਏਈ ਅਤੇ ਸਾਊਦੀ ਅਰਬ ਨਾਲ ਊਰਜਾ ਅਤੇ ਤਕਨੀਕੀ ਸਮਝੌਤੇ ਕੀਤੇ ਜਾ ਰਹੇ ਹਨ। ਅਫ਼ਰੀਕੀ ਮਹਾਂਦੀਪ ਵਿੱਚ ਸਿਹਤ ਸੰਭਾਲ, ਫਾਰਮਾ ਅਤੇ ਟੈਕਸਟਾਈਲ ਬਾਜ਼ਾਰ 'ਤੇ ਕਬਜ਼ਾ ਕਰਨ ਦੀ ਯੋਜਨਾ ਹੈ। ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਵਿੱਚ ਆਟੋ ਪਾਰਟਸ ਅਤੇ ਇੰਜੀਨੀਅ ਰਿੰਗ ਸਾਮਾਨ ਦੀ ਬਰਾਮਦ ਵਧਾਈ ਜਾਵੇਗੀ। ਇਸ ਦੇ ਨਾਲ ਹੀ, ਰੂਸ ਅਤੇ ਚੀਨ ਨਾਲ ਊਰਜਾ ਅਤੇ ਰੱਖਿਆ ਵਪਾਰ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਯਾਨੀ ਜੇਕਰ ਅਮਰੀਕਾ ਭਾਰਤ ਲਈ ਦਰਵਾਜ਼ੇ ਬੰਦ ਕਰ ਦਿੰਦਾ ਹੈ, ਤਾਂ ਭਾਰਤ 40 ਹੋਰ ਦਰਵਾਜ਼ੇ ਖੋਲ੍ਹੇਗਾ ਅਤੇ ਆਪਣੇ ਲਈ ਨਵੇਂ ਰਸਤੇ ਬਣਾਏਗਾ।

ਦੋਸਤੋ, ਜੇਕਰ ਅਸੀਂ ਮੌਜੂਦਾ ਹਾਲਾਤ 'ਤੇ ਸਾਡੇ ਮਿਸ਼ਨ ਆਤਮਨਿਰਭਰ ਭਾਰਤ ਦੇ ਪ੍ਰਭਾਵ ਬਾਰੇ ਗੱਲ ਕਰੀਏ, ਤਾਂ ਇਸ ਵਾਰ ਭਾਰਤ ਦਾ ਵਿਸ਼ਵਾਸ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੈ ਕਿਉਂਕਿ 2019 ਤੋਂ, ਭਾਰਤ ਨੇ ਆਤਮਨਿਰਭਰ ਭਾਰਤ ਅਭਿਆਨ ਰਾਹੀਂ ਆਪਣੇ ਉਦਯੋਗਾਂ ਨੂੰ ਮਜ਼ਬੂਤ ਕੀਤਾ ਹੈ। ਉਤਪਾਦਨ ਅਧਾਰਤ ਪ੍ਰੋਤਸਾਹਨ ਸਕੀਮਾਂ ਲਾਗੂ ਕੀਤੀਆਂ ਗਈਆਂ, MSME ਸੈਕਟਰ ਨੂੰ ਹੁਲਾਰਾ ਮਿਲਿਆ ਅਤੇ ਸਟਾਰਟਅੱਪਸ ਨੂੰ ਉਤਸ਼ਾਹਿਤ ਕੀਤਾ ਗਿਆ। ਸਰਕਾਰ ਦਾ ਮੰਨਣਾ ਹੈ ਕਿ ਟੈਰਿਫ ਸਾਨੂੰ ਜ਼ਰੂਰ ਚੁਣੌਤੀ ਦੇਣਗੇ ਪਰ ਇਹ ਚੁਣੌਤੀ ਸਾਨੂੰ ਸਵਦੇਸ਼ੀ ਉਤਪਾਦਨ ਅਤੇ ਨਵੇਂ ਬਾਜ਼ਾਰਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਮੌਕਾ ਵੀ ਪ੍ਰਦਾਨ ਕਰੇਗੀ। ਆਪਣੇ ਹਾਲੀਆ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਕਿਸੇ ਦੇ ਟੈਰਿਫ ਤੋਂ ਨਹੀਂ ਡਰਦਾ, ਅਸੀਂ ਸਵੈ-ਨਿਰਭਰ ਹਾਂ ਅਤੇ ਦੁਨੀਆ ਨੂੰ ਭਾਰਤ 'ਤੇ ਨਿਰਭਰ ਕਰਨਾ ਪਵੇਗਾ।

ਦੋਸਤੋ, ਜੇਕਰ ਅਸੀਂ ਅਮਰੀਕਾ ਦੀ ਆਪਣੀ ਐੱਚ1ਬੀ ਵੀਜ਼ਾ ਨੀਤੀ ਨੂੰ ਸਖ਼ਤ ਕਰਨ ਦੀ ਯੋਜਨਾ ਬਾਰੇ ਗੱਲ ਕਰੀਏ, ਤਾਂ ਅਮਰੀਕਾ ਨੇ ਨਾ ਸਿਰਫ਼ ਟੈਰਿਫ ਲਗਾ ਕੇ ਭਾਰਤ ਨੂੰ ਚੁਣੌਤੀ ਦਿੱਤੀ ਹੈ, ਸਗੋਂ ਇੱਕ ਵਿਕਲਪਿਕ ਯੋਜਨਾ ਦੇ ਤਹਿਤ ਆਪਣੀ ਐੱਚ1ਬੀ ਵੀਜ਼ਾ ਨੀਤੀ ਨੂੰ ਸਖ਼ਤ ਕਰਨ ਦੀ ਯੋਜਨਾ ਵੀ ਬਣਾਈ ਹੈ। ਨਵੀਆਂ ਸ਼ਰਤਾਂ ਦੇ ਅਨੁਸਾਰ, ਹੁਣ ਸਿਰਫ਼ ਉਹ ਲੋਕ ਹੀ ਐੱਚ1ਬੀ ਵੀਜ਼ਾ ਪ੍ਰਾਪਤ ਕਰ ਸਕਣਗੇ ਜੋ ਅਮਰੀਕਾ ਵਿੱਚ ਘੱਟੋ-ਘੱਟ 5 ਮਿਲੀਅਨ ਡਾਲਰ ਦਾ ਨਿਵੇਸ਼ ਕਰਨਗੇ। ਇਸਦਾ ਸਿੱਧਾ ਅਸਰ ਭਾਰਤੀ ਆਈਟੀ ਇੰਜੀਨੀਅਰਾਂ, ਵਿਦਿਆਰਥੀਆਂ ਅਤੇ ਪੇਸ਼ੇਵਰਾਂ 'ਤੇ ਪਵੇਗਾ। ਹਰ ਸਾਲ ਭਾਰਤ ਤੋਂ ਲੱਖਾਂ ਨੌਜਵਾਨ ਅਮਰੀਕਾ ਜਾਂਦੇ ਹਨ ਪਰ ਹੁਣ ਇਹ ਰਸਤਾ ਉਨ੍ਹਾਂ ਲਈ ਲਗਭਗ ਬੰਦ ਹੋ ਗਿਆ ਹੈ। ਹਾਲਾਂਕਿ, ਇਸ ਸਬੰਧ ਵਿੱਚ, ਮੇਰਾ ਮੰਨਣਾ ਹੈ ਕਿ ਅਮਰੀਕਾ ਇਸ ਤਰ੍ਹਾਂ ਐੱਚ1ਬੀਵੀਜ਼ਾ ਨਹੀਂ ਦਿੰਦਾ, ਇਸਨੇ ਭਾਰਤੀ ਉੱਚ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਲਈ ਐੱਚ1ਬੀ ਵੀਜ਼ਾ ਸ਼ੁਰੂ ਕੀਤਾ ਹੈ। ਅਸੀਂ ਜਾਣਦੇ ਹਾਂ ਕਿ ਅਮਰੀਕਾ ਵਿੱਚ ਭਾਰਤੀ ਪ੍ਰਤਿਭਾ ਦੀ ਬਹੁਤ ਖਾਸ ਲੋੜ ਹੈ। ਮੇਰਾ ਤਰਕ ਇਹ ਹੈ ਕਿ ਉੱਥੇ ਪ੍ਰਤਿਭਾ ਦੀ ਘਾਟ ਹੈ ਅਤੇ ਇਸ ਲਈ ਉੱਚ ਪੱਧਰੀ ਪ੍ਰਤਿਭਾ ਦੀ ਸਭ ਤੋਂ ਵੱਧ ਲੋੜ ਹੈ। ਇੱਕ ਰਿਪੋਰਟ ਦੇ ਅਨੁਸਾਰ,ਐੱਚ1ਬੀ ਵੀਜ਼ਾ ਧਾਰਕ ਉੱਚ-ਹੁਨਰਮੰਦ ਭਾਰਤੀ ਹਨ। ਐੱਚ1ਬੀ ਵੀਜ਼ਾ ਧਾਰਕਾਂ ਨੂੰ ਅਮਰੀਕੀ ਕਰਮਚਾਰੀਆਂ ਨਾਲੋਂ ਬਹੁਤ ਜ਼ਿਆਦਾ ਤਨਖਾਹ ਮਿਲਦੀ ਹੈ। ਉੱਥੇ ਐੱਚ1ਬੀ ਵੀਜ਼ਾ ਧਾਰਕਾਂ ਨੂੰ ਔਸਤਨ 108000 ਅਮਰੀਕੀ ਡਾਲਰ ਮਿਲਦੇ ਹਨ, ਪਰ ਅਮਰੀਕੀ ਨਿਵਾਸੀਆਂ ਨੂੰ 45760 ਅਮਰੀਕੀ ਡਾਲਰ ਮਿਲਦੇ ਹਨ। ਜੇਕਰ ਅਮਰੀਕਾ ਨੂੰ ਉੱਚ-ਹੁਨਰਮੰਦ ਪ੍ਰਤਿਭਾ ਦੀ ਲੋੜ ਨਹੀਂ ਸੀ, ਤਾਂ ਉਹ ਇੰਨੀਆਂ ਉੱਚੀਆਂ ਤਨਖਾਹਾਂ ਦੇ ਕੇ ਭਾਰਤੀਆਂ ਨੂੰ ਕਿਉਂ ਬੁਲਾਉਂਦੇ? ਪਰ ਹੁਣ ਨਿਵੇਸ਼ ਦੀ ਸਥਿਤੀ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਇਹ ਭਾਰਤ 'ਤੇ ਰਾਜਨੀਤਿਕ ਦਬਾਅ ਪਾਉਣ ਦੀ ਰਣਨੀਤੀ ਹੈ।

ਦੋਸਤੋ, ਜੇਕਰ ਅਸੀਂ ਭਾਰਤ-ਅਮਰੀਕਾ ਸਬੰਧਾਂ 'ਤੇ

ਇਨ੍ਹਾਂ ਕਦਮਾਂ ਦੇ ਡੂੰਘੇ ਪ੍ਰਭਾਵ ਬਾਰੇ ਗੱਲ ਕਰੀਏ, ਤਾਂ ਅਮਰੀਕਾ ਪਹਿਲਾਂ ਹੀ ਰੂਸ-ਭਾਰਤ ਸਬੰਧਾਂ ਤੋਂ ਅਸਹਿਜ ਸੀ, ਅਤੇ ਹੁਣ ਟੈਰਿਫ ਅਤੇ ਵੀਜ਼ਾ ਨੀਤੀ ਨੇ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਭਾਰਤ ਨੇ ਅਮਰੀਕਾ 'ਤੇ ਆਪਣੀ ਨਿਰਭਰਤਾ ਘਟਾਉਣ ਦਾ ਐਲਾਨ ਕੀਤਾ ਹੈ, ਜਦੋਂ ਕਿ ਅਮਰੀਕਾ ਨੇ ਭਾਰਤੀ ਕੰਪਨੀਆਂ 'ਤੇ ਟੈਰਿਫ ਅਤੇ ਵੀਜ਼ਾ ਦਾ ਬੋਝ ਪਾ ਦਿੱਤਾ ਹੈ। ਇਸ ਦੇ ਜਵਾਬ ਵਿੱਚ, ਭਾਰਤ ਨੇ 40 ਦੇਸ਼ਾਂ ਨਾਲ ਨਵੇਂ ਵਪਾਰਕ ਗੱਠਜੋੜ ਸ਼ੁਰੂ ਕੀਤੇ ਹਨ। ਇਹ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਵਿੱਚ, ਭਾਰਤ-ਅਮਰੀਕਾ ਸਬੰਧ ਸਹਿਯੋਗ ਅਤੇ ਟਕਰਾਅ ਦੇ ਮਿਸ਼ਰਣ ਵਿੱਚੋਂ ਲੰਘਣਗੇ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਅੱਜ ਦਾ ਭਾਰਤ 1991 ਵਾਲਾ ਭਾਰਤ ਨਹੀਂ ਹੈ। ਉਸ ਸਮੇਂ ਭਾਰਤਆਈ. ਐੱਮ. ਐੱਫ. ਤੇ ਨਿਰਭਰ ਸੀ ਪਰ ਅੱਜ ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੈ। ਟਰੰਪ ਦਾ 50 ਪ੍ਰਤੀਸ਼ਤ ਟੈਰਿਫ ਭਾਰਤ ਨੂੰ ਚੁਣੌਤੀ ਦੇਵੇਗਾ ਪਰ ਭਾਰਤ ਨੇ "ਯੋਜਨਾ 40" ਰਾਹੀਂ ਇਹ ਸੰਦੇਸ਼ ਦਿੱਤਾ ਹੈ ਕਿ ਭਾਰਤ ਝੁਕੇਗਾ ਨਹੀਂ ਸਗੋਂ ਵਿਕਲਪਾਂ ਦੀ ਭਾਲ ਕਰੇਗਾ। ਭਾਵੇਂ ਅਮਰੀਕਾ ਐੱਚ1ਬੀ ਵੀਜ਼ਾ ਨੂੰ ਸਖ਼ਤ ਕਰੇ ਜਾਂ ਟੈਰਿਫ ਵਧਾਏ, ਭਾਰਤ ਸਵੈ-ਨਿਰਭਰਤਾ ਅਤੇ ਵਿਸ਼ਵ ਭਾਈਵਾਲੀ ਰਾਹੀਂ ਅੱਗੇ ਵਧੇਗਾ। ਇਹ ਪੂਰੀ ਘਟਨਾ ਸਾਬਤ ਕਰਦੀ ਹੈ ਕਿ ਵਿਸ਼ਵ ਰਾਜਨੀਤੀ ਹੁਣ ਸਿਰਫ਼ ਸ਼ਕਤੀਸ਼ਾਲੀ ਦੇਸ਼ਾਂ ਦੇ ਆਲੇ-ਦੁਆਲੇ ਨਹੀਂ ਘੁੰਮਦੀ ਬਲਕਿ ਭਾਰਤ ਵਰਗੇ ਉੱਭਰ ਰਹੇ ਦੇਸ਼ਾਂ ਦੀ ਰਣਨੀਤੀ ਵੀ ਭਵਿੱਖ ਦਾ ਫੈਸਲਾ ਕਰਦੀ ਹੈ।






ਜਨਮ-ਸ਼ਤਾਬਦੀ ’ਤੇ ਵਿਸ਼ੇਸ਼

# ਸਿੱਖ ਨਵ-ਜਾਗਰਨ ਦਾ ਵਾਰਤਕ-ਕਾਰ : ਡਾ.ਜਸਵੰਤ ਸਿੰਘ ਨੇਕੀ

-ਡਾ. ਰਾਮ ਮੂਰਤੀ

ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਡਾ. ਜਸਵੰਤ ਸਿੰਘ ਨੇਕੀ ਇਹ ਤਿੰਨ ਅਜਿਹੇ ਮਹਾਨੁਭਵ ਹੋਏ ਹਨ ਜਿਹੜੇ ਆਪਣੀਆਂ ਕਿਰਤਾਂ ਰਾਹੀਂ ਮੱਧਕਾਲੀ ਪੰਜਾਬੀ ਸਾਹਿਤ ਸੰਵੇਦਨਾ ਤੇ ਆਧੁਨਿਕ ਸੰਵੇਦਨਾ ਨੂੰ ਜੋੜਨ ਲਈ ਇੱਕ ਪੁਲ ਦਾ ਕੰਮ ਕਰਦੇ ਹਨ। ਅਖੌਤੀ ਆਧੁਨਿਕਤਾ ਦੇ ਢਹੇ ਚੜ ਕੇ ਅਸੀਂ ਆਪਣਾ ਬਹੁਤ ਨੁਕਸਾਨ ਕਰ ਲਿਆ ਹੈ। ਸਾਡੇ ਕੋਲ ਜੋ ਸਰਬ ਸਾਂਝੀਵਾਲਤਾ ਦਾ ਕੁਦਰਤੀ ਤੇ ਬ੍ਰਹਿਮੰਡਕ ਫਲਸਫਾ ਹੈ ਅਸੀਂ ਉਸ ਨੂੰ ਅਖੌਤੀ ਮਾਰਕਸਵਾਦ ਤੇ ਅਖੌਤੀ ਰੂਪਵਾਦ ਦੀ ਹਨੇਰੀ ਵਿੱਚ ਪਹਿਚਾਣਿਆ ਹੀ ਨਹੀਂ। ਅਸੀਂ ਪੰਜਾਬੀਆਂ ਨੇ ਸਭ ਤੋਂ ਵੱਡਾ ਗੁਨਾਹ ਜੋ ਕੀਤਾ ਉਹ ਆਪਣੀ ਵਿਰਾਸਤੀ ਪਰੰਪਰਾ, ਵਿਚਾਰਧਾਰਾ ਤੇ ਜੀਵਨ ਸਿਧਾਂਤ ਨੂੰ ਭੁਲਾ ਕੇ ਦੇਖਾ ਦੇਖੀ ਬਨਾਵਟੀ ਤੇ ਭੇਖੀ ਜੀਵਨ ਅਪਣਾ ਕੇ ਕੀਤਾ। ਜਿਸ ਵਿੱਚੋਂ ਜੇ ਕੁਝ ਸਾਨੂੰ ਮਿਲਿਆ ਤਾਂ ਉਹ ਅਖੌਤੀ ਵਿਕਾਸ ਦੇ ਰਾਹੀਂ ਬਹੁਤ ਵੱਡਾ ਵਿਨਾਸ਼ ਹੀ ਮਿਲਿਆ। ਵਿਸ਼ਵ ਵਿੱਚ ਆਈ ਉਦਯੋਗਿਕ ਕ੍ਰਾਂਤੀ ਨੇ, ਆਧੁਨਿਕ ਸੁਖ ਸਹੂਲਤਾਵਾਂ ਦੀ ਹੋੜ ਨੇ ਸਾਨੂੰ ਜਿੱਥੇ ਪ੍ਰਕਿਰਤੀ ਨਾਲੋਂ ਤੋੜਿਆ ਉੱਥੇ ਹੀ ਜੋ ਪ੍ਰਕਿਰਤੀ ਨਾਲ ਜੁੜ ਕੇ ਜਿਉਣ ਦੀ ਜੀਵਨ ਕਲਾ ਦਾ ਫਲਸਫਾ ਸੀ ਅਸੀਂ ਉਸਨੂੰ ਵੀ ਭੁਲਾ ਬੈਠੇ। ਤੇ ਅੱਜ ਹਾਲਾਤ ਕੀ ਬਣੇ ਹੋਏ ਹਨ ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਹੈ। ਅੱਜ ਅਸੀਂ ਬੇਬਸੀ ਭਰਿਆ ਜੀਵਨ ਜਿਉ ਰਹੇ ਹਾਂ। ਹਰ ਪਾਸੇ ਖੁਦਕੁਸ਼ੀਆਂ ਦਾ ਬੋਲਬਾਲਾ ਹੈ, ਸਵੈ ਘਾਤ ਹੈ। ਨਤੀਜਤਨ ਅੱਜ ਸਾਡੇ ਮੁਲਕ ਵਿੱਚ ਵੀ ਟੈਨਸ਼ਨ, ਡਿਪਰੈਸ਼ਨ ਤੇ ਉਨੀਂਦਰੇ ਦੀਆਂ ਦਵਾਈਆਂ ਵੱਧ ਤੋਂ ਵੱਧ ਵਿਕਰੀਆਂ ਹਨ। ਨਸ਼ਿਆਂ ਦਾ ਬੋਲ ਬਾਲਾ ਹੈ, ਬੇਰੁਜ਼ਗਾਰੀ ਹੈ, ਭੁੱਖ ਮਰੀ ਹੈ, ਗਰੀਬੀ ਹੈ। ਇਹ ਸਾਰਾ ਕੁਝ ਸਾਨੂੰ ਇਸੇ ਲਈ ਪ੍ਰਾਪਤ ਹੋਇਆ ਕਿਉਂਕਿ ਅਸੀਂ ਅਖੌਤੀ ਮੁਕਾਬਲੇਬਾਜ਼ੀ ਦੀ ਹੋੜ ਵਿੱਚ ਪੈ ਕੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੀ ਜੀਵਨ ਜੁਗਤ ਨੂੰ ਹੀ ਭੁਲਾ ਦਿੱਤਾ। ਅਜਿਹਾ ਦੌਰ ਵੀ ਆਇਆ ਕਿ ਜੇ ਕੋਈ ਅੱਜ ਸਪਰਚੁਐਲਿਟੀ ਦੀ, ਅਧਿਆਤਮਿਕਤਾ ਦੀ, ਗੁਰਬਾਣੀ ਦੀ ਗੱਲ ਕਰਦਾ ਹੈ ਤਾਂ ਉਸ ਦੀ ਇਹ ਕਹਿ ਕੇ ਖਿਲੀ ਉਡਾਈ ਜਾਂਦੀ ਹੈ ਕਿ ਇਹ ਤਾਂ ਬੀਤੇ ਸਮੇਂ ਦੀਆਂ ਗੱਲਾਂ ਹਨ। 550 ਸਾਲ ਪੁਰਾਣਾ ਫਲਸਫਾ ਅੱਜ ਦੇ ਆਧੁਨਿਕਤਾ ਦੇ ਦੌਰ ਵਿੱਚ ਆਪਣੀ ਕੀ ਪ੍ਰਸੰਗਿਕਤਾ ਰੱਖਦਾ ਹੈ? ਅਖੌਤੀ ਆਧੁਨਿਕਤਾਵਾਦੀਆਂ ਤੇ ਅਖੌਤੀ ਮਾਰਕਸਵਾਦੀਆਂ ਨੇ ਸਾਡੇ ਉਸ ਨਿੱਘੇ ਜੀਵਨ ਫਲਸਫੇ ਦੀਆਂ ਇਹ ਕਹਿ ਕੇ ਧੱਜੀਆਂ ਉਡਾਈਆਂ ਤੇ ਨਤੀਜਤਨ ਅੱਜ ਸਾਡੀ ਝੋਲੀ ਵਿੱਚ ਕੀ ਹੈ ? ਅਸੀਂ ਸਾਰੇ ਜਾਣਦੇ ਹੀ ਹਾਂ। ਸ਼ਾਇਦ ਇਸੇ ਕਰਕੇ ਅੱਜ ਸਾਡੇ ਮਾਰਕਸਵਾਦੀ ਮਿੱਤਰ ਵੀ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਅਗਰ ਇਨਕਲਾਬ ਦੀ ਗੱਲ ਸਿੱਖ ਫਲਸਫੇ ਦੇ ਰਾਹੀਂ ਆਉਂਦੀ, ਅਗਰ ਅਸੀਂ ਇਨਕਲਾਬ ਦੇ ਸਿਧਾਂਤ ਗੁਰਬਾਣੀ ਵਿੱਚੋਂ ਉਠਾਲਦੇ, ਜਗਾਉਂਦੇ ਤਾਂ ਸ਼ਾਇਦ ਅੱਜ ਨੂੰ ਇਨਕਲਾਬ ਆ ਹੀ ਗਿਆ ਹੁੰਦਾ। ਕਹਿੰਦੇ ਹਨ ਕਿ ਇੱਕ ਵਾਰ ਮਾਓ ਸੇ ਤੁੰਗ ਨੂੰ ਉਸਦੇ ਇੱਕ ਸਾਥੀ ਨੇ ਕਿਹਾ ਕਿ ਉਹਨਾਂ ਨੂੰ ਵੀ ਰੂਸ ਦੀ ਤਰਜ ਤੇ ਕੰਮ ਕਰਨਾ ਚਾਹੀਦਾ ਹੈ ਤਾਂ ਮਾਊ ਨੇ ਆਖਿਆ ਕਿ ਯਾਦ ਰੱਖੋ, ਚੀਨ ਰੂਸ ਨਹੀਂ ਹੈ। ਅਸੀਂ ਵੀ ਇਹ ਭੁੱਲ ਬੈਠੇ ਕਿ ਭਾਰਤ ਰੂਸ ਨਹੀਂ ਹੈ। ਅਜਿਹੇ ਹਾਲਾਤ ਵਿੱਚ ਅਗਰ ਸਾਨੂੰ ਆਪਣੀ ਵਿਰਾਸਤੀ ਪਰੰਪਰਾ, ਵਿਰਾਸਤੀ ਸਾਹਿਤ ਅਤੇ ਗੁਰਮਤ ਨਾਲ ਮੁੜ ਜੋੜਨ ਦਾ ਕਿਸੇ ਨੇ ਉਪਰਾਲਾ ਕੀਤਾ ਤਾਂ ਇਸ ਵਿੱਚ ਇਹਨਾਂ ਤਿੰਨ ਵਿਦਵਾਨ ਵਾਰਤਕ-ਕਾਰਾ/ਕਵੀਆਂ ਦਾ ਬਹੁਤ ਵੱਡਾ ਯੋਗਦਾਨ ਹੈ।



ਜਦੋਂ ਵੀ ਸਿੱਖ ਨਵ-ਜਾਗਰਣ ਦੀ ਲਹਿਰ ਦੀ ਗੱਲ ਤੁਰਦੀ ਹੈ ਤਾਂ ਸਾਡੇ ਕੋਲ ਭਾਈ ਸਾਹਿਬ ਭਾਈ ਵੀਰ ਸਿੰਘ ਅਜਿਹੇ ਮਹਾਨੁਭਵ ਹੋ ਕੇ ਉਭਰਦੇ ਹਨ ਜਿਨਾਂ ਨੇ ਸਭ ਤੋਂ ਪਹਿਲਾਂ ਸਿੱਖ ਨਵ-ਜਾਗਰਨ ਦਾ ਪਰਚਮ ਉਠਾਇਆ। ਸਿੰਘ ਸਭਾ ਲਹਿਰ ਨਾਲ ਜੁੜ ਕੇ ਆਪ ਨੇ ਇਸ ਸਬੰਧੀ ਜੋ ਉਪਰਾਲੇ ਕੀਤੇ ਉਹ ਆਪਣੇ ਆਪ ਵਿੱਚ ਲਾਸਾਨੀ ਹਨ। ਸਾਡੀ ਵਿਰਾਸਤੀ ਵਿਚਾਰਧਾਰਾ ਤੇ ਜੀਵਨ ਫਲਸਫੇ ਨੂੰ ਪੁਨਰ ਸਿਰਜਤ ਕਰਨ, ਪੁਨਰ ਵਖਿਆਨ, ਪ੍ਰਚਾਰ ਤੇ ਪਸਾਰ ਵਿੱਚ ਜਿਹੜੀ ਵੱਡੀ ਭੂਮਿਕਾ ਭਾਈ ਸਾਹਿਬ ਭਾਈ ਵੀਰ ਸਿੰਘ ਹੋਣਾਂ ਨੇ ਨਿਭਾਈ ਉਹ ਅੱਜ ਤੱਕ ਕਿਸੇ ਹੋਰ ਲੇਖਕ, ਸਹਿਤਕਾਰ ਤੇ ਪ੍ਰਚਾਰਕ ਦੇ ਹਿੱਸੇ ਨਹੀਂ ਆਈ। ਉਹਨਾਂ ਤੋਂ ਬਾਅਦ ਪ੍ਰੋ. ਪੂਰਨ ਸਿੰਘ ਇਸ ਮਸ਼ਾਲ ਨੂੰ ਫੜਦੇ ਹਨ ਤੇ ਭਾਈ ਵੀਰ ਸਿੰਘ ਦੇ ਕਾਰਜ ਨੂੰ ਆਪਣੀ ਕਾਵਿਕਤਾ ਰਾਹੀਂ ਅੱਗੇ ਵਧਾਉਂਦੇ ਹੋਏ 'ਪੰਜਾਬ ਜਿਉਂਦਾ ਗੁਰੂ ਦੇ ਨਾਂ ਤੇ' 'ਆ ਪੰਜਾਬ ਤੂੰ ਮੁੜ ਆ, ਸਿੱਖ ਪੰਜਾਬ ਤੂੰ ਘਰ ਆ' ਰਾਹੀ ਬੜਾ ਜ਼ੋਰਦਾਰ ਪ੍ਰਵਚਨ ਉਠਾਲਦੇ ਹਨ ਤੇ ਪੰਜਾਬ ਦੀ ਪ੍ਰਕਿਰਤੀ, ਸਭਿਆਚਾਰ, ਸਰਬ ਸਾਂਝੀਵਾਲਤਾ ਵਾਲੀ ਗੁਰਮਤ ਵਿਚਾਰਧਾਰਾ ਦੇ ਜੋ ਕਾਵਿਕ ਝਲਕਾਰੇ ਪ੍ਰੋ. ਪੂਰਨ ਸਿੰਘ ਹੋਣਾਂ ਦੀ ਕਵਿਤਾ ਵਿੱਚ ਮਿਲਦੇ ਹਨ ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਏ। ਪ੍ਰੋ. ਪੂਰਨ ਸਿੰਘ ਤੋਂ ਬਾਅਦ ਡਾ. ਜਸਵੰਤ ਸਿੰਘ ਨੇਕੀ ਸਾਡਾ ਅਜਿਹਾ ਬੌਧਿਕ ਸਰਮਾਇਆ ਬਣਦੇ ਹਨ ਜਿਨਾਂ ਉੱਪਰ ਅੱਜ ਆਪਾਂ ਜਿੰਨਾ ਵੀ ਮਾਣ ਕਰ ਸਕੀਏ ਉਨਾ ਹੀ ਘੱਟ ਹੈ।

ਡਾ. ਜਸਵੰਤ ਸਿੰਘ ਨੇਕੀ ਜਿੱਥੇ ਇੱਕ ਉਮਦਾ ਕਵੀ ਹੋਏ ਹਨ ਉੱਥੇ ਹੀ ਆਪ ਨੇ ਅਲੱਗ ਕਿਸਮ ਦੀ ਵਾਰਤਕ ਵੀ ਰਚੀ ਹੈ। ਭਾਵੇਂ ਕਿ 'ਜਿਨਾਂ ਦਿਸੰਦੜਿਆ ਦੁਰਮਤ ਵੰਞੇ' ਵਰਗੀ ਪੁਸਤਕ ਰਾਹੀਂ ਆਪ ਨੇ ਆਕਾਰ ਵਿੱਚ ਛੋਟੀਆਂ ਪਰ ਅਰਥਾਂ ਵਿੱਚ ਵੱਡੀਆਂ ਕਹਾਣੀਆਂ/ਘਟਨਾਵਾਂ ਦਾ ਇੰਦਰਾਜ ਕਰਕੇ, ਕਹਾਣੀ ਰਸ ਵਾਲੀ ਦਿਲਚਸਪ ਵਾਰਤਕ ਦੀ ਰਚਨਾ ਕੀਤੀ ਹੈ ਜੋ ਆਪਣੀ ਮਿਸਾਲ ਆਪ ਹੈ।

ਆਪਣੀ ਪੁਸਤਕ 'ਅਰਦਾਸ ਦਰਸ਼ਨ ਰੂਪ ਅਭਿਆਸ' ਰਾਹੀਂ ਆਪਨੇ ਅਰਦਾਸ ਦੇ ਮਹੱਤਵ ਨੂੰ, ਅਰਦਾਸ ਦੀ ਜਰੂਰਤ ਨੂੰ ਤੇ ਅਰਦਾਸ ਦੇ ਸਵਰੂਪ ਨੂੰ ਜਿਸ ਢੰਗ ਨਾਲ ਵਿਆਖਿਆਇਆ ਹੈ ਆਪਣੇ ਆਪ ਵਿੱਚ ਇੱਕ ਲਾਸਾਨੀ ਯਤਨ ਹੈ ਜਿਹੜਾ ਦੁਬਾਰਾ ਕਦੇ ਹੋਇਆ ਨਹੀਂ। ਕੁਝ ਸਾਹਿਤਕਾਰ ਅਜਿਹੇ ਹੁੰਦੇ ਹਨ ਜਿਹੜੇ ਜੋ ਲਿਖ ਜਾਂਦੇ ਹਨ, ਜੋ ਕਰ ਜਾਂਦੇ ਹਨ, ਉਹ ਆਪਣੇ ਆਪ ਵਿੱਚ ਮੀਲ ਪੱਥਰ ਸਾਬਤ ਹੋ ਜਾਂਦਾ ਹੈ ਤੇ ਅਜਿਹੀਆਂ ਉਚਾਈਆਂ ਸਿਰਜ ਜਾਂਦਾ ਹੈ, ਜਿਨਾਂ ਦਾ ਬਾਅਦ ਵਿੱਚ ਅਨੁਸਰਨ ਵੀ ਨਹੀਂ ਹੁੰਦਾ। ਕਵਿਤਾ ਦੀ ਗੱਲ ਕਰਾਂ ਤਾਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਡਾ. ਹਰਭਜਨ ਸਿੰਘ ਤੇ ਡਾ. ਜਸਵੰਤ ਸਿੰਘ ਨੇਕੀ ਅਜਿਹੇ ਕਵੀ ਹਨ, ਲੇਖਕ ਹਨ ਜਿਨਾਂ ਦੀ ਨਾ ਤਾਂ ਕਵਿਤਾ ਦਾ ਅਨੁਸਰਨ ਹੋ ਸਕਿਆ ਤੇ ਨਾ ਹੀ ਵਾਰਤਕ ਦਾ। ਕਿਉਂ ਨਹੀਂ ਹੋ ਸਕਿਆ? ਇਸ ਕਰਕੇ ਕਿ ਇਹ ਲੋਕ ਤਨ ਮਨ ਤੇ ਧਨ ਤੋਂ ਪੰਜਾਬ ਦੀ ਵਿਰਾਸਤੀ ਜੀਵਨ ਜੁਗਤ ਨੂੰ ਪ੍ਰਣਾਏ ਹੋਏ ਸਨ। ਇਹ ਜੋ ਵੀ ਸਨ ਤਨੋ ਮਨੋ ਸਨ, ਦਿਲੋਂ ਸਨ। ਉਨਾਂ ਦਾ ਪਾਲਣ ਪੋਸ਼ਣ ਵੀ ਸਿੱਖ ਰਹਿਤ ਮਰਿਆਦਾ ਵਾਲੇ ਪਰਿਵਾਰਾਂ ਵਿੱਚ ਹੋਇਆ ਸੀ ਤੇ ਉਹਨਾਂ ਨੂੰ ਸਹਿਜ ਸੰਜਮ ਤੇ ਕਠੋਰ ਮਿਹਨਤ ਕਰਨ ਦੇ ਮੁੱਲ ਵੀ ਗੁਰਬਾਣੀ ਵਿੱਚੋਂ ਹੀ ਹਾਸਲ ਹੋਏ ਸਨ। ਇਸ ਕਰਕੇ ਉਹਨਾਂ ਵਰਗੀ ਗੰਭੀਰਤਾ ਤੇ ਕਠੋਰ ਤਪੱਸਿਆ ਸਾਨੂੰ ਮੁੜ ਕੇ ਕਿਸੇ ਪੰਜਾਬੀ ਕਵੀ ਵਿੱਚ ਘੱਟ ਹੀ ਦੇਖਣ ਨੂੰ ਮਿਲਦੀ ਹੈ। ਡਾ ਜਗਤਾਰ ਆਪਣੇ ਭਾਸ਼ਣਾਂ ਵਿੱਚ ਅਕਸਰ ਕਿਹਾ ਕਰਦੇ ਸਨ ਕਿ ਕੀ ਕਾਰਨ ਹੈ ਕਿ ਮੁੜ ਕੇ ਕੋਈ ਨਾਨਕ, ਕੋਈ ਕਬੀਰ, ਫਰੀਦ ਤੇ ਕੋਈ ਬਰਨਾਰਡ ਸ਼ਾਹ ਪੈਦਾ ਨਹੀਂ ਹੋ ਸਕਿਆ ? ਭਾਵੇਂ ਕਿ ਗੁਰੂ ਨਾਨਕ ਦੇਵ, ਸੰਤ ਕਬੀਰ ਤੇ ਫਰੀਦ ਜੀ ਦੀ ਤੁਲਨਾ ਤਾਂ ਕਿਸੇ ਨਾਲ ਕੀਤੀ ਨਹੀਂ ਜਾ ਸਕਦੀ ਪਰ ਜੇ ਮੈਂ ਇੱਥੇ ਗਲਤ ਨਾ ਹੋਵਾਂ ਤਾਂ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਡਾ. ਹਰਭਜਨ ਸਿੰਘ ਤੇ ਡਾ. ਜਸਵੰਤ ਸਿੰਘ ਨੇਕੀ ਵਰਗਾ ਸ਼ਾਇਦ ਹੀ ਹੁਣ ਕਿਤੇ ਕੋਈ ਹੋਰ ਪੈਦਾ ਹੋ ਸਕੇ। ਹੋ ਤਾਂ ਸਕਦਾ ਹੈ ਜੇ ਉਹਨਾਂ ਵਰਗੀ ਗੰਭੀਰਤਾ, ਉਹਨਾਂ ਵਰਗਾ ਸਮਰਪਣ, ਉਹਨਾਂ ਵਰਗਾ ਸਹਿਜ ਅਜੋਕੇ ਦੌਰ ਵਿੱਚ ਕਿਸੇ ਹੋਰ ਲੇਖਕ ਵਿੱਚ ਪੈਦਾ ਹੋ ਜਾਵੇ।

ਭਾਈ ਸਾਹਿਬ ਭਾਈ ਵੀਰ ਸਿੰਘ ਤੋਂ ਬਾਅਦ ਡਾ. ਜਸਵੰਤ ਸਿੰਘ ਨੇਕੀ ਨੂੰ ਮੈਂ ਸਿੱਖ ਨਵ-ਜਾਗਰਨ ਦਾ ਵਾਰਤਕ-ਕਾਰ ਇਸ ਲਈ ਮੰਨਦਾ ਹਾਂ ਕਿ ਉਹਨਾਂ ਨੇ ਗੁਰਬਾਣੀ ਦੀ ਬੌਧਿਕ ਵਿਆਖਿਆ ਕਰਦਿਆਂ ਸਿੱਖ ਧਰਮ ਦੀ ਮਹਾਨਤਾ, ਗੁਰਬਾਣੀ ਦੀ ਸਰਬ ਸਾਂਝੀ ਵਾਲਤਾ ਤੇ ਸਿੱਖ ਫਲਸਫੇ ਨੂੰ ਜਿਸ ਢੰਗ ਨਾਲ ਵਿਸ਼ਲੇਸ਼ਿਤ ਕੀਤਾ ਆਪਣੀ ਮਿਸਾਲ ਆਪ ਹੈ। ਪੁਸਤਕ 'ਅਰਦਾਸ ਦਰਸ਼ਨ ਰੂਪ ਅਭਿਆਸ' ਰਾਹੀਂ ਅਰਦਾਸ ਦੀ ਜਰੂਰਤ, ਅਰਦਾਸ ਦੀ ਕਿਸਮ, ਅਰਦਾਸ ਦਾ ਮਨੁੱਖੀ ਮਨ ਤੇ ਪ੍ਰਭਾਵ ਤੇ ਅਰਦਾਸ ਵਿੱਚ ਆਏ ਸ਼ਬਦਾਂ ਨੂੰ ਸਿਧਾਂਤਕ ਅਰਥ ਦੇ ਕੇ ਤੇ ਇੱਕ ਸਿੱਖ ਦੀ ਜੀਵਨ ਜੁਗਤ ਨਾਲ ਜੋੜ ਕੇ ਅਰਦਾਸ ਦੀ ਪ੍ਰਸੰਗਕਤਾ

ਨੂੰ ਬੜੇ ਗੂੜੇ ਤੇ ਸਾਰਥਕ ਅਰਥ ਦਿੱਤੇ ਹਨ। ਇੱਕ ਸਿੱਖ ਦੁਆਰਾ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਕੀਤੀ ਜਾਂਦੀ ਅਰਦਾਸ ਦੇ ਪਿੱਛੇ ਪਿੱਛੇ ਤੁਰਦਿਆਂ ਅਰਦਾਸ ਦੇ ਹਰ ਸ਼ਬਦ, ਹਰ ਜੁਜ, ਹਰ ਸਿਧਾਂਤ ਦੀ ਸਿਲਸਿਲੇਵਾਰ ਵਿਆਖਿਆ ਕਰਦਿਆਂ ਕਰਦਿਆਂ ਆਪ ਨੇ ਇਸ ਖ਼ੂਬਸੂਰਤ ਵਾਰਤਕ ਪੁਸਤਕ ਦਾ ਸਿਰਜਣ ਕਰ ਦਿੱਤਾ। ਜਿਵੇਂ ਜਿਵੇਂ ਅਰਦਾਸ ਅੱਗੇ ਵੱਧਦੀ ਜਾਂਦੀ ਹੈ ਉਵੇਂ ਉਵੇਂ ਇਹ ਪੁਸਤਕ ਆਪਣਾ ਸਰੂਪ ਉਭਾਰਦੀ ਤੇ ਨਿਖਾਰਦੀ, ਆਪਣੀ ਸੰਪੂਰਨਤਾ ਵੱਲ ਵਧਦੀ ਜਾਂਦੀ ਹੈ। ਵਾਰਤਕ-ਕਾਰ ਦੀ ਇਹ ਖ਼ੂਬੀ ਹੈ ਕਿ ਉਹ ਹੱਥ ਜੋੜ ਕੇ ਬੜੀ ਸ਼ਰਧਾ ਨਾਲ ਅਰਦਾਸ ਦੇ ਪਿੱਛੇ ਪਿੱਛੇ ਤੁਰ ਪੈਂਦਾ ਹੈ ਤੇ ਬੜੇ ਸਹਿਜ ਸੁਭਾਵਿਕ ਤਰੀਕੇ ਨਾਲ ਅਰਦਾਸ ਦੇ ਸ਼ਬਦਾਂ ਤੇ ਜੁਜਾਂ ਦੀ ਵਿਆਖਿਆ ਕਰਦਾ ਹੋਇਆ ਇੱਕ ਵੱਡ ਅਕਾਰੀ ਵਾਰਤਕ ਪੁਸਤਕ ਦਾ ਸਿਰਜਣ ਕਰ ਲੈਂਦਾ ਹੈ। ਉਹਨਾਂ ਦੁਆਰਾ ਕੀਤੀ ਅਰਦਾਸ ਦੀ ਪਰਿਭਾਸ਼ਾ ਬੜੀ ਖ਼ੂਬਸੂਰਤ ਹੈ ਅਰਦਾਸ ਨੂੰ ਪਰਿਭਾਸ਼ਿਤ ਕਰਦਿਆਂ ਆਪ ਲਿਖਦੇ ਹਨ, "ਅਰਦਾਸ ਬੋਲਾਂ ਦੀ ਨਹੀਂ ਆਤਮਾ ਦੀ ਬਿਹਬਲਤਾ ਹੈ। ਇਸ ਦੀ ਆਵਾਜ਼ ਮਨ ਦੀਆਂ ਗਹਿਰਾਈਆਂ ਚੋਂ ਉੱਠਦੀ ਹੈ। ਆਕਾਸ਼ ਤੱਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿੱਚੋਂ ਉੱਠੇ ਉਹ ਤਾਂ ਛੱਤ ਤੀਕਰ ਵੀ ਨਹੀਂ ਅਪੜ ਸਕਦੀ। ਆਕਾਸ਼ ਤੀਕਰ ਤਾਂ ਆਤਮਾ ਦੀ ਬਹਿਬਲਤਾ ਹੀ ਪਹੁੰਚਦੀ ਹੈ। ਅਰਦਾਸ ਸ਼ਬਦਾਂ ਦਾ ਚਮਤਕਾਰ ਨਹੀਂ। ਗੱਲਾਂ ਨਾਲ ਤਾਂ ਖਸਮ ਰੀਚਦਾ ਨਹੀਂ। ਅਰਦਾਸ ਤਾਂ ਰੂਹ ਦਾ ਗੀਤ ਹੈ ਜੋ ਗੀਤ ਵਾਂਗ ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ।"1

ਡਾ. ਨੇਕੀ ਇੱਕ ਮੰਨੇ ਪਰਮੰਨੇ ਮਨੋ-ਵਿਸ਼ਲੇਸ਼ਕ ਵੀ ਸਨ। ਜਿੱਥੇ ਭਾਈ ਵੀਰ ਸਿੰਘ ਹੋਰਾਂ ਨੇ ਆਪਣੀ ਵਾਰਤਕ ਰਾਹੀਂ ਗੁਰਮਤ ਫਲਸਫੇ ਦੀ ਅਧਿਆਤਮਕ ਤੇ ਸਮਾਜਿਕ ਉੱਚਤਾ ਤੇ ਪ੍ਰਸੰਗਿਕਤਾ ਉੱਪਰ ਜ਼ੋਰ ਦਿੱਤਾ ਉੱਥੇ ਡਾ. ਜਸਵੰਤ ਸਿੰਘ ਨੇਕੀ ਨੇ ਗੁਰਮਤ ਦੀ ਮਨੋ ਵਿਗਿਆਨਕ ਵਿਆਖਿਆ ਕਰਕੇ ਪੰਜਾਬੀ ਵਾਰਤਕ ਵਿੱਚ ਇੱਕ ਨਵਾਂ ਮੀਲ ਪੱਥਰ ਗੱਡਿਆ। ਉਹਨਾਂ ਨੇ ਆਪਣੀ ਪੁਸਤਕ 'ਗੁਰਮਤ ਮਨੋਵਿਗਿਆਨ' ਰਾਹੀਂ ਜਿੱਥੇ ਗੁਰਮਤ ਦੀ ਮਨੋ ਵਿਗਿਆਨਕ ਵਿਆਖਿਆ ਕੀਤੀ ਹੈ ਉੱਥੇ ਨਾਲ ਦੀ ਨਾਲ ਜੀਵਨ ਦੇ ਮਨੋਵਿਗਿਆਨ ਨੂੰ ਵੀ ਗੁਰਮਤਿ ਦੀ ਕਸਵੱਟੀ ਤੋਂ ਪਰਖਿਆ ਹੈ। ਇਹ ਆਪਣੇ ਆਪ ਵਿੱਚ ਇੱਕ ਵੱਡ ਅਕਾਰੀ ਪੁਸਤਕ ਹੈ ਤਦ ਵੀ ਸੰਖੇਪਤਾ ਤੇ ਸੰਜਮ ਇਸ ਦੀ ਵਿਸ਼ੇਸ਼ਤਾ ਬਣੀ ਰਹਿੰਦੀ ਹੈ ਕਿਉਂਕਿ ਡਾ. ਨੇਕੀ ਨੇ ਗੁਰਮਤਿ, ਮਨੁੱਖ, ਜੀਵਨ, ਮਨੋਵਿਗਿਆਨ, ਹਉਮੈ, ਮਨ, ਮਨ ਤੋਂ ਮੁਕਤੀ, ਚਿੱਤ, ਬੁੱਧ, ਨਾਮ, ਸਿਮਰਨ, ਧਿਆਨ, ਸਾਧਨਾ, ਆਦਿ ਅਨੇਕਾਂ ਅਧਿਆਤਮਕ ਤੇ ਮਨੋਵਿਗਿਆਨਿਕ ਮਸਲਿਆਂ ਨੂੰ ਬਹੁਤ ਹੀ ਸੰਖੇਪ ਤੇ ਸੰਜਮ ਵਿੱਚ ਰਹਿ ਕੇ ਨਜਠਿਆ ਹੈ। ਇਸ ਵਾਰਤਕ ਸਿਰਜਣਾ ਦੀ ਇਹ ਖ਼ੂਬੀ ਵੀ ਬਣਦੀ ਹੈ ਕਿ ਲੇਖਕ ਨੇ ਜਿਸ ਵੀ ਵਿਸ਼ੇ ਜਾਂ ਸੰਕਲਪ ਨੂੰ ਪੇਸ਼ ਕੀਤਾ ਨਾਲ ਦੀ ਨਾਲ ਗੁਰਬਾਣੀ ਵਿੱਚੋਂ ਢੁਕਵੀਆਂ ਟੂਕਾਂ ਦੇ ਕੇ ਉਨਾਂ ਦੀ ਸਾਰਥਕਤਾ ਤੇ ਸਦੀਵਤਾ ਨੂੰ ਵੀ ਸਿੱਧ ਕੀਤਾ ਹੈ। 'ਗੁਰਮਤਿ ਮਨੋਵਿਗਿਆਨ' ਪੁਸਤਕ ਦੇ ਜਿੰਨੇ ਵੀ ਵਿਸ਼ੇ ਹਨ ਉਹ ਸਦੀਵੀ ਹਨ, ਬ੍ਰਹਮੰਡਕ ਹਨ, ਆਦਿ-ਜੁਗਾਦੀ ਹਨ। ਇਹ ਜੀਵਨ ਕੀ ਹੈ? ਕਿਉਂ ਹੈ? ਕਿਵੇਂ ਹੈ? ਇਸ ਦਾ ਮਨੋਰਥ ਕੀ ਹੈ? ਇਹਨਾਂ ਸਾਰੇ ਤਮਾਮ ਆਦਿ-ਜੁਗਾਦੀ ਪ੍ਰਸ਼ਨਾ ਨੂੰ ਸੰਖੇਪ ਵਿੱਚ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੁਸਤਕ ਦੇ ਆਰੰਭ ਵਿੱਚ ਲੇਖਕ ਨੇ ਪੱਛਮੀ ਮਨੋਵਿਗਿਆਨ ਅਤੇ ਭਾਰਤੀ ਮਨੋਵਿਗਿਆਨ ਵਿੱਚ ਸੰਖੇਪ ਜਿਹਾ ਤੁਲਨਾਤਮਕ ਅਧਿਅਨ ਕਰਦਿਆਂ ਪੱਛਮੀ ਮਨੋਵਿਗਿਆਨ ਦੀਆਂ ਸੀਮਾਵਾਂ ਤੇ ਸਮੱਸਿਆਵਾਂ ਉੱਪਰ ਵੀ ਆਪਣੀਆਂ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਪਛਮੀ ਮਨੋ ਵਿਗਿਆਨ ਦੀਆਂ ਸੀਮਾਵਾਂ ਸਬੰਧੀ ਵਰਣਨ ਕਰਦਾ ਹੋਇਆ ਲੇਖਕ ਲਿਖਦਾ ਹੈ, "ਪੱਛਮ ਵਿੱਚ ਧਰਮ ਦੇ ਮਨੋਵਿਗਿਆਨਕ ਅਧਿਅਨ ਨੇ ਸਮੁੱਚੇ ਮਨੋ ਵਿਗਿਆਨ ਦੇ ਖੇਤਰ ਆਪਣੀ ਥਾਂ ਕਿਸੇ ਹੱਦ ਤੱਕ ਸਥਾਪਤ ਕਰ ਲਈ ਜਾਪਦੀ ਹੈ। ਇਸ ਦਾ ਮੁੱਖ ਕਾਰਨ ਕੁਝ ਉੱਘੇ ਮਨੋ ਵਿਗਿਆਨੀਆਂ ਦਾ ਇਸ ਪਾਸੇ ਰੁਚਿਤ ਹੋ ਜਾਣਾ ਹੀ ਹੋਇਆ ਹੈ। ਮਨੋ ਵਿਗਿਆਨ ਦੇ ਇਸ ਪੱਖ ਦਾ ਯਤਨ ਧਰਮ ਦੇ ਮਹੱਤਵ ਨੂੰ ਉਸਦੇ ਦ੍ਰਿਸ਼ਟਮਾਨ ਪੱਖ ਤੋਂ ਨਖੇੜ ਕੇ ਵਿਚਾਰਨ ਵੱਲ ਰਿਹਾ ਹੈ। ਸਬੰਧਤ ਮਨੋਵਿਗਿਆਨੀਆਂ ਨੇ ਆਪਣੇ ਸਰੋਕਾਰ ਨੂੰ ਧਰਮ ਦੇ ਫਲਸਫੇ ਤੋਂ ਭਿੰਨ ਮੰਨਿਆ ਹੈ ਕਿਉਂਕਿ ਉਹਨਾਂ ਦਾ ਮੂਲ ਮਨੋਰਥ ਧਰਮ ਦੇ ਨਿਰੋਲ ਮਾਨਸਿਕ ਅਰਥ ਦੀ ਭਾਲ ਕਰਨਾ ਹੀ ਹੈ। ਤਾਂ ਵੀ ਇਹ ਸੱਚ ਹੈ ਕਿ ਇਹਨਾਂ ਦੋਹਾਂ ਗਿਆਨ ਸ਼ਾਖਾਵਾਂ ਦੀ ਧਰਮ ਦੇ ਪਾਰਗਾਮੀ ਅਨੁਭਵ ਤੱਕ ਪਹੁੰਚ ਨਹੀਂ ਹੋ ਪਾਈ ਪਰ ਧਰਮ ਦਾ ਮਨੋਵਿਗਿਆਨਿਕ ਪੱਖ ਉਸਦੇ ਅਨਭਵੀ ਪੱਖ ਨੂੰ ਨਜ਼ਰ ਅੰਦਾਜ਼ ਕਰਕੇ ਕਿਵੇਂ ਸਥਾਪਿਤ ਕੀਤਾ ਜਾ ਸਕਦਾ ਹੈ? ਇਸੇ ਵਿੱਚ ਪੱਛਮੀ ਧਰਮ ਮਨੋਵਿਗਿਆਨ ਦੀ ਵੱਡੀ ਕਮੀ ਰਹਿ ਗਈ ਜਾਪਦੀ ਹੈ।"2 ਮੈਂ ਸਮਝਦਾ ਹਾਂ ਕਿ ਗੁਰਮਤ ਤੇ ਮਨੋਵਿਗਿਆਨ ਦੇ ਸੰਕਲਪਾਂ

ਸਬੰਧੀ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਇਸ ਤੋਂ ਵੱਡੀ ਤੇ ਸਾਰਥਕ ਹਵਾਲਾ -ਪੁਸਤਕ, ਜੋ ਪੰਜਾਬੀ ਵਿੱਚ ਲਿਖੀ ਗਈ ਹੋਵੇ, ਹੋਰ ਕੋਈ ਹੋ ਨਹੀਂ ਸਕਦੀ। ਇਸ ਤਰ੍ਹਾਂ ਡਾ. ਨੇਕੀ ਨੇ ਆਪਣੀਆਂ ਇਹਨਾਂ ਪੁਸਤਕਾਂ ਦੇ ਸਿਰਜਣ ਰਾਹੀਂ ਗੁਰਮਤ ਫਲਸਫੇ ਦੀ ਆਧੁਨਿਕ ਪ੍ਰਸੰਗਿਕਤਾ ਨੂੰ ਉਭਾਰ ਕੇ ਪੇਸ਼ ਕੀਤਾ।

'ਗੁਰਮਤ ਮਨੋਵਿਗਿਆਨ' ਪੁਸਤਕ ਰਾਹੀਂ ਉਸ ਨੇ ਗੁਰਬਾਣੀ ਵਿੱਚ ਪ੍ਰਗਟਾਏ ਗਏ ਆਦਿ ਮਨੁੱਖ ਦੇ ਆਦਿ ਜੁਗਾਦੀ ਮਸਲਿਆਂ ਦਾ ਵਿਸ਼ਲੇਸ਼ਣ ਕਰਕੇ ਸਗੋਂ ਗੁਰਬਾਣੀ ਦੀ ਸਰਬ ਕਾਲਕ ਤੇ ਸਰਬ ਭੌਮਿਕ ਪ੍ਰਸੰਗਿਕਤਾ ਨੂੰ ਸਹਿਜ ਸੁਭਾਵਿਕ ਹੀ ਸਿੱਧ ਕਰ ਦਿੱਤਾ ਹੈ। ਜਿਹੜੇ ਵਿਦਵਾਨ ਇਹ ਕਹਿੰਦੇ ਹਨ ਕਿ ਗੁਰਬਾਣੀ 550 ਸਾਲ ਪੁਰਾਣਾ ਫਲਸਫਾ ਹੈ ਜੋ ਅੱਜ ਪ੍ਰਸੰਗਕ ਨਹੀਂ ਉਹਨਾਂ ਨੂੰ ਮੇਰੀ ਸਨਮਰ ਬੇਨਤੀ ਹੈ ਕਿ ਉਹ ਡਾ. ਜਸਵੰਤ ਸਿੰਘ ਨੇਕੀ ਦੁਆਰਾ ਸਿਰਜਤ ਇਹਨਾਂ ਦੋ ਪੁਸਤਕਾਂ ਦਾ ਅਧਿਅਨ ਜਰੂਰ ਕਰ ਲੈਣ। ਇਸ ਨਾਲ ਉਹਨਾਂ ਦਾ ਇਹ ਭੁਲੇਖਾ ਵੀ ਸਹਿਜੇ ਹੀ ਦੂਰ ਹੋ ਜਾਵੇਗਾ। ਮੈਨੂੰ ਡਾ. ਜਸਵੰਤ ਸਿੰਘ ਨੇਕੀ ਦੀ ਲਗਭਗ ਸਮੁੱਚੀ ਕਵਿਤਾ ਤੇ ਬਹੁਤ ਸਾਰੀ ਵਾਰਤਕ ਪੜਨ ਦਾ ਮੌਕਾ ਮਿਲਿਆ ਹੈ। ਇਹ ਸਾਰਾ ਕੁਝ ਪੜਨ ਤੋਂ ਬਾਅਦ ਮੇਰਾ ਇਹ ਪ੍ਰਭਾਵ ਹੈ ਕਿ ਜਿੰਨੀ ਵੱਧ ਜਟਿਲ ਉਨਾਂ ਦੀ ਕਵਿਤਾ ਹੈ ਹੈ, ਵਾਰਤਕ ਉਨੀ ਹੀ ਸਹਿਜ ਸੁਭਾਵਿਕ ਤੇ ਸਰਲ ਹੈ, ਜੋ ਇੱਕ ਘੱਟ ਪੜੇ ਲਿਖੇ ਸਧਾਰਨ ਮਨੁੱਖ ਦੀ ਸਮਝ ਦੀ ਵਸਤੂ ਸਹਿਜੇ ਹੀ ਬਣ ਜਾਂਦੀ ਹੈ।

**ਡਾ. ਨੇਕੀ ਦੀ ਵਾਰਤਕ-ਵਿਧਾ** : ਡਾ. ਜਸਵੰਤ ਸਿੰਘ ਨੇਕੀ ਨੇ ਆਪਣੇ ਆਪ ਵਿੱਚ ਇੱਕ ਲਾਸਾਨੀ ਕਿਸਮ ਦੀ ਵਾਰਤਕ ਦੀ ਰਚਨਾ ਕੀਤੀ। ਜਿਵੇਂ ਕਿ ਪਿੱਛੇ ਵਿਚਾਰ ਕਰ ਆਏ ਹਾਂ ਕਿ ਅਜਿਹੀ ਵਾਰਤਕ ਦਾ ਅਨੁਸਰਨ ਵੀ ਹੋਰ ਕਿਸੇ ਨੇ ਨਹੀਂ ਕੀਤਾ। ਉਹਨਾਂ ਨੇ ਜਿੱਥੇ ਕਵਿਤਾ ਵਿੱਚ ਨਵੀਆਂ ਨਕੋਰ ਵਿਧਾਵਾਂ ਦੀ ਸਿਰਜਣਾ ਕੀਤੀ ਹੈ ਉੱਥੇ ਆਪਣੀ ਵਾਰਤਕ ਰਾਹੀਂ ਵੀ ਨਵੀਆਂ ਵਿਧਾਵਾਂ ਦਾ ਸਿਰਜਣ ਕੀਤਾ ਹੈ। ਮੈਂ ਡਾ ਜਸਵੰਤ ਸਿੰਘ ਨੇਕੀ ਨੂੰ ਪੰਜਾਬੀ ਕਵਿਤਾ ਦਾ ਇੱਕ ਵੱਡਾ ਵਿਧਾਕਾਰ, ਵਿਧਾਨਕਾਰ ਤੇ ਦਾਰਸ਼ਨਿਕ ਵਿਆਖਿਆਕਾਰ ਮੰਨਦਾ ਹਾਂ। ਜਿਥੇ ਉਨ੍ਹਾਂ ਦੀ ਕਵਿਤਾ ਦਾ ਅਧਿਅਨ ਵਿਸ਼ਲੇਸ਼ਣ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਹੈ ਉਥੇ ਹੀ ਉਹਨਾਂ ਦੀ ਸਿਰਜਤ ਵਾਰਤਕ ਦੇ ਵਿਸਾਲ ਭੰਡਾਰ ਦਾ ਅਧਿਅਨ ਵਿਸ਼ਲੇਸ਼ਣ ਵੀ ਕੋਈ ਘੱਟ ਚਣੌਤੀ ਵਾਲਾ ਕੰਮ ਨਹੀਂ ਹੈ ਕਿਉਂਕਿ ਰਚਨਾਕਾਰ ਨੇ ਜਿਸ ਤਰ੍ਹਾਂ ਦੀ ਗੰਭੀਰਤਾ, ਸਮਰਪਣ, ਤਪੱਸਿਆ ਤੇ ਭਗਤੀ ਭਾਵ ਆਪਣੀਆਂ ਕਾਵ ਵਿਧਾਵਾਂ ਤੇ ਵਾਰਤਕ ਵਿਧਾਵਾਂ ਦੀ ਸਿਰਜਣਾ ਵੇਲੇ ਵਰਤਿਆ ਹੈ, ਇਹਨਾਂ ਲਿਖਤਾਂ ਦੇ ਅਧਿਅਨ ਵਿਸ਼ਲੇਸ਼ਣ ਵੇਲੇ ਵੀ ਉਸੇ ਕਿਸਮ ਦੀ ਗੰਭੀਰਤਾ ਤੇ ਸਮਰਪਣ ਦੀ ਜਰੂਰਤ ਹੈ।

'ਜਿਨਾਂ ਦਿਸੰਦੜਿਆ ਦੁਰਮਤ ਵੰਞੈ' ਪੁਸਤਕ ਦੇ ਮੁੱਖ ਬੰਦ ਵਿੱਚ ਉਹਨਾਂ ਨੇ ਇਸ ਪੁਸਤਕ ਰਾਹੀਂ ਅਜਿਹੀ ਵਾਰਤਕ ਵਿਧਾ ਦੀ ਗੱਲ ਕੀਤੀ ਹੈ ਜੋ ਮੇਰੇ ਹਿਸਾਬ ਨਾਲ ਪੰਜਾਬੀ ਵਿੱਚ ਸ਼ਾਇਦ ਪਹਿਲੀ ਵਾਰ ਰਚੀ ਜਾ ਰਹੀ ਸੀ। ਇਸ ਪੁਸਤਕ ਵਿੱਚ ਉਹਨਾਂ ਨੇ ਆਪਣੇ ਜੀਵਨ ਵਿੱਚ ਆਏ ਉਹਨਾਂ ਸਧਾਰਨ ਵਿਅਕਤੀਆਂ ਦੀਆਂ ਲਘੂ ਆਕਾਰ ਵਿੱਚ ਜੀਵਨ ਝਾਕੀਆਂ ਲਿਖੀਆਂ ਹਨ ਜੋ ਆਪੋ ਆਪਣੇ ਜੀਵਨ ਵਿੱਚ ਸਹਜ, ਸੰਜਮ, ਸਮਰਪਣ ਤੇ ਸਬਰ ਸੰਤੋਖ ਨੂੰ ਪ੍ਰਣਾਏ ਹੋਏ ਸਨ। ਇਹ ਉਹਨਾਂ ਲੋਕਾਂ ਦੇ ਜੀਵਨ ਵਿਰਤਾਂਤ ਹਨ ਜਿਹੜੇ ਜਿੱਥੇ ਬਾਲ ਜਸਵੰਤ ਸਿੰਘ ਲਈ ਪ੍ਰੇਰਣਾ ਦਾ ਸਰੋਤ ਬਣਦੇ ਹਨ ਉੱਥੇ ਹੀ ਉਸਦੇ ਮਾਪੇ ਵੀ ਅਜਿਹੇ ਲੋਕਾਂ ਤੋਂ ਪ੍ਰੇਰਣਾ ਲੈ ਕੇ ਆਪਣੇ ਜੀਵਨ ਵਿੱਚ ਮਹੱਤਵਪੂਰਨ ਫੈਸਲੇ ਕਰਦੇ ਵੀ ਹਨ ਤੇ ਬਦਲਦੇ ਵੀ ਹਨ। ਇਹਨਾਂ ਛੋਟੀਆਂ ਛੋਟੀਆਂ ਕਹਾਣੀਆਂ ਨੂੰ ਉਹਨਾਂ ਨੇ ਅਨੂਗਾਥਾ ਜਾਂ ਲਗੁ ਵਾਰਤਾ ਦਾ ਨਾਮ ਦਿੱਤਾ ਹੈ। ਇਸ ਵਿਧਾ ਬਾਰੇ ਆਪ ਲਿਖਦੇ ਹਨ, "ਇਹ ਕਿਸੇ ਜ਼ਿੰਦਗੀ ਵਿੱਚ ਵਾਪਰੀ ਕੋਈ ਐਸੀ ਘਟਨਾ ਹੁੰਦੀ ਹੈ ਜੋ ਚਿਤ ਨੂੰ ਪ੍ਰਸੰਨ ਕਰਦੀ ਭਾਵਾਂ ਨੂੰ ਹੁਲਾਸ ਦਿੰਦੀ ਤੇ ਆਤਮਾ ਨੂੰ ਸਰਸ਼ਾਰ ਕਰਦੀ ਹੈ। ਐਸੀ ਪ੍ਰਭਾਵਸ਼ਾਲੀ ਵਾਰਤਾ ਸੁਣਨਹਾਰੇ ਉੱਪਰ ਇੱਕ ਐਸੀ ਭਾਵ ਪੂਰਤ ਛਾਪ ਛੱਡ ਜਾਂਦੀ ਹੈ ਜੋ ਭੁਲਾਈ ਨਹੀਂ ਜਾ ਸਕਦੀ।"3 ਇਸ ਵਿਧਾ ਦੀ ਸਿਰਜਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਉਹ ਲਿਖਦੇ ਹਨ, "ਮੇਰੀ ਜ਼ਿੰਦਗੀ ਵਿੱਚ ਕੁਝ ਐਸੀਆਂ ਘਟਨਾਵਾਂ ਵਾਪਰੀਆਂ ਹਨ ਜਿਨਾਂ ਮੈਨੂੰ ਹਲੂਣਿਆ। ਕੋਈ ਨਵੀਂ ਅੰਤਰ ਝਾਤ ਜਗਾਈ ਜਾਂ ਮੇਰੀ ਆਤਮਾ ਨੂੰ ਉਮਾਹਿਤ ਕੀਤਾ। ਕੁਝ ਐਸੇ ਵੱਡੇ ਮਨੁੱਖ ਆਏ ਜੋ ਮੇਰੀ ਬੁੱਧੀ ਦੀ ਹੀਣਤਾ ਤੋਂ ਸਾਹਿਬਨ ਮੈਨੂੰ ਵਾਕਫ ਕਰਾ ਗਏ, ਮੇਰੀ ਦੁਰਮਤ ਝਾੜ ਗਏ ਤੇ ਕਿਸੇ ਨਵੀਂ ਪ੍ਰੇਰਣਾ ਦੀ ਜਾਗ ਮੇਰੇ ਅੰਦਰ ਲਗਾ ਗਏ। ਐਸੇ ਮਨੁੱਖ ਜਰੂਰੀ ਨਹੀਂ ਕਿ ਕੋਈ ਮਸ਼ਹੂਰ ਵਿਅਕਤੀ ਹੀ ਹੋਣ ਪਰ ਉਹਨਾਂ ਦੀਆਂ ਆਤਮਾਵਾਂ ਪਾਸ ਕੋਈ ਐਸੀ ਪਿਆਰੀ ਰਾਸ ਮੌਜੂਦ ਹੁੰਦੀ ਹੈ ਜੋ ਆਪਣੀ ਮੋਹਰ ਸਰੋਤੇ ਦੀ ਚੇਤਨਾ ਉੱਪਰ ਸਹਿਵਨ ਹੀ ਚੇਪ ਜਾਂਦੀ ਹੈ। ਐਸੀਆਂ ਵਾਰਤਾਵਾਂ ਦਾ ਲਘੂ ਆਕਾਰ ਕਿਸੇ ਵੱਡੇ ਸੱਚ ਨੂੰ ਆਪਣੇ ਅੰਦਰ ਸਮੋਈ ਬੈਠਾ ਹੁੰਦਾ ਹੈ। ਕਦੇ ਕਦੇ ਤਾਂ ਐਸਾ ਵੀ ਹੋ ਸਕਦਾ ਹੈ ਕਿ ਐਸੀ ਛਾਪ

ਕੋਈ ਪੰਛੀ ਜਾਂ ਕੋਈ ਫੁੱਲ ਬੂਟਾ ਵੀ ਵੰਡ ਜਾਂਦਾ ਹੈ।"4

ਇਹ ਅਨੁਗਾਥਾ ਜਾਂ ਲਘੂ ਕਥਾ ਰੂਪ ਤੇ ਆਕਾਰ ਵਜੋਂ ਆਧੁਨਿਕ ਪੰਜਾਬੀ ਮਿੰਨੀ ਕਹਾਣੀ ਦੀ ਵਿਧਾ ਨਾਲ ਮੇਲ ਖਾਂਦੀ ਹੈ ਪਰ ਇਹ ਜੀਵਨ ਦੀ ਅਸਲ ਝਾਕੀ ਹੋਣ ਸਦਕਾ ਮਿੰਨੀ ਕਹਾਣੀ ਨਾਲੋਂ ਵਧੇਰੇ ਸਜੀਵ ਤੇ ਸੁਜਿੰਦ ਹੈ। ਮਿੰਨੀ ਕਹਾਣੀ ਤੇ ਅਨੁਗਾਥਾ ਵਿੱਚ ਵੱਡਾ ਫਰਕ ਇਹ ਹੈ ਕਿ ਮਿੰਨੀ ਕਹਾਣੀ ਜੀਵਨ ਦੇ ਕਿਸੇ ਪਿਛਾਂਹ ਖਿੱਚੂ ਜਾਂ ਘਿਰਣਤ ਮੁਲ/ਆਦਤ/ਬਿਰਤੀ ਪ੍ਰਤੀ ਤਿਖਾ ਵਿਅੰਗ ਸਿਰਜ ਕੇ ਉਸ ਦੀ ਉਪਯੋਗਿਕਤਾ ਨੂੰ ਅਪ੍ਰਸੰਗਿਕ ਬਣਾ ਦਿੰਦੀ ਹੈ ਉੱਥੇ ਅਨੁਗਾਥਾ ਸਾਖੀ ਰੂਪ ਵਿੱਚ ਹੋਣ ਸਦਕਾ ਜੀਵਨ ਦੇ ਕਿਸੇ ਸਾਕਾਰਾਤਮਕ ਮੁਲ ਜਾਂ ਕੀਮਤ ਨੂੰ ਬਿਆਨ ਕਰਦੀ ਹੋਈ ਬੜਾ ਹੀ ਰੌਚਕ ਤੇ ਸਮਝ ਪੂਰਨ ਪ੍ਰਭਾਵ ਪਾਠਕ ਉਪਰ ਛੱਡ ਜਾਂਦੀ ਹੈ। ਇੱਕ ਪਾਠਕ ਵਜੋਂ ਇਸ ਪੁਸਤਕ ਵਿੱਚ ਦਰਜ ਅਨੂਗਾਥਾਵਾਂ ਨੂੰ ਪੜ੍ਹਦਿਆਂ ਮੈਂ ਕਈ ਵਾਰ ਭਾਵੁਕ ਵੀ ਹੋਇਆ ਹਾਂ ਤੇ ਇਸ ਵਿੱਚਲੇ ਪਾਤਰ ਮੇਰੇ ਪ੍ਰੇਰਣਾ ਸਰੋਤ ਵੀ ਬਣੇ ਹਨ। ਜਿਵੇਂ ਇਸ ਪੁਸਤਕ ਵਿੱਚ ਦਰਜ ਅਨੁਗਾਥਾ 'ਸੰਤੋਖ' ਦਾ ਪਾਤਰ ਬਲੋਚ ਲੇਖਕ ਦੇ ਪਿਤਾ ਜੀ ਦੀ ਪ੍ਰੇਰਨਾ ਦਾ ਸਰੋਤ ਵੀ ਬਣਦਾ ਹੈ। ਇਹ ਅਨੁਗਾਥਾ ਇੱਕ ਝਗੜੇ ਵਿੱਚ ਪਈ ਕਾਰ ਨਾਲ ਸੰਬੰਧਿਤ ਹੈ। ਅਦਾਲਤ ਵਿੱਚ ਕੇਸ ਹੋਣ ਕਾਰਨ ਇਹ ਕਾਰ ਸਾਲਾਂ ਬੱਧੀ ਇੱਕ ਖੋਲੇ ਵਿੱਚ ਖੜੀ ਹੋਣ ਕਾਰਨ ਕੂੜੇ ਵਿੱਚ ਦੱਬ ਜਾਂਦੀ ਹੈ। ਇੱਕ ਦਿਨ ਫੈਸਲਾ ਲੇਖਕ ਦੇ ਪਿਤਾ ਦੇ ਹੱਕ ਵਿੱਚ ਆ ਜਾਂਦਾ ਹੈ ਤਾਂ ਉਹ ਆਪਣੇ ਗਵਾਂਢ ਇੱਕ ਝੁੱਗੀ ਵਿੱਚ ਰਹਿੰਦੇ ਇੱਕ ਬਲੋਚ ਨੂੰ ਉਸ ਕਾਰ ਨੂੰ ਕੂੜੇ ਵਿੱਚੋਂ ਕੱਢ ਕੇ ਲਿਆਉਣ ਦੇ ਮੇਹਨਤਾਨੇ ਵਜੋਂ ਤਿੰਨ ਰੁਪਏ ਦਿੰਦਾ ਹੈ। ਹੁਣ ਕਾਰ ਦੀ ਅੰਦਰੋਂ ਸਫਾਈ ਵੀ ਜਰੂਰੀ ਸੀ। ਇਸ ਲਈ ਕਾਰ ਨੂੰ ਅੰਦਰੋਂ ਸਾਫ ਕਰਨ ਦਾ ਮਿਹਨਤਾਨਾ ਲੇਖਕ ਦੇ ਪਿਤਾ ਨੇ ਉਸ ਬਲੋਚ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ, "ਤਿੰਨ ਰੁਪਏ ਤਾਂ ਤੁਸੀਂ ਪਹਿਲਾਂ ਹੀ ਦੇ ਦਿੱਤੇ ਹਨ ਜੋ ਮੇਰੀਆਂ ਅੱਜ ਦੀਆਂ ਲੋੜਾਂ ਲਈ ਕਾਫੀ ਹਨ।"5 ਤੇ ਉਸ ਨੇ ਕਾਰ ਦੀ ਅੰਦਰ ਵਾਰ ਸਫਾਈ ਵੀ ਉਹਨਾਂ ਤਿੰਨ ਰੁਪਇਆ ਵਿੱਚ ਹੀ ਕਰ ਦਿੱਤੀ। ਲੇਖਕ ਦਾ ਪਿਤਾ ਉਸ ਬਲੋਚ ਦੇ ਇਸ ਸਬਰ ਸੰਤੋਖ ਵਾਲੇ ਜੀਵਨ ਤੋਂ ਬਹੁਤ ਪ੍ਰਭਾਵਿਤ ਹੋਇਆ। ਵਿਰੋਧੀ ਧਿਰ ਅਗਲੇ ਹੀ ਦਿਨ ਉੱਪਰਲੀ ਅਦਾਲਤ ਵਿੱਚ ਫੈਸਲੇ ਦੇ ਵਿਰੁੱਧ ਅਪੀਲ ਕਰ ਦਿੰਦੀ ਹੈ ਤੇ ਕਾਰ ਦੀ ਮਾਲਕੀ ਫਿਰ ਝਗੜੇ ਵਿੱਚ ਪੈ ਜਾਂਦੀ ਹੈ। ਲੇਖਕ ਦੇ ਪਿਤਾ ਨੇ ਸੋਚਿਆ ਕਿ ਜੇ ਇਹ ਇੱਕ ਸਧਾਰਨ ਕਿਸਮ ਦਾ ਬਲੋਚ ਇੰਨੇ ਸਬਰ ਸੰਤੋਖ ਵਾਲਾ ਹੋ ਸਕਦਾ ਹੈ ਤਾਂ ਮੈਂ ਕਿਉਂ ਨਹੀਂ ਹੋ ਸਕਦਾ। ਉਸ ਬਲੋਚ ਤੋਂ ਪ੍ਰਭਾਵਿਤ ਹੁੰਦਿਆਂ ਅਗਲੇ ਹੀ ਦਿਨ ਲੇਖਕ ਦਾ ਪਿਤਾ ਅਦਾਲਤ ਵਿੱਚ ਜਾ ਕੇ ਇਹ ਬਿਆਨ ਦੇ ਦਿੰਦਾ ਹੈ ਕਿ ਉਸਨੇ ਅੱਜ ਤੋਂ ਇਸ ਕਾਰ ਦੀ ਮਾਲਕੀ ਛੱਡ ਦਿੱਤੀ ਹੈ।

ਇਸ ਤਰ੍ਹਾਂ ਕਿਰਤ ਨੂੰ ਪਰਣਾਏ, ਸਬਰ ਸੰਤੋਖ ਨੂੰ ਪਰਣਾਏ ਇਮਾਨਦਾਰ ਸੱਚੇ ਸੁੱਚੇ ਆਦਰਸ਼ ਮਨੁੱਖ ਇਹਨਾਂ ਅਨੁਗਾਥਾਵਾਂ ਦੇ ਪਾਤਰ ਬਣਦੇ ਦੇਖੇ ਜਾ ਸਕਦੇ ਹਨ। ਇਹ ਮਹਿਜ਼ ਕਲਪਿਤ ਪਾਤਰ ਨਹੀਂ ਹਨ ਉਸ ਸਮੇਂ ਦੇ ਜਿਉਂਦੇ ਜਾਗਦੇ ਇਨਸਾਨ ਹਨ ਜਿਨਾਂ ਨੇ ਸੱਚ ਸੁਚਮ ਤੇ ਇਮਾਨਦਾਰੀ ਦਾ ਪੱਲਾ ਫੜ ਕੇ ਵੀ ਇਸ ਜੀਵਨ ਨੂੰ ਸਫਲਤਾ ਪੂਰਵਕ ਜਿਉ ਕੇ ਵਿਖਾਇਆ। ਅਨੂਗਾਥਾ ਦੀ ਇਸ ਵਿਧਾ ਨੂੰ ਪਰਿਭਾਸ਼ਿਤ ਕਰਦਿਆਂ ਡਾ. ਜਸਵੰਤ ਸਿੰਘ ਨੇਕੀ ਲਿਖਦੇ ਹਨ, "ਐਸੀਆਂ ਲਘੂ ਵਾਰਤਾਵਾਂ ਆਮ ਤੌਰ ਤੇ ਇੱਕ ਬਚਨੀ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ ਪਰ ਹਰੇਕ ਇੱਕ ਬਚਨੀ ਲਘੂ ਵਾਰਤਾ ਨਹੀਂ ਬਣ ਸਕਦੀ। ਐਸੀਆਂ ਅਨੂਗਾਥਾਵਾਂ ਦੇ ਬੋਲ ਸਧਾਰਨ ਜ਼ਿੰਦਗੀ ਵਿੱਚੋਂ ਉਭਰਦੇ ਹਨ। ਇਹ ਨਿੱਕੀਆਂ ਕਹਾਣੀਆਂ ਵਰਗੀਆਂ ਨਹੀਂ ਹੁੰਦੀਆਂ ਕਿਉਂਕਿ ਇਹ ਮਨੋਕਲਪਤ ਗਲਪ ਨਹੀਂ ਹੁੰਦੀਆਂ। ਇਹ ਜਿਉਂਦੀਆਂ ਆਤਮਾਵਾਂ ਦੀ ਮਿਹਰਾਮਤ ਹੁੰਦੀਆਂ ਹਨ। ਜਰੂਰੀ ਨਹੀਂ ਕਿ ਇਹਨਾਂ ਦਾ ਮੰਤਵ ਕਿਸੇ ਦਾ ਸੁਧਾਰ ਕਰਨਾ ਹੋਵੇ। ਇਹ ਸਧਾਰਨ ਜੀਵਨ ਦੀ ਸਧਾਰਨ ਤੌਰ ਤੇ ਵਾਪਰੀ ਹੋਈ ਕੋਈ ਵਾਰਤਾ ਵੀ ਹੋ ਸਕਦੀ ਹੈ ਜੋ ਸਰੋਤੇ ਦੀ ਚੇਤਨਾ ਵਿੱਚ ਘਰ ਪਾ ਗਈ ਹੋਵੇ ਤੇ ਫਿਰ ਥੋੜੇ ਕੀਤੇ ਉਸਦੀ ਚੇਤਨਾ ਵਿੱਚੋਂ ਅਲੋਪ ਨਾ ਹੋ ਸਕੇ।"

ਅੱਜ ਦੇ ਦੌਰ ਦੇ ਇਨਸਾਨ ਅੱਗੇ ਇਹਨਾਂ ਅਨੁਗਾਥਾਵਾਂ ਦੇ ਇਹ ਪਾਤਰ ਐਸੇ ਆਦਰਸ਼ ਬਣ ਕੇ ਖੜੋਤੇ ਹਨ ਜਿਨਾਂ ਦੀ ਅੱਖ ਨਾਲ ਅੱਖ ਮਿਲਾਉਣ ਦਾ ਅੱਜ ਦੇ ਮਨੁੱਖ ਵਿੱਚ ਤਾਂ ਸਾਹਸ ਭੋਰਾ ਵੀ ਨਹੀਂ ਹੈ। ਸੱਚ ਮੁੱਚ ਅਜਿਹੇ ਇਨਸਾਨਾਂ ਨੂੰ ਦੇਖਦਿਆਂ ਪੜ੍ਹਦਿਆਂ ਦੁਰਮਤ ਦੂਰ ਹੋ ਜਾਂਦੀ ਹੈ। ਗੁਰੂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਸਲੋਕ :

ਜਿਨਾ ਦਿਸੰਦੜਿਆਂ ਦੁਰਮਤ ਵੰਞੇ
ਮਿੱਤਰ ਅਸਾਡੜੇ ਸੇਈ

ਇਹਨਾਂ ਵਾਰਤਕ ਲਿਖਤਾਂ ਵਿੱਚੋਂ ਹੂਬਹੂ ਝਲਕਦਾ ਵਿਖਾਈ ਦਿੰਦਾ ਹੈ। ਜੀਵਨ ਦੇ ਅਸਲ ਸੱਚ ਨੂੰ ਸਾਕਾਰ ਕਰਦੀ ਇਹ ਵਾਰਤਕ ਪੁਸਤਕ ਆਪਣੇ ਆਪ ਵਿੱਚ ਇੱਕ ਮਹਾਨ

ਪੁਸਤਕ ਤਾਂ ਹੈ ਹੀ ਨਾਲ ਦੀ ਨਾਲ ਅਨੁਗਾਥਾ ਦੀ ਵਿਧਾ ਨੂੰ ਸਿਰਜਤ ਤੇ ਸਥਾਪਿਤ ਕਰਨ ਦਾ ਇਹ ਇੱਕ ਨਵੇਕਲਾ ਉਪਰਾਲਾ ਵੀ ਬਣਦੀ ਹੈ।

ਉਪਰੋਕਤ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਡਾ.ਜਸਵੰਤ ਸਿੰਘ ਨੇਕੀ ਸਿੱਖ ਨਵ-ਜਾਗਰਨ ਦੇ ਅਜੇਹੇ ਵਾਰਤਕਕਾਰ, ਸਿਧਾਂਤਕਾਰ, ਵਿਆਖਿਆਕਾਰ, ਵਿਧਾਨਕਾਰ ਤੇ ਵਿਧਾਕਾਰ ਹੋਏ ਹਨ ਜਿਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਗੁਰਮਤ ਵਿਚਾਰਧਾਰਾ ਦੇ ਪ੍ਰਚਾਰ ਤੇ ਪਸਾਰ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ। ਗੁਰਮਤ ਦੇ ਗਹਿਰ ਗੰਭੀਰ ਸਿਧਾਂਤਕ ਮਸਲਿਆਂ ਨੂੰ, ਇੱਕ ਸਿੱਖ ਦੀ ਜੀਵਨ ਜੁਗਤ ਨੂੰ, ਸਿੱਖ ਧਰਮ ਦੀ ਸਾਂਝੀਵਾਲਤਾ ਦੀ ਖ਼ੂਬਸੂਰਤ ਤਸਵੀਰ ਨੂੰ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਨੇ ਬੜੇ ਮਾਰਮਿਕ ਅੰਦਾਜ਼ ਵਿੱਚ ਉਭਾਰਿਆ ਹੈ। ਸਿੱਖ ਚਿੰਤਨ ਨੂੰ, ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਉਹਨਾਂ ਦਾ ਇਹ ਯੋਗਦਾਨ ਲਾਸਾਨੀ ਹੈ।

ਹਵਾਲੇ ਤੇ ਟਿੱਪਣੀਆਂ


1) ਜਸਵੰਤ ਸਿੰਘ ਨੇਕੀ (ਡਾ.) ਅਰਦਾਸ ਦਰਸ਼ਨ ਰੂਪ ਤੇ ਅਭਿਆਸ, ਪੰਨਾ: 11

2) ਜਸਵੰਤ ਸਿੰਘ ਨੇਕੀ (ਡਾ.) ਗੁਰਮਤ ਦਾ ਮਨੋਵਿਗਿਆਨ, ਪੰਨਾ 18

3) ਜਸਵੰਤ ਸਿੰਘ ਨੇਕੀ (ਡਾ.) ਜਿਨਾਂ ਦੇ ਸੰਦੜਿਆਂ ਦੁਰਮਤ ਵੰਞੇ, ਪੰਨਾ ; 12

4) ਉਹੀ, ਪੰਨਾ: 12

5) ਉਹੀ, ਪੰਨਾ: 32


## ਵਰਣਾਂ ਦੇ ਵਣਜਾਰੇ

ਸਹਿਜ ਤੋਰ ਤੁਰਦੇ ਪੰਜਾਬੀ ਕਵੀ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਦੀ ਗਿਆਰਵੀਂ ਪੁਸਤਕ ਅੱਜ ਮਿਲੀ ਹੈ। ਇਸ ਵਿੱਚ ਲਿਖੇ ਅਠਾਰਾਂ ਰੇਖਾ ਚਿੱਤਰ ਤੈ ਡਾ. ਤੇਜਾ ਸਿੰਘ ਤਿਲਕ ਦਾ ਮੁੱਖ ਬੰਦ ਤੈ ਦਰਸ਼ਨ ਬੁੱਟਰ ਦੀ ਪਿੱਠ ਟਿਪਣੀ ਪੁਸਤਕ ਦੀ ਸ਼ਾਨ ਹੈ। ਪ੍ਰੀਤ ਪਬਲੀਕੇਸ਼ਨ ਨਾਭਾ ਦਾ ਸੰਚਾਲਕ ਤੇ ਪੰਜਾਬੀ ਕਵੀ ਸੁਰਿੰਦਰ ਜੀਤ ਚੌਹਾਨ ਇਸ ਪੁਸਤਕ ਬਾਰੇ ਲਿਖਦਾ ਹੈ ਕਿ ਪ੍ਰੋ. ਰਵਿੱਦਰ ਭੱਠਲ ਜੀ ਸਾਹਿਤ ਜਗਤ ਨੂੰ ਪ੍ਰਣਾਈ ਰੂਹ ਹਨ ਅਤੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਹਨ। ਸਾਲ 1975 ਵਿਚ "ਕਾਲੇ ਕੋਹਾਂ ਤੋਂ ਪਰ੍ਹੇ" ਕਾਵਿ ਸੰਗ੍ਰਹਿ ਨਾਲ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰ ਸਾਲ ਦਰ ਸਾਲ 11 ਮੌਲਿਕ ਕਾਵਿ ਪੁਸਤਕਾਂ ਤੋਂ ਇਲਾਵਾ 8 ਸੰਪਾਦਿਤ ਅਤੇ 4 ਅਨੁਵਾਦ ਪੁਸਤਕਾਂ ਸਾਹਿਤ ਦੀ ਝੋਲੀ ਪਾਉਣ ਉਪਰੰਤ ਆਪਣੀ ਅਗਲੇਰੀ ਕਿਰਤ "ਵਰਣਾਂ ਦੇ ਵਣਜਾਰੇ" ਲੈ ਕੇ ਹਾਜ਼ਰ ਹੋਣ ਜਾ ਰਹੇ ਹਨ, ਜਿਸ ਵਿੱਚ ਉਨ੍ਹਾਂ ਆਪਣੇ ਸਮਕਾਲੀ, ਆਪਣੇ ਆਪਣੇ ਖ਼ੇਤੇ ਵਿੱਚ ਆਪਣੀਆਂ ਸਾਹਿਤਕ ਕਿਰਤਾਂ ਰਾਹੀਂ ਨਾਮਣਾ ਖੱਟਣ ਵਾਲੇ ਮੀਲ ਪੱਥਰ ਬਣੇ ਕੁਝ ਵੱਡੇ ਕਲਮਕਾਰਾਂ ਦੇ ਕਾਵਿ ਚਿੱਤਰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿੱਚ 18 ਸ਼ਖ਼ਸੀਅਤਾਂ ਸ਼ਾਮਲ ਹਨ। ਕ੍ਰਮਵਾਰ ਜੇ ਨਾਮ ਲਿਖੇ ਜਾਣ ਤਾਂ ਮਨਮੋਹਨ ਬਾਵਾ, ਮੋਹਨ ਕਾਹਲੋਂ, ਜਰਨੈਲ ਸੇਖਾ, ਗੁਰਭਜਨ ਗਿੱਲ, ਜੰਗ ਬਹਾਦਰ ਗੋਇਲ, ਨਿਰੰਜਨ ਤਸਨੀਮ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਜਸਵੀਰ ਭੁੱਲਰ, ਜਗੀਰ ਸਿੰਘ ਜਗਤਾਰ, ਜੋਗਾ ਸਿੰਘ, ਪ੍ਰੀਤਮ ਸਿੰਘ ਰਾਹੀ, ਤੇਜਵੰਤ ਮਾਨ, ਬਸੰਤ ਕੁਮਾਰ ਰਤਨ, ਸਾਧੂ ਸਿੰਘ ਬੇਦਿਲ, ਰਮਾ ਰਤਨ, ਪ੍ਰੋ. ਰਾਜਪਾਲ ਸਿੰਘ ਤੇ ਪ੍ਰੀਤਮ ਸਿੰਘ ਰਸੀਆ ਸ਼ਾਮਲ ਹਨ। ਇਹ ਇਕ ਵੱਡਾ ਉੱਦਮ ਹੈ। ਸੋ ਆਓ, ਇਸ ਕਿਰਤ ਦਾ ਸਵਾਗਤ ਕਰੀਏ। ਪ੍ਰੀਤ ਪਬਲੀਕੇਸ਼ਨ ਨਾਭਾ ਦੀ ਸਮੁੱਚੀ ਟੀਮ ਵੱਲੋਂ ਇਸ ਪੁਸਤਕ ਨੂੰ ਨਿੱਘੀ ਜੀ ਆਇਆਂ ਨੂੰ, ਪੁਸਤਕ ਪਾਠਕਾਂ ਦੇ ਸਨਮੁੱਖ ਹਾਜ਼ਰ ਹੈ।




ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਲਈ ਪ੍ਰੋ. ਰਵਿੰਦਰ ਭੱਠਲ ਨੂੰ ਮੁਬਾਰਕ ਦਿੰਦਾ ਹਾਂ। ਇਹ ਪੁਸਤਕ ਉਨ੍ਹਾਂ ਆਪਣੀ ਧੀ ਇਬਨਾ ਦੀ ਪਲੇਠੀ ਧੀ ਅੰਬਰੀਨ ਗੁਰਾਇਆ ਨੂੰ ਸਮਰਪਿਤ ਕੀਤੀ ਹੈ। ਪਰਸੋਂ ਪਟਿਆਲੇ ਉਸ ਨੂੰ ਹੀ ਪਹਿਲੀ ਕਾਪੀ ਭੇਂਟ ਕੀਤੀ ਗਈ।

- ਪ੍ਰੋ. ਗੁਰਭਜਨ ਗਿੱਲ

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

ਜਦੋਂ ਅਸੀਂ ਮਿੰਨੀ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਹਮੇਸ਼ਾ ਕਿਹਾ ਜਾਂਦਾ ਹੈ ਕਿ ਰਚਨਾ ਮਿੰਨੀ ਵੀ ਹੋਵੇ ਤੇ ਉਸ ਵਿਚ ਕਹਾਣੀ ਵੀ ਜ਼ਰੂਰ ਹੋਵੇ। ਕਈ ਮਿੰਨੀ ਕਹਾਣੀਆਂ ਨੂੰ ਲੇਖਕ ਮਿੰਨੀ ਕਰਦੇ ਹੋਏ ਇਸ ਪੱਧਰ 'ਤੇ ਲੈ ਜਾਂਦੇ ਹਨ ਕਿ ਕਈ ਵਾਰ ਉਹ ਮਹਿਜ਼ ਇਕ ਦਾਰਸ਼ਨਿਕ ਉਕਤੀ ਜਾਂ ਲਤੀਫ਼ਾ ਬਣ ਕੇ ਰਹਿ ਜਾਂਦੀਆਂ ਹਨ। ਬਿਲਕੁੱਲ ਇਸੇ ਤਰਾਂ ਕਈ ਵਾਰੀ ਵਿਸਥਾਰ ਏਨਾ ਜ਼ਿਆਦਾ ਤੇ ਬੇਲੋੜਾ ਹੋ ਜਾਂਦਾ ਹੈ ਕਿ ਉਹ ਨਿੱਕੀ ਹੁਨਰੀ ਕਹਾਣੀ ਦੇ ਨੇੜੇ ਜਾ ਖੜ੍ਹਦੀ ਹੈ ਪਰ ਕਈ ਰਚਨਾਵਾਂ ਵਿਚ ਇਹ ਅਖਰਦਾ ਵੀ ਨਹੀਂ। ਇਸ ਕਰਕੇ ਕਈ ਮਿੰਨੀ ਕਹਾਣੀਆਂ 1000-1200 ਸ਼ਬਦਾਂ ਤੱਕ ਵੀ ਪਹੁੰਚ ਜਾਂਦੀਆ ਹਨ। ਅਕਾਰ ਘਟਨਾ ਦੀ ਪੇਸ਼ਕਾਰੀ ਅਤੇ ਲੇਖਕ ਦੀ ਸਮਰੱਥਾ ਤੇ ਨਿਰਭਰ ਕਰਦਾ ਹੈ। ਸੰਖੇਪਤਾ, ਸੰਜਮਤਾ, ਗੁੱਝੀ ਰਮਜ਼, ਅਣਕਿਹਾ, ਘਟਨਾ ਦੀ ਚੋਣ ਆਦਿ ਮਿੰਨੀ ਕਹਾਣੀ ਦੇ ਵਿਸ਼ੇਸ਼ ਗੁਣ ਹਨ। ਮਿੰਨੀ ਕਹਾਣੀ ਦੀਆਂ ਕਈ ਵਰਕਸ਼ਾਪਾਂ ਤੋਂ ਇਹ ਗੱਲ ਜ਼ਹਿਨ ਵਿਚ ਬੈਠੀ ਹੈ ਕਿ ਜਦੋਂ ਕਿਸੇ ਰਚਨਾ ਵਿਚ ਘਟਨਾ ਦਾ ਸਮਾਂ ਅੰਤਰਾਲ ਜਿਆਦਾ ਹੋ ਜਾਂਦਾ ਹੈ ਤਾਂ ਉਹ ਆਪਣੇ ਤੀਖਣ ਪ੍ਰਭਾਵ ਅਤੇ ਮਿੰਨੀ ਕਹਾਣੀ ਦੇ ਚੌਖਟੇ ਤੋਂ ਵੀ ਬਾਹਰ ਹੋ ਜਾਂਦੀ ਹੈ। ਇਸਨੂੰ 'ਕਾਲ ਦੋਸ਼' ਵੀ ਕਿਹਾ ਜਾਂਦਾ ਹੈ। ਇਹ ਹੀ ਹੈ ਜਿਹੜਾ ਮਿੰਨੀ ਕਹਾਣੀ ਨੂੰ ਦੂਜੀਆਂ ਵਿਧਾਵਾਂ ਤੋਂ ਵੱਖ ਕਰਦਾ । ਕਈ ਰਚਨਾਵਾਂ ਵਿਚ ਅਸੀਂ ਪਿੱਛਲਝਾਤ ਵਿਧੀ ਰਾਹੀਂ ਇਸਨੂੰ ਦੂਰ ਕਰ ਸਕਦੇ ਹਾਂ, ਫੇਰ ਵੀ ਇਸਦਾ ਇਹ ਮਤਲਬ ਕੱਤਈ ਨਹੀਂ ਹੁੰਦਾ ਕਿ ਉਸ ਵਿਚ ਬਹੁਤੀਆਂ ਘਟਨਾਵਾਂ ਦੀ ਭਰਮਾਰ ਹੋਵੇ।

ਪੇਸ਼ਕਸ਼-ਜਗਦੀਸ਼ ਰਾਏ ਕੁਲਰੀਆਂ

### ਮੋਢਾ / ਜਸਬੀਰ ਢੰਡ

ਐਂਬੂਲੈਂਸ ਵਿਚੋਂ ਕੱਢ ਕੇ ਪਾਪਾ ਦੀ ਮ੍ਰਿਤਕ ਦੇਹ ਘਰ ਦੇ ਵਿਹੜੇ ਵਿਚ ਰੱਖ ਦਿੱਤੀ ਗਈ ਹੈ। ਰੋਣ-ਕੁਰਲਾਹਟ ਮੱਚਿਆ ਹੋਇਆ ਹੈ। ਸਾਨੂੰ ਚਾਰਾਂ ਭੈਣਾਂ ਅਤੇ ਮੰਮੀ ਨੂੰ ਰਿਸ਼ੇਤਦਾਰ ਔਰਤਾਂ ਚੁੱਪ ਕਰਾਉਣ ਦਾ ਯਤਨ ਕਰ ਰਹੀਆਂ ਹਨ। ਸਾਰਿਆਂ ਤੋਂ ਪਹਿਲਾਂ ਮੈਂ, ਜੋ ਸਾਰੀਆਂ ਭੈਣਾਂ 'ਚੋਂ ਛੋਟੀ ਹਾਂ, ਚੁੱਪ ਕਰ ਜਾਂਦੀ ਹਾਂ।

ਆਪਣੇ ਹੰਝੂ ਪੂੰਝ ਕੇ ਮੰਮੀ ਤੇ ਵੱਡੀਆਂ ਤਿੰਨਾਂ ਨੂੰ ਚੁੱਪ ਕਰਾਣ ਦਾ ਯਤਨ ਕਰਦੀ ਹਾਂ।

ਪਤਾ ਨਹੀਂ ਕਿਉਂ ਮੈਂ ਸ਼ੁਰੂ ਤੋਂ ਹੀ ਟੱਬਰ ਵਿਚੋਂ ਵੱਖਰੀ ਹਾਂ। ਸ਼ਾਇਦ ਇਸ ਲਈ ਕਿ ਜਦੋਂ ਮੈਂ ਸੁਰਤ ਸੰਭਾਲੀ ਤਾਂ ਇਕ ਦਿਨ ਪਾਪਾ ਦਾਰੂ ਪੀ ਕੇ ਮੰਮੀ ਨੂੰ ਕੁੱਟਣ ਲੱਗ ਪਏ ਸਨ। ਵੱਡੀਆਂ ਤਾਂ ਦੂਰ ਸ਼ਹਿਰਾਂ ਵਿਚ ਹੋਸਟਲਾਂ ਵਿਚ ਰਹਿੰਦੀਆਂ ਸਨ ਤੇ ਕਦੇ ਕਦਾਈ ਹੀ ਉਨ੍ਹਾਂ ਦਾ ਗੇੜਾ ਵਜਦਾ। ਮੈਂ ਹੀ ਮੰਮੀ ਨੂੰ ਚੁੱਪ ਕਰਾਉਂਦੀ ਸਾਂ।

ਉਸ ਦਿਨ ਪਾਪਾ ਲੜਕੇ ਘਰੋਂ ਬਾਹਰ ਚਲੇ ਗਏ ਸਨ ਤਾਂ ਮੰਮੀ ਨੇ ਮੈਨੂੰ ਦੱਸਿਆ ਸੀ ਕਿ 'ਜਦੋਂ ਤੇਰਾ ਜਨਮ ਹੋਇਆ ਸੀ ਤਾਂ ਤੇਰੇ ਪਾਪਾ ਸਾਲ ਭਰ ਮੇਰੇ ਨਾਲ ਬੋਲੇ ਨਹੀਂ ਸਨ, ਨਾ ਕਦੀ ਉਨ੍ਹਾਂ ਤੈਨੂੰ ਗੋਦੀ ਚੁੱਕਿਆ ਸੀ।" ਉਸ ਦਿਨ ਤੋਂ ਮੇਰੇ ਮਨ ਵਿਚ ਇਕ ਗੰਢ ਜਿਹੀ ਬੱਝ ਗਈ ਸੀ।

ਭਲਾ ਮੰਮੀ ਦਾ ਤੇ ਮੇਰਾ ਇਸ ਵਿਚ ਕੀ ਦੋਸ਼ ਸੀ?

ਤੇ ਮੈਥੋਂ ਚਾਰ ਸਾਲ ਬਾਦ ਜਦੋਂ ਵੀਰੇ ਦਾ ਜਨਮ ਹੋਇਆ ਸੀ ਤਾਂ ਇਸ ਘਰ ਵਿਚ ਕਿਵੇਂ ਜਸ਼ਨ ਮਨਾਏ ਗਏ ਸਨ। ਕਿੰਨੇ ਦਿਨ ਪਾਪਾ ਨੇ ਸ਼ਰਾਬ ਦਾ ਲੰਗਰ ਲਾਈ ਰੱਖਿਆ ਸੀ।

ਜਣੇ-ਖਣੇ ਨੂੰ ਫੜ ਕੇ ਮੂਹਰਲੀ ਬੈਠਕ ਵਿਚ ਲਿਆ ਬਿਠਾਉਂਦੇ। ਦਾਰੂ ਦੀ ਪੇਟੀ ਬੈੱਡ ਥੱਲੇ ਪਈ ਰਹਿੰਦੀ।

'ਰੱਜ ਕੇ ਪੀ ਯਾਰ! ਇਸ ਘਰ ਦਾ ਵਾਰਸ ਪੈਦਾ ਹੋਇਆ ਏ! ਸਾਡੀ ਅਰਥੀ ਨੂੰ ਮੋਢਾ ਦੇਣ ਵਾਲਾ ਆ ਗਿਆ ਏ! ਚੀਅਰਜ਼!!' .... ਉਹ ਸ਼ਰਾਬ ਨਾਲ ਭਰੇ ਕੱਚ ਦੇ ਗਲਾਸ ਖੜਕਾਉਂਦੇ।

ਪਰ ਰੱਬ ਦੇ ਘਰ ਦਾ ਉਦੋਂ ਕੀ ਪਤਾ ਸੀ?

ਲਾਡਾਂ-ਪਿਆਰਾਂ ਨਾਲ ਪਾਲਿਆ ਪੁੱਤਰ ਮਸਾਂ ਨਕਲਾਂ-

ਨੁਕਲਾਂ ਮਾਰਕੇ ਦਸਵੀਂ ਵਿਚੋਂ ਪਾਸ ਹੋਇਆ। ਨਾ ਅਗਾਂਹ ਪੜ੍ਹਿਆ, ਨਾ ਕਿਸੇ ਕੰਮ ਕਾਰ ਲੱਗਾ।ਨਸ਼ੇ ਕਰਦਾ, ਲੜਾਈਆਂ ਸਹੇੜੀ ਰਖਦਾ। ਪੁਲਸ ... ਠਾਣੇ.... ਸਾਰੇ ਟੱਬਰ ਦੀ ਜਾਨ ਮੁੱਠ ਵਿਚ ਲਿਆਈ ਰੱਖਦਾ।

ਅਸੀਂ ਚਾਰੇ ਭੈਣਾਂ ਚੰਗੀ ਪੜ੍ਹਾਈ ਕਰਕੇ, ਚੰਗੀਆਂ ਪੋਸਟਾਂ ਤੇ ਲੱਗ ਕੇ, ਚੰਗੇ ਸਰਦੇ ਪੁੱਜਦੇ ਘਰੀਂ ਵਿਆਹੀਆਂ ਗਈਆਂ।

ਤੇ ਅੱਜ ਕਿੱਥੇ ਹੈ ਉਹ ਕੁਲ ਦਾ ਵਾਰਸ? ਬਾਪ ਦੀ ਅਰਥੀ ਨੂੰ ਮੋਢਾ ਦੇਣ ਤੋਂ ਪਹਿਲਾਂ ਹੀ ਚਿੜੀ ਪੂੰਝਾ ਛੁਡਾ ਕੇ ਤੁਰ ਗਿਆ ਅਗਲੇ ਜਹਾਨ।

ਮੰਮੀ ਦਾ ਵਿਰਲਾਪ ਝੱਲਿਆ ਨਹੀਂ ਜਾਂਦਾ....।

'ਅੱਜ ਕੌਣ ਤੇਰੀ ਅਰਥੀ ਨੂੰ ਮੋਢਾ ਦੇਵੇ ਵੇ ਮੇਰੇ ਸਿਰ ਦਿਆਂ ਸਾਈਆਂ? ਕੀਹਦੇ ਆਸਰੇ ਛੱਡ ਕੇ ਤੁਰ ਚੱਲਿਐਂ ਵੇ ਮੈਨੂੰ ਸਹੇੜਨ ਵਾਲਿਆ!!'

ਅਚਾਨਕ ਅਸੀਂ ਚਾਰੇ ਭੈਣਾਂ ਫੈਸਲਾ ਕਰ ਲੈਂਦੀਆਂ ਹਾਂ।

"ਰੋ ਨਾ ਮੰਮੀ!! ਅਸੀਂ ਦੇਵਾਂਗੀਆਂ ਮੋਢਾ ਆਪਣੇ ਬਾਬਲ ਦੀ ਅਰਥੀ ਨੂੰ ਅਸੀਂ ਜਿਉਂਦੀਆਂ ਜਾਗਦੀਆਂ ਬੈਠੀਆਂ ਤੈਨੂੰ ਸਾਂਭਣ ਵਾਲੀਆਂ!"

ਮੰਮੀ ਦੇ ਕੀਰਨੇ ਹੌਲੀ ਹੌਲੀ ਹਟਕੋਰਿਆਂ ਵਿਚ ਬਦਲ ਜਾਂਦੇ ਹਨ।ਅਸੀਂ ਚਾਰਾਂ ਭੈਣਾਂ ਨੇ ਅਰਥੀ ਦੇ ਚਾਰੇ ਪਾਸੇ ਮੱਲ ਲਏ ਹਨ।

ਸਾਰੀ ਮਜਲਸ ਵਿਚ ਬੜੇ ਜ਼ੋਰ ਦੀ ਘੁਸਰ-ਮੁਸਰ ਸ਼ੁਰੂ ਹੋ ਗਈ ਹੈ।

—o—

## ਮੱਕੜ ਜਾਲ / ਡਾ. ਨਾਇਬ ਸਿੰਘ ਮੰਡੇਰ

ਮੁੱਖ ਗਲੀ ਦੀ ਨੁੱਕਰ ਤੇ ਬਣੀ ਬੈਠਕ ਵਿੱਚ ਸਮਾਨ ਤੇ ਕਿਤਾਬਾਂ ਖਿਲਰੀਆਂ ਪਈਆਂ ਸਨ।ਟੁੱਟੀ ਹੋਈ ਮੇਜ ਤੇ ਕੁਰਸੀ ਨੂੰ ਢੋਅ ਲਾ ਕੇ ਬੈਠਾ ਰਾਮਦਾਸ ਮੱਥੇ ਤੇ ਆਏ ਮੁੜਕੇ ਨੂੰ ਟੁੱਟੇ ਹੋਏ ਦੀਵਾਨ ਦੀ ਸੀਟ ਨਾਲ ਪੂੰਝਦਾ ਹੋਇਆ ਬੋਲਿਆ "ਗਿਰਗਿਟ ਵੀ ਠੀਕ ਹੁੰਦੈ, ਥੋਡੇ ਨਾਲੋਂ ਤਾਂ ਲੋਕੋਂ, ਬੇਸਮਝ, ਅਕਲਹੀਣ।"

ਬਾਹਰੋ ਖੇਡ ਕੇ ਘਰ ਆਈ ਰਾਮਦਾਸ ਦੀ ਪੋਤੀ ਬਬਲੀ ਆਪਣੇ ਪਿਆਰੇ ਦਾਦੇ ਦੇ ਕਮਰੇ ਦਾ ਟੁੱਟਿਆ ਸਮਾਨ ਦੇਖ ਕੇ ਹੱਕੀ ਬੱਕੀ ਰਹਿ ਗਈ, "ਦਾਦਾ ਜੀ ਇਹ ਕੀ ਹੋ ਗਿਆ ? ਉਹ ਲੋਕ ਕੌਣ ਸੀ ਜਿਹੜੇ ਹੁਣੇ ਰੌਲਾ ਪਾਉਂਦੇ ਜਾਂਦੇ ਸੀ ?" ਬਬਲੀ ਨੇ ਆਪਣੇ ਬੇਬਸ ਦਾਦੇ ਨੂੰ ਕਈ ਸਵਾਲ ਕਰ ਦਿੱਤੇ।

"ਬੇਸਮਝ ਨੇ ਕਿਸੇ ਥਾਂ ਦੇ।" ਰਾਮਦਾਸ ਨੇ ਗੁੱਸੇ 'ਚ ਕਿਹਾ।

ਬਬਲੀ ਦੇ ਬਾਲਮਨ ਨੂੰ ਸਮਝ ਨਾ ਆਈ ਕਿ ਹਰ ਸਮੇਂ ਹੱਸਦਾ ਰਹਿਣ ਵਾਲਾ ਉਸਦਾ ਦਾਦਾ ਅੱਜ ਏਨਾਂ ਨਾਰਾਜ਼ ਤੇ ਦੁੱਖੀ ਕਿਉਂ ਹੈ।ਪੁੱਤਰਾਂ ਵਾਂਗ ਸੰਭਾਲਿਆ ਸਮਾਨ ਕੀਹਨੇ ਤੋੜਿਆ ਹੈ ? ਉਹ ਬਿਨਾਂ ਸੁਆਲ ਕੀਤਿਆਂ ਹੀ ਖਿੰਡੀਆ ਕਿਤਾਬਾਂ ਇਕੱਠੀਆਂ ਕਰਨ ਲੱਗ ਪਈ।

"ਮੈਂ ਕਿੰਨੇ ਵਾਰ ਕਿਹੈ, ਥੋਡੀਆਂ ਗੱਲਾਂ ਲੋਕਾਂ ਦੀ ਸਮਝ 'ਚ ਨਹੀ ਆਉਂਦੀਆਂ। ਦੁਨੀਆਂ ਤਾਂ ਹੁਣ ਹੱਲੀ ਪਈ ਐ। ਜਿਹੜਾ ਪਿੱਛੇ ਲਾ ਲੈਂਦੈ ਉਧਰ ਹੀ ਤੁਰ ਪੈਂਦੀ ਹੈ।" ਲਛਮੀ ਨੇ ਪਤੀ ਦੀ ਹਾਲਤ ਦੇਖ ਕੇ ਨਿਹੋਰਾ ਦਿੱਤਾ।

"ਮੋਟਾ ਦਿਮਾਗ ਐ ਏਨਾ ਦਾ।ਸੱਚ-ਝੂਠ ਦਾ ਪਤਾ ਕੀਤੇ ਬਿਨਾਂ ਹੀ ਕੋਹ-ਰਾਮ ਮਚਾ ਦਿੰਦੇ ਨੇ। ਰਾਮ ਸੁਮੱਤ ਬਖਸ਼ੇ ਇਨਾਂ ਨੂੰ।" ਰਾਮਦਾਸ ਨੇ ਬੜੀ ਹਲੀਮੀ ਨਾਲ ਕਿਹਾ।

"ਮੈਂ ਕਹਿਣੀ ਆਂ ਜਿਹੜੇ ਲੋਕ ਓਦਣ, ਥੋਡੀ ਹਾਂ 'ਚ ਹਾਂ ਮਿਲਾਉਂਦੇ ਸੀ।ਕਹਿੰਦੇ ਸੀ ਰਾਮਸੇਤੂ ਤਾਂ ਕੁਦਰਤੀ ਆਪਣੇ ਆਪ ਬਣਿਐ।ਅੱਜ ਭੜਕ ਕਿਵੇਂ ਗਏ ?"

ਉਦੋਂ ਲੋਕ ਕੱਲੇ ਸੀ, ਰੱਬ ਨੂੰ ਸੱਚੇ ਦਿਲੋਂ ਮਨਣ ਵਾਲੇ। ਅੱਜ ਏਨਾਂ ਨੂੰ ਕਿਸੇ ਨੇਤਾ ਨੇ ਪੱਟੀ ਪੜਾ ਦਿਤੀ ਹੋਣੀ, ਵੋਟਾਂ ਹੁੰਝਣ ਵਾਸਤੇ।" ਕਹਿੰਦਿਆ ਰਾਮਦਾਸ ਦੇ ਅੱਖਾਂ 'ਚ ਹੰਝੂ ਆ ਗਏ।

"ਤੁਸੀਂ ਕਿਉਂ ਮਨ ਹੌਲਾ ਕਰਦੇ ਓਂ ਜਿਹੜਾ ਮਰਦੈ, ਮਰਨ ਦਿਉ।" ਦੁਖੀ ਹੋਈ ਲੱਛਮੀ ਨੇ ਕਿਹਾ।

"ਲੱਛਮੀ, ਮੈਂ ਆਪਣੇ ਟੁੱਟੇ ਸਮਾਨ ਦਾ ਮਾਰਾ ਨਹੀਂ ਰੋਂਦਾ, ਮੈਨੂੰ ਤਾਂ ਇਹ ਦੁੱਖ ਹੈ ਕਿ ਅੰਧਵਿਸ਼ਵਾਸ ਤੇ ਨੇਤਾਵਾਂ ਦੇ ਝੂਠੇ ਮੱਕੜਜਾਲ ਚੋਂ ਬੇਚਾਰੀ ਦੁਨੀਆਂ ਕਦੋਂ ਨਿਕਲੂ ?" ਕਹਿਦਿੰਆ ਰਾਮਦਾਸ ਨੇ ਅੱਖਾਂ ਬੰਦ ਕਰ ਲਈਆਂ।

—o—

## ਥੋਹਰਾਂ ਦੇ ਸਿਰਨਾਵੇਂ / ਡਾ. ਬਲਦੇਵ ਸਿੰਘ ਖਹਿਰਾ

"ਦੇਖੋ ਬਾਪੂ ਜੀ! ਮੈਨੂੰ ਆਏ ਨੂੰ ਮਹੀਨਾ ਹੋ ਗਿਐ। ਸਾਰੇ ਅੰਗਾਂ-ਸਾਕਾਂ ਨੂੰ ਪੁੱਛ ਲਿਐ ..ਕੋਈ ਵੀ ਤੁਹਾਨੂੰ ਦੋਵਾਂ ਨੂੰ ਰੱਖਣ

ਲਈ ਤਿਆਰ ਨਹੀਂ..ਮੈਂ ਤੁਹਾਨੂੰ ਇਸ ਬਿਰਧ ਅਵਸਥਾ 'ਚ ਇਕੱਲੇ ਇਸ ਕੋਠੀ 'ਚ ਬਿਲਕੁਲ ਨਹੀਂ ਛੱਡ ਸਕਦਾ..ਤੁਸੀਂ ਆਪਣਾ ਲੁੱਕ-ਆਫਟਰ ਕਰ ਹੀ ਨਹੀਂ ਸਕਦੇ।"

ਮਾਤਾ ਪਿਤਾ ਨੂੰ ਖਾਮੋਸ਼ ਦੇਖ ਕੇ ਉਹ ਫਿਰ ਬੋਲਿਆ, "ਨਾਲੇ ਅਗਲੇ ਹਫਤੇ ਇਸ ਕੋਠੀ ਦਾ ਕਬਜਾ ਵੀ ਦੇਣੈ..ਮੈਂ ਸਾਰਾ ਬੰਦੋਬਸਤ ਕਰ ਲਿਐ ..ਓਲਡ-ਏਜ ਹੋਮ ਵਾਲੇ ਡੇਢ ਲੱਖ ਲੈਂਦੇ ਨੇ..ਬਾਕੀ ਸਾਰੀ ਉਮਰ ਦੀ ਦੇਖ ਭਾਲ ਉਹਨਾਂ ਦੇ ਜਿੰਮੇ।"

"ਪਰਮਿੰਦਰ ਅਸੀਂ ਆਪਣਾ ਘਰ ਛੱਡ ਕੇ ਕਿਤੇ ਨੀ ਜਾਣਾ। ਤੇਰੀ ਮਾਂ ਤਾਂ ਜਮਾ ਈ ਨੀ ਮੰਨਦੀ ਤੂੰ ਜਾਹ ਅਮਰੀਕਾ ਸਾਨੂੰ ਸਾਡੇ ਹਾਲ 'ਤੇ ਛੱਡ ਦੇ ਹਾਲੇ ਸਾਡਾ ਵਾਹਿਗੁਰੂ ਐ"

"ਮਾਂ! ਬਾਪੂ ਜੀ! ਤੁਸੀਂ ਬੱਚਿਆਂ ਵਾਂਗੂ ਜ਼ਿੱਦ ਕਿਉਂ ਫੜੀ ਬੈਠੇ ਓਂ? ਕੋਠੀ ਤਾਂ ਵਿਕ ਚੁੱਕੀ ਐ ਆਪਣੇ ਮਨ ਨੂੰ ਸਮਝਾਓ।" ਕਹਿੰਦਾ ਪਰਮਿੰਦਰ ਆਪਣੇ ਕਮਰੇ ਵਿਚ ਚਲਾ ਗਿਆ।ਉਸੇ ਰਾਤ ਬਾਪੂ ਜੀ ਅਕਾਲ ਚਲਾਨਾ ਕਰ ਗਏ।

ਤਿੰਨ ਦਿਨ ਬਾਦ ਬਾਪੂ ਜੀ ਦੇ ਫੁੱਲ ਕੀਰਤਪੁਰ ਸਾਹਿਬ ਪ੍ਰਵਾਹ ਕਰ ਕੇ ਮੁੜੇ ਤਾਂ ਰਿਸ਼ਤੇਦਾਰਾਂ ਨੇ ਪਰਮਿੰਦਰ ਨੂੰ ਦੱਸਿਆ, "ਮਾਂ ਜੀ ਕਿਸੇ ਨੂੰ ਪਛਾਣਦੇ ਈ ਨਹੀਂ ..ਬੱਸ ਵਿਹੜੇ 'ਚ ਬੈਠੇ ਕੋਠੀ ਵੱਲ ਈ ਦੇਖੀ ਜਾਂਦੇ ਨੇ..ਸ਼ਾਇਦ ਉਹ ਪਾਗਲਪਨ ਦੀ ਅਵਸਥਾ 'ਚ ਨੇ।"

"ਤਾਂ ਫਿਰ ਮਾਂ ਨੂੰ ਪਾਗਲਖਾਨੇ ਭਰਤੀ ਕਰਾ ਦਿੰਨੇ ਆਂ ..ਥੋਨੂੰ ਨੀ ਪਤਾ, ਇਕ ਇਕ ਦਿਨ ਦਾ ਮੇਰਾ ਕਿੰਨਾ ਨੁਕਸਾਨ ਹੋ ਰਿਹੈ ਪਿੱਛੇ ਆਪਣੇ ਪਰਿਵਾਰ ਦੀ ਕਿੰਨੀ ਵੱਡੀ ਜ਼ਿੰਮੇਵਾਰੀ ਐ ਮੇਰੇ ਸਿਰ 'ਤੇ।"

ਇਹ ਉਹਨਾਂ ਦੇ ਸਹਿਕ ਸਹਿਕ ਕੇ ਲਏ ਪੁੱਤ ਪਰਮਿੰਦਰ ਦੀ ਆਵਾਜ ਸੀ।

—o—

### ਇਤਰਾਜ਼ / ਡਾ. ਹਰਪ੍ਰੀਤ ਸਿੰਘ ਰਾਣਾ

ਇਕ ਦਫ਼ਤਰ ਦੀਆਂ ਤਿੰਨ ਚਾਰ ਔਰਤਾਂ ਕੁਲੀਗ ਲੰਚ ਟਾਈਮ ਵਿਚ ਗੱਲੀਂਬਾਤੀਂ ਰੁੱਝੀਆਂ ਹੋਈਆਂ ਸਨ। ਸਾਰੀਆਂ ਦੇ ਹੱਥਾਂ ਵਿਚ ਮਹਿੰਗੇ ਐਂਡਰੁਆਇਡ ਮੋਬਾਇਲ ਫੋਨ ਸਨ।

"ਵੇਖੋ ਬਈ! ਇਹ ਆਪਣਾ ਸ਼ਰਮਾ ਹੈ ਨਾ, ਦੇਖੋ ਮੈਨੂੰ ਫੇਸਬੁੱਕ 'ਤੇ ਪੁੱਠੇ -ਸਿੱਧੇ ਮੈਸੇਜ ਭੇਜਦਾ ਰਹਿੰਦੈ ..।" ਮਿਸਿਜ ਕੁਲਕਰਨੀ ਗੁੱਸੇ ਵਿਚ ਅੱਗ-ਬਬੂਲਾ ਹੋਈ ਆਪਣੇ ਇਕ ਮਰਦ ਕੁਲੀਗ ਬਾਰੇ ਕਹਿ ਰਹੀ ਸੀ।

"ਅੱਛਾ ਦੇਖਣ ਨੂੰ ਤਾਂ ਬੜਾ ਸਾਊ ਲੱਗਦਾ, ਪਰ ਅੰਦਰੋਂ ਤਾ ਬੜਾ ਬਦਮਾਸ਼ ਹੈ।" ਮਿਸਿਜ ਪਾਂਡੇ ਬੋਲੀ।

"ਹਾਏ ਨੀ ਹਾਏ ਕੀ-ਕੀ ਮੈਸੇਜ਼ ਭੇਜਦਾ ਉਹ ਪੱਠਾ, ਸਾਨੂੰ ਤਾਂ ਪੜ੍ਹਾ " ਮਿਸਿਜ਼ ਦੇਵਿਕਾ ਚੁਟਕੀ ਮਾਰਦਿਆਂ ਹੱਸਦਿਆ ਬੋਲੀ।

ਆਪਣੀ ਚੌਥੀ ਕੁਲੀਗ ਜੋ ਚੁੱਪ-ਚਾਪ ਸਭ ਕੁੱਝ ਸੁਣ ਰਹੀ ਸੀ, ਨੂੰ ਮਿਸਿਜ਼ ਪਾਂਡੇ ਬੋਲੀ, "ਕੀ ਗੱਲ ਮਿਸਿਜ਼ ਊਸ਼ਾ ਤੁਸੀ ਚੁੱਪ ਹੋ ? ਤੁਸੀਂ ਵੀ ਤਾਂ ਕੁਝ ਵਿਚਾਰ ਦਿਓ।"

ਬਾਕੀ ਸਾਰੀਆਂ ਮਿਸਿਜ ਊਸ਼ਾ ਵੱਲ ਸੁਆਲੀਆਂ ਨਜ਼ਰਾਂ ਨਾਲ ਤੱਕਣ ਲੱਗੀਆਂ।

"ਭੈਣੋ, ਬੁਰਾ ਨਾ ਮਨਾਈਓ ਤਾਂ ਸੱਚੀ ਗੱਲ ਦੱਸਾਂ?" ਮਿਸਿਜ਼ ਊਸ਼ਾ ਝਿਜਕਦੇ ਜਿਹੇ ਬੋਲੀ।

"ਹਾਂ ਹਾਂ ਆਪਣੇ ਵਿਚਾਰ ਦੱਸੋ।" ਮਿਸਿਜ਼ ਦੇਵਿਕਾ ਬੋਲੀ।

"ਮਿਸਿਜ਼ ਕੁਲਕਰਨੀ, ਸ਼ਰਮਾ ਤੁਹਾਨੂੰ ਕਿੰਨੇ ਚਿਰਾਂ ਤੋਂ ਮੈਸੇਜ ਭੇਜ ਰਿਹੈ?"

"ਇਹੀ ਕੋਈ ਦੋ-ਤਿੰਨ ਮਹੀਨੇ ਤੋਂ. . .।"

"ਤੁਸੀਂ ਵੀ ਅੱਗੋਂ ਮੈਸੇਜ਼ ਦੇ ਜਵਾਬ ਦਿੱਤੇ ਨੇ।"

"ਹਾਂ . . . ਹਾਂ, ਸ਼ੁਰੂ-ਸ਼ੁਰੂ ਵਿਚ, ਪਰ ਬਾਅਦ ਵਿਚ ਜਦੋਂ ਉਹ ਪੁੱਠੇ -ਸਿੱਧੇ ਮੈਸੇਜ਼ ਭੇਜਣ ਲੱਗ ਪਿਆ ਤਾਂ ਮੈਂ ਜਵਾਬ ਦੇਣਾ ਘੱਟ ਕਰ ਦਿੱਤੈ, ਕਦੇ-ਕਦੇ ਹੀ ਦੇਂਦੀ ਹਾਂ।"

"ਮਿਸਿਜ਼ ਕੁਲਕਰਨੀ, ਬੁਰਾ ਨਾ ਮਨਾਈਓ, ਫਿਰ ਤਾਂ ਲੱਗਦਾ ਤੁਹਾਨੂੰ ਵੀ ਉਸ ਦੇ ਮੈਸੇਜ਼ ਭੇਜਣ 'ਤੇ ਕੋਈ ਇਤਰਾਜ਼ ਨਹੀਂ ਹੈ।"

"ਕੀ ਮਤਲਬ?" ਮਿਸਿਜ਼ ਕੁਲਕਰਨੀ ਦੇ ਬੋਲਾਂ ਵਿਚ ਝੁੰਜਲਾਹਟ ਸੀ।

"ਜੇ ਤੁਹਾਨੂੰ ਇਤਰਾਜ਼ ਹੁੰਦਾ ਤਾਂ ਤੁਸੀਂ ਹੁਣ ਤੱਕ ਉਸ ਨੂੰ ਆਪਣੀ ਪ੍ਰੋਫਾਈਲ ਵਿਚੋਂ ਅਨਫਰੈਂਡ ਜਾਂ ਬਲੈਕ-ਲਿਸਟ ਕਿਉਂ ਨਹੀਂ ਕੀਤੈ।"

ਹੁਣ ਸਾਰੇ-ਪਾਸੇ ਚੁੱਪ ਜਿਹੀ ਪਸਰ ਗਈ।

—o—

## ਫਰੀਜ਼/ ਮੰਗਤ ਕੁਲਜਿੰਦ

ਚਾਲੀ ਸਾਲਾਂ ਦੀ ਉਮਰ ਤੋਂ ਉੱਪਰ ਹੋ ਚੁੱਕੀ ਸੈਲਜ਼ਾ ਅੱਜ ਆਪਣੇ ਨਵ-ਜੰਮੇ ਬੱਚੇ ਨੂੰ ਦੁੱਧ ਚੁੰਘਾ ਰਹੀ ਸੀ ਪਰ ਉਹਨੂੰ ਉਹ ਉਤੇਜਨਾ ਮਹਿਸੂਸਸ ਨਹੀਂ ਸੀ ਹੋ ਰਹੀ ਜੋ ਉਸਨੇ ਕਿਤਾਬਾਂ 'ਚੋਂ ਪੜ੍ਹੀ ਸੀ ਜਾਂ ਉਸਦੀਆਂ ਸਹੇਲੀਆਂ ਨੇ ਦੱਸੀ ਸੀ

ਵੈਸੇ ਤਾਂ ਆਨੰਦਮਈ ਉਤੇਜਨਾ ਉਸਨੂੰ ਆਪਣੇ ਪ੍ਰੇਮੀ ਨਾਲ ਵਿਆਹ ਕਰਵਾਕੇ ਸੁਹਾਗਰਾਤ ਮਨਾਉਂਦਿਆਂ, ਬੱਚਾ ਜੰਮਦਿਆਂ ਵੀ ਨਹੀਂ ਸੀ ਹੋਈ-ਸਭ ਕੁਝ ਮਕੈਨਕੀ ਜਿਹਾ ਲੱਗ ਰਿਹਾ ਸੀ

ਆਪਣੇ ਬਿਜਨੈਸ ਦੇ ਕੰਮ ਵਿਚ ਨਵੇਂ ਦਿਸਹੱਦੇ ਕਾਇਮ ਕਰਨ ਦਾ ਜਨੂੰਨ ਉਸਦੀ ਚੜ੍ਹਦੀ ਜਵਾਨੀ ਵੇਲੇ ਹੀ ਭਾਰੂ ਹੋ ਗਿਆ ਸੀ ਉਸਦੇ ਮਨ ਦੀ ਵੱਡੀ ਉਲਝਣ ਦਾ ਹੱਲ ਉਸ ਦੀ ਸਹੇਲੀ ਨੇ ਇਹ ਦੱਸ ਕੇ ਕਰ ਦਿੱਤਾ ਸੀ, ਸੈਲਜ਼ਾ ਵਿਗਿਆਨਕਾਂ ਨੇ ਨਵੀਂ ਤਕਨੀਕ ਦੀ ਖੋਜ ਕਰ ਲਈ ਹੈ ਜਿਸ ਨਾਲ ਔਰਤ ਆਪਣੀ ਢਲਣ ਲੱਗੀ ਜਵਾਨੀ ਦੇ ਸਾਲਾਂ ਤੱਕ ਧਨ ਸ਼ੁਹਰਤ ਪ੍ਰਾਪਤ ਕਰਨ ਲਈ ਨਿਸਚਿੰਤ ਹੋ ਕੇ ਕੰਮ ਕਰ ਸਕਦੀ ਹੈ।"

ਪੈਸਿਆਂ ਦਾ ਕੋਈ ਮਸਲਾ ਨਹੀਂ ਸੀ ਇੰਟਰਨੈਟ 'ਤੇ ਸਰਚ ਕਰਕੇ ਉਮਰ ਦੇ ਸਭ ਤੋਂ ਉਪਜਾਊ ਸਾਲਾਂ ਵਿੱਚੋਂ ਤੇਈਵੇਂ ਸਾਲ ਵਿੱਚ ਸੈਲਜ਼ਾ ਨੇ ਆਪਣੇ ਆਂਡੇ ਲਬਾਰਟਰੀ ਵਿੱਚ ਫਰੀਜ਼ ਕਰਵਾ ਦਿੱਤੇ ਸਨ 'ਤੇ ਅੱਜ ਉਹਨਾਂ ਤੋਂ ਪ੍ਰਾਪਤ ਬੱਚੇ ਨਾਲ ਉਹ ਸੀ। ਏਨੇ ਸਾਲਾਂ ਦੇ ਬਾਅਦ ਆਂਡਿਆਂ ਨੂੰ ਫਰੀਜ਼ ਕਰਵਾ ਕੇ ਉਹਨਾਂ ਦੀ ਸ਼ਕਤੀ ਨੂੰ ਤਾਂ ਬੇਸ਼ੱਕ ਬਰਕਰਾਰ ਰੱਖਿਆ ਸੀ ਪਰ ਸਰੀਰ ਦੇ ਬਾਕੀ ਅੰਗ ਤਾਂ ਫਰੀਜ਼ ਨਹੀਂ ਸੀ ਕਰਵਾਏ।

—o—

## ਪ੍ਰਤੀਬਿੰਬ/ ਦਰਸ਼ਨ ਸਿੰਘ ਬਰੇਟਾ

ਮਨਜੀਤ ਰੋਟੀ ਟੁੱਕ ਦਾ ਕੰਮ ਮੁਕਾ ਕੇ ਥੋੜਾ ਅਰਾਮ ਕਰਨ ਦੇ ਬਹਾਨੇ ਦੁਪਹਿਰ ਦੇ ਖਾਣੇ ਲਈ ਗੁਆਰੇ ਦੀਆਂ ਫਲੀਆਂ ਡੁੰਗਣ ਲੱਗੀ। ਫਲੀਆਂ ਪੱਕੀਆਂ ਜਿਆਦਾ ਹੋਣ ਕਰਕੇ ਛਾਂਟੀ ਕੁੱਝ ਜਿਆਦਾ ਕਰਨੀ ਪੈ ਰਹੀ ਸੀ। ਫੁਰਰ-ਫੁਰਰ ਛਾਂਟੀ ਕਰਦਿਆਂ ਅਚਾਨਕ ਉਸਦੀ ਬਿਰਤੀ ਅਤੀਤ ਨਾਲ ਆ ਜੁੜੀ।

ਮਨਜੀਤ ਦੀਆਂ ਦੋਵੇਂ ਭੈਣਾਂ ਤੇ ਇੱਕ ਭਰਾ ਵਿੱਚੋਂ ਬਾਕੀ ਸਾਰੇ ਵਧੀਆ ਪੜ੍ਹ—ਲਿਖ ਕੇ ਚੰਗੀਆਂ ਨੌਕਰੀਆਂ 'ਚ ਸੈਟ ਹੋ ਗਏ। ਸਾਰੇ ਆਪੋ ਆਪਣੇ ਪਰਿਵਾਰਾਂ ਨੂੰ ਪਾਲਦਿਆਂ ਐਸ਼ ਕਰ ਰਹੇ ਸਨ।

ਹਰਦੀਪ ਮੈਡਮ ਨੇ ਇੱਕ ਦਿਨ ਉਸਨੂੰ ਸਕੂਲ ਦਾ ਕੰਮ ਨਾ ਕਰਨ ਕਰਕੇ ਕੁਟਾਪਾ ਚਾੜ੍ਹਿਆ। ਅਚਾਨਕ ਹੱਥ ਅੱਗੇ ਪਿੱਛੇ ਕਰਨ ਕਰਕੇ ਡੰਡਾ ਉਂਗਲ ਤੇ ਕੀ ਬੱਜਿਆ ਕਿ ਇੱਕ ਉਂਗਲ ਉੱਤਰ ਗਈ।

ਬਸ ਫਿਰ ਉਹ ਕਦੇ ਸਕੂਲ ਨਾ ਗਈ। ਪੜ੍ਹਾਈ ਅੱਧ ਵਾਟਿਓ ਛੁੱਟ ਗਈ।

ਮੈਡਮ ਨੇ ਕਈ ਦਿਨ ਸੁਨੇਹੇ ਲਾਏ ਪਰ ਮੇਰੀ ਅਨਪੜ੍ਹ ਮਾਂ ਨੇ ਈ ਪੱਟੀ ਨੀ ਬੰਨਣ ਦਿੱਤੀ। ਅਖੇ ਕੁੜੀ ਮਰਵਾਉਣੀ ਥੋੜ੍ਹੇ ਐ ਡੈਣਾਂ ਤੋਂ। ਛੱਡ ਪੁੱਤ ਐਹੋ ਜੀ ਪੜ੍ਹਾਈ ਨੂੰ।

ਅੱਜ ਕਦੇ ਮੈਨੂੰ ਹਰਦੀਪ ਮੈਡਮ ਤੇ ਕਚੀਚੀਆਂ ਆਉਂਦੀਆਂ ਨੇ ਤੇ ਕਦੇ ਮਾਂ ਦੀ ਨਾਂ ਸਮਝੀ ਤੇ ਢੇਰ ਸਾਰਾ ਗੁੱਸਾ ਆਉਂਦਾ।

"ਮੇਰੀ ਪੜ੍ਹਾਈ ਛਡਵਾਉਣ ਵਾਲੀਆਂ ਉਹ ਦੋਨੋ ਆ। ਮੈਂ ਤਾਂ ਭਲਾ ਜੁਆਕ ਸੀ। ਉਨਾਂ ਨੇ ਮੇਰੇ ਭਵਿੱਖ ਬਾਰੇ ਕਿਉਂ ਨੀ ਸੋਚਿਆ। ਉਹ ਤਾਂ ਵੱਡੀਆ ਸਨ। ਕੁੱਝ ਤਾਂ ਸੋਚਦੀਆਂ।

ਕੁਝ ਪਲਾਂ ਲਈ ਮੈਨੂੰ ਲੱਗਿਆ ਮੈਡਮ ਹਰਦੀਪ ਜਿੰਮੇਵਾਰ ਆ। ਪਰ ਮੈਡਮ ਨੇ ਤਾਂ ਕਈਆਂ ਰਾਹੀਂ ਸਨੇਹੇ ਲਾਏ। ਮੇਰੇ ਭੈਣ ਭਰਾਵਾਂ ਨੂੰ ਅੱਡ ਕਿਹਾ। ਬੱਚਾ ਕੰਮ ਨਾ ਕਰੇ ਮੈਡਮ ਨੇ ਝਿੜਕਨਾ ਤਾਂ ਹੈਈ।

ਨਹੀਂ ਨਹੀਂ ਮੇਡਮ ਦਾ ਕੋਈ ਕਸੂਰ ਨੀ। ਮੇਰੀ ਮਾਂ ਨੇ ਨੀ ਮੈਨੂੰ ਜਾਣ ਦਿੱਤਾ। ਉਹੀ ਜਿੰਮੇਵਾਰ ਆ। ਮਾਂ ਦਾ ਈ ਕਸੂਰ ਆ।

ਪਰ ਮਾਂ ਨੇ ਬਾਕੀ ਜੁਆਕ ਵੀ ਤਾਂ ਪੜਾਏ ਨੇ। ਫੇਰ ਉਹ ਮੇਰੇ ਵਾਰੀ ਹੀ ਆਏਂ ਕਿਉਂ ਕਰੂ?

ਨਾਨਾ ਕਸੂਰ ਤਾਂ ਸਾਰਾ ਈ ਆਵਦਾ ਆ। ਸਕੂਲ ਤੁਰ ਜਾਂਦੀ, ਬਸਤਾ ਚੁੱਕ ਕੇ। ਕੋਈ ਧੱਕੇ ਨਾਲ ਤਾ ਨਹੀ ਰੋਕਦਾ ਸੀ।

ਹੁਣ ਤਾਂ ਭਾਈ ਆਵਦੀਆਂ ਕੀਤੀਆਂ ਆਪ ਈ ਭੁਗਤਣੀਆਂ ਪੈਣਗੀਆਂ। ਚੱਲ ਛੱਡ। ਕਿਉਂ ਝੁਰੀ ਜਾਨੀ ਐਂ, ਐਵੇਂ। ਹੁਣ ਤਾਂ ਜੋ ਬਣਨਾ ਸੀ ਬਣ ਗਿਆ। ਬਹੁਤੀ ਲਾਂਘੀ ਥੋੜੀ ਰਹਿਗੀ।

ਟਰਨ ਟਰਨ ਟਰਨ ਬਜਦੀ ਘੰਟੀ ਨੇ ਉਸਦੀ ਬਿਰਤੀ ਤੋੜੀ। ਬਾਹਰ ਦੇਖਿਆ ਤਾਂ ਰਿੰਪੀ ਬੇਟੀ ਨੂੰ ਸਕੂਲ ਲਿਜਾਣ ਲਈ ਰਿਕਸ਼ਾ ਗੇਟ ਤੇ ਸੀ।

"ਮੰਮਾ ਮੰਮਾ ਮੈਂ ਨੀ ਜਾਣਾ ਸਕੂਲ ਅੱਜ। ਕੱਲ ਮੇਰੀ ਕਲਾਸ ਟੀਚਰ ਨੇ ਮੈਨੂੰ ਬਿਨਾਂ ਕਸੂਰ ਪਨਿਸ ਕੀਤਾ। ਮੇਰੇ ਥੱਪੜ ਪਏ। ਮੈਂ ਨੀ ਜਾਣਾ ਸਕੂਲੇ , ਰੋਂਦਿਆਂ ਰੋਂਦਿਆਂ ਰਿੰਪੀ ਨੇ ਸਕੂਲ ਨਾਂ ਜਾਣ ਦਾ ਤਰਲਾ ਕੀਤਾ।

"ਨਾਂਹ ਮੇਰਾ ਸੋਹਣਾਂ ਪੁੱਤ। ਮੈਂ ਕਿਸੇ ਦਿਨ ਤੇਰੀ ਕਲਾਸ ਟੀਚਰ ਕੋਲ ਜਾ ਆਊਂ ਤੇ ਨਾਲੇ ਅੱਜ ਹੁਣੇ ਮੋਬਾਈਲ ਤੇ ਗੱਲ ਕਰ ਲੂੰ। ਨਾਲੇ ਪੁੱਤ ਟੀਚਰ ਦੀ ਝਿੜਕਦਾ ਕਦੇ ਗੁੱਸਾ ਨੀ ਕਰੀਂਦਾ। ਗੁਰੂ ਨੇ ਸੋਡੇ। ਤੈਨੂੰ ਪੜ੍ਹਾ ਲਿਖਾ ਕੇ ਵੱਡਾ ਅਫਸਰ ਬਣਾਉਣਗੇ। ਪੁੱਤ ਮੈਂ ਤੈਨੂੰ ਨੀ ਪਿੱਛੇ ਰਹਿਣ ਦੇਣਾਂ, ਆਪਣੇ ਵਾਂਗ , ਕਹਿੰਦਿਆਂ ਮਨਜੀਤ ਨੇ ਆਪਣੀ ਲਾਡਲੀ ਨੂੰ ਰਿਕਸ਼ਾ ਤੇ ਬਿਠਾਇਆ।

ਰਿਕਸ਼ਾ ਲਗਾਤਾਰ ਦੂਰ ਜਾ ਰਿਹਾ ਸੀ।

ਮਨਜੀਤ ਨੂੰ ਆਪਣੀ ਲਾਡਲੀ ਨੂੰ ਬਾਏ ਬਾਏ ਕਰਦਿਆਂ ਇੰਝ ਲੱਗ ਰਿਹਾ ਸੀ ਜਿਵੇਂ ਉਹ ਖ਼ੁੱਦ ਰਿਕਸ਼ੇ ਵਿੱਚ ਬੈਠੀ ਸਕੂਲੇ ਪੜ੍ਹਨ ਜਾ ਰਹੀ ਹੋਵੇ।

—o—

**ਨਾਇਕ / ਬੀਰ ਇੰਦਰ ਬਨਭੌਰੀ**

ਲੌਬੀ ਵਿੱਚੋਂ ਚੜ੍ਹਦੀਆਂ ਪੌੜੀਆਂ, ਹੇਠਲੀ ਕੰਧ ਤੇ ਟੰਗੀ ਐਲ. ਈ. ਡੀ.। ਐਲ. ਈ. ਡੀ. ਤੇ ਚੱਲ ਰਿਹਾ ਪ੍ਰੋਗਰਾਮ ਬਿੱਗ ਬੌਸ।

ਬਿੱਗ ਬੌਸ ਦੇ ਘਰ ਵਿੱਚ ਸੈਲੀਬਰੇਟੀਆਂ ਦਾ ਇਕੱਠ। ਆਪਣੀ ਈਗੋ ਵਿੱਚ ਗੜੁੱਚ ਸੈਲੀਬਰੇਟੀ ਲੜ ਰਹੇ ਨੇ, ਗਾਲ੍ਹਾਂ ਕੱਢ ਰਹੇ ਨੇ, ਸਾਜਿਸ਼ਾਂ ਘੜ ਰਹੇ ਨੇ, ਇਕ ਦੂਜੇ ਨੂੰ ਥੱਲੇ ਲਾਉਣ ਦੀਆਂ ਵਿਉਂਤਾਂ ਗੁੰਦ ਰਹੇ ਨੇ।

ਮੇਰੇ ਬੱਚੇ ਤੇ ਪਤਨੀ ਐਲ ਈ ਡੀ ਦੀ ਸਕਰੀਨ ਵਿੱਚ ਅੱਖਾਂ ਗੱਡੀ ਬੈਠੇ ਨੇ। ਉਹ ਕਦੀ ਹੱਸਦੇ ਹਨ, ਕਦੀ ਗੁੱਸੇ ਨਾਲ ਬੋਲਦੇ ਹਨ। ਬਿੱਗ ਬੌਸ ਦੇ ਘਰ ਵਿੱਚਲੇ ਸੈਲੀਬਰੇਟੀਆਂ ਦੇ ਕਿਰਦਾਰਾਂ ਬਾਰੇ ਆਪੋ ਆਪਣੀ ਰਾਇ ਦੇ ਰਹੇ ਹਨ।

"ਦੇਖੋ ਮੰਮਾ ਕਿੰਨੀ ਭੈੜੀ ਲਗਦੀ ਹੈ ਇਹ ਬਾਂਦਰੀ ਜਿਹੀ ਸਮਝਦੀ ਕੀ ਹੈ ਆਪਣੇ ਆਪ ਨੂੰ ਨਾ ਸੂਰਤ, ਨਾ ਅਕਲ, ਨਾ ਮੌਤ।" ਇਹ ਅਵਾਜ਼ ਮੇਰੀ ਬੇਟੀ ਦੀ ਹੈ।

"ਤੇ ਆਹ ਦੇਖ ਸਾਲਾ ਨਾਰਦ ਮੁਨੀ ਅੱਗ ਲਾਊ ਮਹਿਕਮਾ ਜੇਕਰ ਕਿਧਰੇ ਮੈਂ ਹੋਵਾਂ ਬਿੱਗ ਬੌਸ ਦੇ ਘਰ ਵਿੱਚ ਤਾਂ ਏਹਦਾ ਨੱਕ ਭੰਨਦਾਂ ਸਾਲ਼ੇ ਦਾ ," ਇਹ ਅਵਾਜ਼ ਮੇਰੇ ਬੇਟੇ ਦੀ ਹੈ ਉਹ ਵੀ ਆਪਣੀ ਭੜਾਸ ਕੱਢ ਰਿਹਾ ਹੈ।

ਮੇਰੇ ਹੱਥ ਵਿੱਚ ਅਖਬਾਰ ਹੈ।

ਖ਼ਬਰ ਹੈ:- ਰੁਜ਼ਗਾਰ ਮੰਗਦੇ ਬੇਰੁਜ਼ਗਾਰ ਟੈਂਕੀਆਂ ਤੇ ਚੜ੍ਹੇ ।

ਖ਼ਬਰ ਹੈ:- ਨਾਗਰਿਕਤਾ ਸੋਧ ਬਿਲ ਦੀ ਆੜ ਵਿਚ ਲਾਇਬਰੇਰੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਤੇ ਪੁਲੀਸ ਦਾ ਅੰਨ੍ਹਾ ਤਸ਼ੱਦਦ ।

ਖ਼ਬਰ ਹੈ:- ਕਸ਼ਮੀਰ ਵਿੱਚ ਕਰਫਿਊ ਜਾਰੀ, ਇੰਟਰਨੈੱਟ ਅਤੇ ਹੋਰ ਜ਼ਰੂਰੀ ਸੇਵਾਵਾਂ ਬੰਦ।

ਟੀ. ਵੀ. ਉੱਤੇ ਕਮਰਸ਼ੀਅਲ ਬ੍ਰੇਕ ਆਈ ਹੈ। ਮੇਰੀ ਪਤਨੀ ਉਥੋਂ ਉੱਠ ਮੇਰੇ ਕੋਲ਼ ਕਮਰੇ ਵਿੱਚ ਆ ਗਈ ਹੈ। ਉਹ ਅਖਬਾਰ ਚੁੱਕਦੀ ਹੈ ਤੇ ਫੇਰ ਬੁੜਬੁੜਾਉਂਦੀ ਹੈ, 'ਯੂਨੀਵਰਸਿਟੀਆਂ ਵਿੱਚ ਪੜ੍ਹਨ ਥੋੜੀ ਜਾਂਦੇ ਨੇ, ਬਦਮਾਸ਼ੀਆਂ ਕਰਦੇ ਨੇ ਇਹ, ਇਨ੍ਹਾਂ ਨਾਲ ਇੰਜ ਹੀ ਹੋਣਾ ਚਾਹੀਦਾ ਸੀ, ਇਨ੍ਹਾਂ ਨੂੰ ਫੜ ਕੇ ਜੇਲ੍ਹੀਂ ਡੱਕ ਦੇਣਾ ਚਾਹੀਦਾ ਹੈ।'

ਉਹ ਫਿਰ ਬੁੜਬੁੜਾਉਂਦੀ ਹੈ, 'ਨਾ ਟੈਂਕੀਆਂ ਤੇ ਚੜ੍ਹ ਕੇ ਕੀ ਸਾਬਤ ਕਰਨਾ ਚਾਹੁੰਦੇ ਨੇ ਇਹ, ਸਰਕਾਰ ਵੀ ਕਿੱਥੋਂ ਲਿਆਵੇ ਨੌਕਰੀਆਂ..? ਸਰਕਾਰ ਨੂੰ ਸਖ਼ਤੀ ਕਰਨੀ ਚਾਹੀਦੀ ਹੈ ਬਿਨਾਂ ਵਜ੍ਹਾ ਰੌਲ਼ਾ ਪਾਉਣ ਵਾਲਿਆਂ ਖਿਲਾਫ਼।'

ਏਨੇ ਨੂੰ ਮੇਰੇ ਬੱਚੇ ਵੀ ਕਮਰੇ ਅੰਦਰ ਆ ਜਾਂਦੇ ਹਨ। ਉਹ ਵੀ, ਆਪਣੀਆਂ ਨੌਕਰੀਆਂ ਅਤੇ ਆਜ਼ਾਦੀ ਲਈ ਸੰਘਰਸ਼ ਕਰ ਰਹੇ ਲੋਕਾਂ ਪ੍ਰਤੀ, ਆਪਣੀ ਮਾਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ।

ਟੀ ਵੀ ਤੇ ਬਿੱਗ ਬੌਸ ਮੁੜ ਤੋਂ ਸ਼ੁਰੂ ਹੋ ਗਿਆ ਹੈ। ਮੇਰੀ ਪਤਨੀ ਤੇ ਬੱਚੇ ਮੁੜ ਐਲ ਈ ਡੀ ਮੂਹਰੇ ਜਾ ਬੈਠਦੇ ਹਨ।

ਮੈਂ ਕਮਰੇ ਵਿੱਚ ਹੀ ਪਏ ਕਿਤਾਬਾਂ ਵਾਲੇ ਰੈਕ ਅੱਗੇ ਜਾ ਖੜ੍ਹਦਾ ਹਾਂ। ਰੈਕ ਵਿੱਚੋਂ ਮੈਂ ਇੱਕ ਕਿਤਾਬ ਕੱਢਦਾ ਹਾਂ।

ਕਿਤਾਬ ਦਾ ਟਾਈਟਲ ਹੈ 'ਅਜ਼ਾਦੀ ਦੀ ਲੜਾਈ ਦੇ ਨਾਇਕ' ।

ਉਧਰੋਂ ਲੌਬੀ ਵਿੱਚ ਲੱਗੀ ਐਲ.ਈ.ਡੀ ਤੇ ਚੱਲ ਰਹੇ ਪ੍ਰੋਗਰਾਮ ਬਿੱਗ ਬੌਸ ਦੇ ਸੈਲੀਬਰੇਟੀਆਂ ਦੇ ਆਪਸ ਵਿੱਚ ਲੜਨ ਦੀ ਅਵਾਜ਼ ਮੁੜ ਆਉਣ ਲੱਗੀ ਹੈ।

—o—

**ਬੁੱਧੂ ਪਾਪਾ / ਡਾ. ਪ੍ਰਦੀਪ ਕੌੜਾ**

ਦਫ਼ਤਰੋਂ ਥੱਕਿਆ-ਟੁੱਟਿਆ ਮੈਂ ਘਰ ਆਉਂਦਾ ਹਾਂ।

ਬਰੀਫ਼ਕੇਸ ਡਰਾਇੰਗ ਰੂਮ ਵਿਚ ਰੱਖਕੇ ਬੈੱਡਰੂਮ ਵਿਚ ਕੱਪੜੇ ਬਦਲਣ ਚਲਾ ਜਾਂਦਾ ਹਾਂ। ਜਿਉਂ ਹੀ ਬੈੱਡਰੂਮ ਵਿਚੋਂ ਕੱਪੜੇ ਬਦਲਕੇ ਬਾਹਰ ਨਿਕਲਣ ਲਈ ਮੁੜਦਾ ਹਾਂ ਤਾਂ ਮੇਰੀ ਅੱਠ ਸਾਲ ਦੀ ਬੇਟੀ, ਜਿਸ ਨੂੰ ਅਸੀਂ ਸਾਰੇ ਪਿਆਰ ਨਾਲ 'ਨਿੱਕਾ' ਕਹਿੰਦੇ ਹਾਂ ਚੁਗਾਠ ਦੇ ਦੋਂਵੇ ਪਾਸੇ ਪੈਰ ਅਤੇ ਹੱਥ ਲਗਾ ਕੇ ਮੇਰਾ ਰਸਤਾ ਰੋਕਦੀ ਆਖਦੀ ਹੈ, "ਹੁਣ ਕਿਤੇ ਨ੍ਹੀਂ ਜਾਣਾ.......ਬੈਠ ਕੇ ਮੇਰੇ ਨਾਲ ਲੁਡੋ ਖੇਡੋ।" ਉਸਦੇ ਹੱਥ ਵਿਚ ਆਈ-ਪੈਡ ਉੱਪਰ ਚਾਰ ਰੰਗੀ ਲੁਡੋ ਚੱਲ ਰਹੀ ਹੈ। ਥੱਕਿਆ ਹੋਣ ਦੇ ਬਾਵਜੂਦ ਵੀ, ਉਸਦਾ ਮੈਨੂੰ ਇਸ ਤਰ੍ਹਾਂ ਰੋਕਣਾ ਚੰਗਾ ਲੱਗਦਾ ਹੈ ਅਤੇ ਮੈਂ ਬਿਨ੍ਹਾਂ ਕੁਝ ਕਹੇ ਖੇਡਣ ਲਈ ਬੈੱਡ 'ਤੇ ਬੈਠ ਜਾਂਦਾ ਹਾਂ।

"ਤੁਸੀਂ ਕਿਹੜਾ ਕੱਲਰ ਲਵੋਂਗੇ ਪਾਪਾ?" ਉਹ ਉਤਸਕਤਾ ਨਾਲ ਪੁੱਛਦੀ ਹੈ।

"......ਗਰੀਨ। ਮੈਂ ਅਣਮੰਨੇ ਜਿਹੇ ਢੰਗ ਨਾਲ ਆਖਦਾ ਹਾਂ। ਫਿਰ ਉਹ 'ਗਰੀਨ' ਰੰਗ ਦੀ ਗੀਟੀਆਂ ਸਾਹਮਣੇ 'ਪਾਪਾ' ਅਤੇ ਆਪਣੇ ਪਸੰਦੀਦਾ ਰੰਗ 'ਯੈਲੋ' ਦੇ ਸਾਹਮਣੇ 'ਆਰਾਧਿਆ' ਲਿਖ ਕੇ ਗੇਮ ਦਾ ਸਟਾਰਟ ਬਟਨ ਟੱਚ ਕਰ ਦਿੰਦੀ ਹੈ। ਤਕਰੀਬਨ ਪੰਦਰਾਂ-ਵੀਹ ਮਿੰਟ ਦੀ ਗੇਮ ਤੋਂ ਬਾਅਦ, ਆਈ-ਪੈਡ ਦੀ ਸਕਰੀਨ 'ਤੇ 'ਆਰਾਧਿਆ ਵਿਨ' ਜਗਮਗਾ ਉੱਠਦਾ ਹੈ ਅਤੇ ਅਨੇਕਾਂ ਰੰਗ-ਬਰੰਗੀਆਂ ਫੁਲਝੜੀਆਂ ਆਈ-ਪੈਡ ਦੀ ਸਕਰੀਨ 'ਤੇ ਖਿੱਲਰ ਜਾਂਦੀਆਂ ਹਨ। ਉਹ ਆਈ-ਪੈਡ ਨੂੰ ਦੋਂਵੇ ਹੱਥਾਂ ਵਿਚ ਫੜਕੇ ਨੱਚਦੀ ਹੋਈ, ਆਪਣਾ ਹੀ ਗਾਣਾ-ਗੁਣਾਉਂਦੀ ਹੈ, 'ਟਿੰਗ ਲੱਕ-ਲੱਕ ਬੱਲੀਏ......ਪਾਪਾ ਹਾਰ ਗਏ...... ਟਿੰਗ ਲੱਕ-ਲੱਕ ਬੱਲੀਏ....... ਨਿੱਕਾ ਜਿੱਤ ਗਿਆ.....ਟਿੰਗ ਲੱਕ-ਲੱਕ ਬੱਲੀਏ।' ਜਿੱਤ ਦੇ ਜਸ਼ਨ ਮਨਾ ਰਹੀ ਆਈ-ਪੈਡ, ਕਿਚਨ ਵਿਚ ਆਪਣੀ ਮਾਂ ਨੂੰ ਵਿਖਾਉਂਦੀ ਹੈ, ਆਪਣੀ ਦਾਦੀ ਨੂੰ ਵਿਖਾ ਕੇ ਆਉਂਦੀ ਹੈ ਅਤੇ ਫਿਰ ਡਰਾਇੰਗ ਰੂਮ ਵਿਚ ਪੜ੍ਹ ਰਹੀ ਆਪਣੀ ਵੱਡੀ ਭੈਣ ਨੂੰ ਵਿਖਾਉਣ ਜਾਂਦੀ ਹੈ, "ਆਹ ਵੇਖੋ, ਗੁੱਡੂ ਦੀਦੀ...... 'ਨਿੱਕਾ' ਅੱਜ ਫਿਰ ਜਿੱਤਗਿਆ.... ਮੰਨਿਐ......।"

"ਤੂੰ ਜਿੱਤਿਆ ਨਹੀਂ ਬਾਵੇ.....ਪਾਪਾ ਜਾਣ ਬੁਝ ਕੇ ਹਾਰੇ ਨੇ।" ਵੱਡੀ ਬੇਟੀ ਦੀ ਗੱਲ ਸੁਣ ਕੇ ਉਹ ਇਕਦਮ ਨੱਚਣਾ ਬੰਦ ਕਰ ਦਿੰਦੀ ਹੈ। ਉਸਦੇ ਰੌਣਕ ਭਰੇ ਮੱਥੇ 'ਤੇ ਤਿਉੜੀਆਂ ਉਭਰ ਆਉਂਦੀਆਂ ਹਨ। ਉਸਨੂੰ ਲੱਗਦਾ ਹੈ ਕਿ ਜਿਵੇਂ ਉਸਦੀ ਖ਼ੂਨ-ਪਸੀਨੇ ਦੀ ਜਿੱਤ 'ਤੇ ਪਾਣੀ ਫੇਰ ਦਿੱਤਾ ਗਿਆ ਹੋਵੇ। ਉਸਦੇ ਮਾਣ-ਸਨਮਾਨ ਨੂੰ ਵੱਡੀ ਢਾਹ ਲਾ ਦਿੱਤੀ ਗਈ ਹੋਵੇ। ਗੁੱਸੇ ਵਿਚ ਅੱਗ-ਬਬੂਲੀ ਉਹ 'ਗੁੱਡੂ' ਨੂੰ ਬਾਹੋਂ ਫੜੀ ਮੇਰੇ ਕੋਲ ਬੈੱਡ ਰੂਮ ਵਿਚ ਲੈ ਆਉਂਦੀ ਹੈ। ਆਈ-ਪੈਡ 'ਤੇ ਅਜੇ ਵੀ ਫੁਲਝੜੀਆਂ ਦੇ ਰੰਗ-ਬਰੰਗੇ ਝਲਕਾਰੇ ਵਿਚੋਂ 'ਆਰਾਧਿਆ ਵਿਨ' ਵਿਖਾਈ ਦੇ ਰਿਹਾ ਹੈ। ਆਈ-ਪੈਡ ਨੂੰ ਬੈੱਡ 'ਤੇ ਰੱਖਕੇ, ਦੋਂਵੇ ਹੱਥ ਵੱਖੀਆਂ ਉੱਪਰ ਰੱਖੀ ਉਹ ਮੇਰੇ ਸਾਹਮਣੇ ਆ ਕੇ ਬੜੇ ਹੀ ਰੋਅਬ ਨਾਲ ਪੁੱਛਦੀ ਹੈ, "ਪਾਪਾ ਸਹੀ-ਸਹੀ ਦੱਸੋ, ਤੁਸੀਂ ਜਾਣ-ਬੁਝ ਕੇ ਹਾਰੇ ਹੋ ਜਾਂ ਮੈਂ ਥੋਨੂੰ ਹਰਾਇਆ ਹੈ?" ਮੈਂ ਕਦੇ ਉਸ ਵੱਲ ਵੇਖਦਾ ਹਾਂ ਅਤੇ ਕਦੇ ਵੱਡੀ ਬੇਟੀ ਵੱਲ।

"ਨਹੀਂ ਬਈ, ਮੈਂ ਬਿਲਕੁਲ ਜਾਣ-ਬੁਝ ਕੇ ਨਹੀਂ ਹਾਰਿਆ ਸਗੋਂ 'ਨਿੱਕੇ' ਨੇ ਮੈਨੂੰ ਹਰਾਇਆ ਹੈ।" ਮੇਰੇ ਹਾਰ ਕਬੂਲ ਲੈਣ ਨਾਲ ਉਸਦੇ ਤਣੇ ਹੋਏ ਚਿਹਰੇ 'ਤੇ ਮੁਸਕਰਾਹਟ ਫੈਲ ਜਾਂਦੀ ਹੈ।

"ਦਰਅਸਲ ਗੁੱਡੂ ਦੀਦੀ, ਪਾਪਾ ਵੀ ਬੁੱਧੂ ਨੇ, ਨਿਰੇ ਬੁੱਧੂ.....ਇਨ੍ਹਾਂ ਨੂੰ ਆਏਂ ਵੀ ਨਹੀਂ ਪਤਾ ਕਿ ਜਿੱਤੀ ਦਾ ਕਿਵੇਂ ਐਂ.....ਜਿੱਤਣ ਲਈ ਦੂਜੇ ਦੀ ਗੀਟੀ ਕੱਟਣੀ ਵੀ ਹੁੰਦੀ ਐ....। ਇਨ੍ਹਾਂ ਤੋਂ ਮੇਰੀ ਇਕ ਵੀ ਗੀਟੀ ਨਹੀਂ ਕੱਟੀ ਜਾਂਦੀ .....ਤੇ ਮੈਂ, ਪਤੈ ਹਰੇਕ ਸਟਾਰ 'ਤੇ ਆਪਣੀ ਗੀਟੀ ਰੱਖਦੈਂ.....ਜੇਕਰ ਪਾਪਾ ਦੀ ਗੀਟੀ ਇਕ ਵਾਰੀ ਮੇਰੇ ਤੋਂ ਬੱਚ ਵੀ ਜਾਂਦੀ ਐ ਤਾਂ ਮੈਂ ਦੂਸਰੇ ਸਟਾਰ ਵਾਲੀ ਗੀਟੀ ਨਾਲ ਕੱਟ ਦਿੰਨੈਂ......।" ਉਹ ਇਕ-ਇਕ ਸ਼ਬਦ 'ਤੇ ਜੋਰ ਦਿੰਦੀ ਹੋਈ, ਮੇਰੇ ਅਨਾੜੀਪਣ ਦਾ ਰਾਜ ਬਿਆਨ ਕਰਦੀ ਹੈ।

"ਹਾਂ ਪੁੱਤ, ਤੂੰ ਸਹੀ ਕਿਹੈ......ਪਾਪਾ ਵੀ ਬੁੱਧੂ ਨੇ, ਨਿਰੇ ਬੁੱਧੂ..... ਬੁੱਧੂ ਪਾਪਾ ਨੂੰ ਬਿਲਕੁਲ ਵੀ ਪਤਾ ਨਹੀਂ ਕਿ ਜਿੱਤੀ ਦਾ ਕਿਵੇਂ ਐ। ......ਅਸਲ ਜ਼ਿੰਦਗੀ ਹੋਵੇ ਜਾਂ ਲੁੱਡੋ ...... ਸਿਰਫ਼ ਜਿੱਤਣ ਲਈ ਕਿਸੇ ਨੂੰ ਕੱਟਣਾ ਜਾਂ ਪਿੱਛੇ ਛੱਡਣਾ, ਤੇਰੇ ਪਾਪਾ ਦੇ ਖ਼ੂਨ ਵਿਚ ਨਹੀਂ, ਪੁੱਤ....।" ਮੈਂ ਆਪਣੇ ਮੂੰਹ ਵਿਚ ਹੀ ਬੁੜ-ਬੁੜਾਉਂਦਾ ਹਾਂ।

"ਟਿੰਗ ਲੱਕ-ਲੱਕ ਬੱਲੀਏ ......ਪਾਪਾ ਹਾਰ ਗਏ......ਟਿੰਗ ਲੱਕ-ਲੱਕ ਬੱਲੀਏ.....ਨਿੱਕਾ ਜਿੱਤ ਗਿਆ.....ਟਿੰਗ ਲੱਕ-ਲੱਕ ਬੱਲੀਏ।" ਉਹ ਆਪਣੀ ਜਿੱਤ ਦਾ ਜਸ਼ਨ ਮਨਾਉਂਦੀ, ਨੱਚਦੀ ਹੋਈ ਬਾਹਰ ਗਲੀ ਵਿਚ ਖੇਡਣ ਚਲੀ ਜਾਂਦੀ ਹੈ।

—o—

ਪ੍ਰਭਜੋਤ ਸੋਹੀ ਦੀਆਂ ਦੋ ਕਵਿਤਾਵਾਂ

# ਸੁਣ ਵੇ ਦਿਲਾ ਤੂੰ ਗੱਲ ਸੁਣ ਮੇਰੀ

ਸੁਣ ਵੇ ਦਿਲਾ ਤੂੰ ਗੱਲ ਸੁਣ ਮੇਰੀ
ਕਿਰਦਾ ਕਿਉਂ ਜਾਨੈ ਢਾਵੇਂ ਕਿਉ ਢੇਰੀ

ਕਿਉ ਮੂੰਹ ਤੇ ਚਿਪਕੀ ਸਦੀਵੀ ਉਦਾਸੀ
ਖੰਭ ਲਾ ਕੇ ਉੱਡ ਗਈ ਕਿੱਥੇ ਤੇਰੀ ਹਾਸੀ
ਖੁਰਦੀ ਕਿਉਂ ਜਾਵੇ ਇਹ ਹਸਤੀ ਜੋ ਤੇਰੀ
ਸੁਣ ਵੇ ਦਿਲਾ........।

ਜਬਰਾਂ ਦੇ ਮੂੰਹ ਕਦ ਸਬਰਾਂ ਨੇ ਭੰਨੇ
ਪਲਟ ਕੇ ਵੇਖੀਂ ਤਵਾਰੀਖ ਦੇ ਪੰਨੇ
ਜਾਬਰ ਦੀ ਅਉਧ ਨਾ ਹੁੰਦੀ ਲਮੇਰੀ
ਸੁਣ ਵੇ ਦਿਲਾ.........।

ਹਿੰਮਤਾਂ ਨੇ ਚੁੱਕ ਤੇ ਨੇ ਸਾਰੇ ਅੜਿਕੇ
ਚਾਵਾਂ ਦੇ ਸਾਹਵੇਂ ਨੇ ਗਮ ਪੈਂਦੇ ਫਿਕੇ
ਸਵੇਰੇ ਚ ਬਦਲੂ ਇਹ ਰਾਤ ਹਨੇਰੀ
ਸੁਣ ਵੇ ਦਿਲਾ...........।

ਹਸਦ ਹਨੇਰੇ ਨੂੰ ਦਿਲ ਚੋਂ ਤੂੰ ਕੱਢ ਦੇ
ਨਫਰਤ ਨਾਲਾਇਕੀ ਦਾ ਫਾਹਾ ਵੀ ਵੱਢਦੇ
ਡਟ ਕੇ ਖਲੋ 'ਸੋਹੀ' ਕਰ ਨਾ ਤੂੰ ਦੇਰੀ
ਸੁਣ ਵੇ ਦਿਲਾ ਤੂੰ ਗੱਲ ਸੁਣ ਮੇਰੀ,
ਕਿਰਦਾ ਕਿਉਂ ਜਾਨੈਂ ਢਾਵੇਂ ਕਿਉ ਢੇਰੀ ।।

ਇਹ ਗਣਿਤ ਨਾ ਸਮਝ ਸਾਡੀ ਆਇਆ ਕਦੇ
ਜੋੜ ਸਾਡੇ , ਉਹ ਹਾਸਿਲ ਕਿਵੇਂ ਹੋ ਗਏ
ਜਦ ਸਵਾਲਾਂ 'ਤੇ ਮਿਹਨਤ ਅਸਾਡੀ ਰਹੀ
ਉਹ ਜਵਾਬਾਂ 'ਚ ਸ਼ਾਮਿਲ ਕਿਵੇਂ ਹੋ ਗਏ

ਕਦ ਸੁਖਾਲ਼ਾ ਰਿਹਾ ਇਸ ਗਲ਼ੀ ਲੰਘਣਾ
ਸੀਸ ਨੇਜੇ 'ਤੇ ਆਪਣਾ ਪਵੇ ਟੰਗਣਾ
ਜੋ ਵਿਖਾਉਂਦੇ ਨੇ ਚੀਚੀ ਨੂੰ ਲਾ ਕੇ ਲਹੂ
ਉਹ ਸ਼ਹੀਦਾਂ 'ਚ ਸ਼ਾਮਿਲ ਕਿਵੇਂ ਹੋ ਗਏ

ਬੀਜ ਆਸਾਂ ਉਮੀਦਾਂ ਦੇ ਬੀਜੇ ਅਸੀਂ
ਫਸਲ ਦੀ ਥਾਂ 'ਤੇ ਸਲਫਾਸ ਉੱਗਦੀ ਪਈ
ਜ਼ੋਰ ਦੇ ਕੇ ਦਿਮਾਗਾਂ 'ਤੇ ਸੋਚੋ ਜ਼ਰਾ
ਮੌਤ ਦੇ ਬੀਜ ਦਾਖਿਲ ਕਿਵੇਂ ਹੋ ਗਏ

ਮੁੱਲ ਨਾ ਮੋੜਿਆ ਮਿਹਨਤਾਂ ਦਾ ਕਦੀ
ਹੱਕ ਮੰਗੇ ਤਾਂ ਲਾਠੀ ਜਾਂ ਗੋਲ਼ੀ ਮਿਲ਼ੀ
ਦੇਰ ਹੋਈ ਬੜੀ, ਸੋਚਣਾ ਹੀ ਪਊ
ਜੋ ਸੀ ਮੁਨਸਿਫ਼ ਉਹ ਕਾਤਿਲ ਕਿਵੇਂ ਹੋ ਗਏ

ਅੰਨ ਦਾਤੇ ਤਾਂ ਬੇਸ਼ੱਕ ਕਹਾਉਂਦੇ ਰਹੇ
ਜੇਬ ਖਾਲੀ ਰਹੀ ਢਿੱਡ ਭੁੱਖੇ ਰਹੇ
ਪੇਟ ਹੋਰਾਂ ਦੇ ਭਰਦੇ ਭਰਾਉਂਦੇ ਅਸੀਂ
ਹੁਣ ਸਜ਼ਾਵਾਂ ਦੇ ਕਾਬਿਲ ਕਿਵੇਂ ਹੋ ਗਏ

ਇਹ ਜੋ ਸੜਕਾਂ 'ਤੇ ਉੱਤਰੇ ਨੇ ਹੱਕਾਂ ਲਈ
ਆਖਦੇ ਹੋ ਤੁਸੀਂ "ਸਿਰਫਿਰੇ ਲੋਕ ਨੇ"
ਪਾਲ਼ਦੇ ਜੋ ਤੁਹਾਡੇ ਹੀ ਕੁਨਬੇ ਰਹੇ
ਹੁਣ ਉਹੀ ਲੋਕ ਪਾਗਲ ਕਿਵੇਂ ਹੋ ਗਏ

ਇਹ ਸ਼ਰਾਫਤ ਤੇ ਸੇਵਾ ਦਾ ਸਵਰੂਪ ਸੀ
ਹੁਣ ਸਿਆਸਤ ਵੀ ਦਾਗੀ ਜਿਹੀ ਹੋ ਗਈ
ਚੋਰ, ਗੁੰਡੇ, ਲੁਟੇਰੇ, ਮਵਾਲੀ ਸਭੇ
ਰਾਜਨੀਤੀ ਦਾ ਹਾਸਿਲ ਕਿਵੇਂ ਹੋ ਗਏ

ਨੈਣ ਸਪਨੇ ਹੀ ਵੇਖਣ 'ਚ ਮਸਰੂਫ ਸਨ
ਰੋਜ਼ ਹੱਥਾਂ 'ਚੋਂ ਕਿਰਦੀ ਰਹੀ ਜ਼ਿੰਦਗੀ
ਮੋਰਚੇ ਲਾਉਂਦਿਆਂ ਲਾਉਂਦਿਆਂ ਹੀ ਅਸੀਂ
ਆਪ ਆਪਣੇ ਤੋਂ ਗ਼ਫਿਲ ਕਿਵੇਂ ਹੋ ਗਏ

—

# ਦਸ਼ਾ ਤੇ ਦਿਸ਼ਾ



ਜੀ ਨਹੀਂ ਲੱਗ ਰਿਹਾ
ਚਿੱਤ ਉਦਾਸ ਹੈ...
ਕੀ ਕਰੀਏ ?
ਕੀ ਕਰੀਏ ?
ਚਲੋ ਸੌਣ ਕਮਰੇ 'ਚ
ਕੁਝ ਤਬਦੀਲੀ
ਕਰਦੇ ਹਾਂ...
ਬੈਡ ਪਰੇ ਉਸ
ਕੰਧ ਨਾਲ
ਅਤੇ
ਅਲਮਾਰੀ ਇਧਰਲੇ
ਪਾਸੇ ਧਰਦੇ ਹਾਂ...
ਹਾਂ..ਹਾਂ ਕੁਝ ਤਬਦੀਲੀ ਕਰਦੇ ਹਾਂ,
ਕਮਰੇ ਚ ਪਈਆਂ
ਚੀਜ਼ਾਂ ਦੀ ਦਿਸ਼ਾ
ਬਦਲ ਕੇ
ਚੰਗਾ ਮਹਿਸੂਸ ਹੋ ਰਿਹੈ
ਪਰ...ਨਹੀਂ...ਇਹ ਕੀ..!
ਦੋ ਚਾਰ ਦਿਨਾਂ ਬਾਅਦ ਹੀ
ਮਨ ਫਿਰ ਮਾਯੂਸ ਹੋ ਰਿਹੈ
ਜੀ ਨਹੀਂ ਲੱਗ ਰਿਹਾ
ਚਿੱਤ ਉਦਾਸ ਹੈ...
ਕੀ ਕਰੀਏ ?
ਕੀ ਕਰੀਏ ?
ਕਿਉਂ ਨਾ ਚੀਜ਼ਾਂ
ਦੀ ਦਿਸ਼ਾ ਬਦਲਣ
ਦੀ ਥਾਂ
ਮਨ ਦੀ ਦਸ਼ਾ
ਬਦਲੀਏ
ਐਵੇਂ ਬਾਹਰ ਨੂੰ ਨੂੰ ਨਾ
ਭੱਜੀਏ
ਅੰਦਰ ਗਵਾਚੀ
ਸ਼ੈਅ ਨੂੰ
ਅੰਦਰ ਹੀ ਲੱਭੀਏ...।
ਅੰਦਰ ਹੀ ਲੱਭੀਏ...।

—

# ਟਰਾਲੀਨਾਮਾ ਨਾਵਲ ਦੀ ਰਚਨਾ-ਸੰਰਚਨਾ

ਡਾ. ਰਣਜੀਤ ਕੌਰ ਹੁੰਦਲ

ਮੁੱਖੀ, ਪੰਜਾਬੀ ਵਿਭਾਗ, ਸੰਤ ਹੀਰਾ ਦਾਸ ਕੰਨਿਆਂ ਮਹਾਂਵਿਦਿਆਲਿਆ, ਕਾਲਾ ਸੰਘਿਆ

ਡਾ. ਹਰਨੇਕ ਸਿੰਘ ਹੇਅਰ ਪੰਜਾਬੀ ਦੇ ਨਵੇਂ ਪੋਚ ਦਾ ਇੱਕ ਸਰਗਰਮ ਸਾਹਿਤਕਾਰ ਹੈ। 'ਬਕਾਸੁਰ' ਤੇ 'ਮੁਲੰਕਣ ਕੇਂਦਰ' ਨਾਮੀ ਕਹਾਣੀਆਂ ਤੋਂ ਇਲਾਵਾ ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ 'ਲੜੀ ਦਾ ਰਾਗ' (ਤਿਨ ਜਿਲਦਾਂ) ਲੜੀ ਦੀਆਂ ਬੋਲੀਆਂ (ਚਾਰ ਜਿਲਦਾਂ), ਲੋਕ ਕਾਵਿ ਰੂਪ : ਰੰਗ, (ਦੋ ਜਿਲਦਾਂ), ਸੁਰਜੀਤ ਪਾਤਰ ਦਾ ਕਾਵਿ ਪ੍ਰਵਚਨ, ਸੰਤ ਸੰਧੂ ਦੀ ਕਾਵਿ ਸੰਵੇਦਨਾ ਨਾਂ ਦੀਆਂ ਖੋਜ/ਆਲੋਚਨਾ ਪੁਸਤਕਾਂ ਦੇ ਨਾਲ ਨਾਲ ਨਾਵਲ ਧੁਖਦਾ ਗੋਹਟਾ, ਕੂੜ ਅਮਾਵਸ, ਚੱਕਰਵਿਊ ਅਤੇ ਟਰਾਲੀਨਾਮਾ ਪਾਏ ਹਨ। ਟਰਾਲੀਨਾਮਾ ਉਸ ਦਾ ਚੌਥਾ ਨਾਵਲ ਹੈ ਜਿਸ ਦਾ ਤਾਣਾ ਬਾਣਾ ਕਿਸਾਨੀ ਸੰਘਰਸ਼ ਦੇ ਆਲੇ ਦੁਆਲੇ ਬੁਣਿਆ ਗਿਆ ਹੈ।

ਟਰਾਲੀਨਾਮਾ ਉਸ ਦੇ ਬਾਕੀ ਨਾਵਲਾਂ ਵਾਂਗ ਇੱਕ ਯਥਾਰਥਵਾਦੀ ਨਾਵਲ ਹੈ ਜੋ ਨਾਵਲਕਾਰ ਦੀ ਇਸ ਘੋਸ਼ਣਾ ਨਾਲ ਆਰੰਭ ਹੁੰਦਾ ਹੈ ਕਿ' ਇਸ ਦੇ ਪਾਤਰ ਤੇ ਸਥਿਤੀਆਂ ਕਾਲਪਨਿਕ ਹਨ' ਪਰ ਕਿਸਾਨੀ ਸੰਘਰਸ਼ ਨਾਲ ਜੁੜੇ ਇਸ ਦੇ ਪਾਤਰਾਂ ਅਤੇ ਘਟਨਾਵਾਂ ਦਾ ਮੇਲ ਇਤਫਾਕੀਆ ਨਹੀਂ ਹੈ। ਨਾਵਲ ਦੇ ਬਹੁਤੇ ਪਾਤਰ ਕੇਂਦਰ ਸਰਕਾਰ ਦੁਆਰਾ ਧੱਕੇ ਨਾਲ ਥੋਪੇ ਗਏ ਖੇਤੀ ਦੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਲੰਮਾ ਸਮਾਂ ਸੰਘਰਸ਼ ਕਰਦੇ ਹਨ। ਸਰਮਾਏਦਾਰੀ ਦੇ ਲਾਭਾਂ ਨੂੰ ਮੁੱਖ ਰੱਖ ਕੇ ਲਿਆਂਦੇ ਗਏ ਨਵੇਂ ਖੇਤੀ ਕਾਨੂੰਨਾਂ ਸਦਕਾ ਕਿਸਾਨੀ ਤੇਜੀ ਨਾਲ ਬਰਬਾਦੀ ਵੱਲ ਵਧੇਗੀ। ਇਸੇ ਖਦਸ਼ੇ ਨੂੰ ਮੁੱਖ ਰੱਖ ਕੇ ਪੰਜਾਬ ਦੀ ਕਿਸਾਨੀ ਜੋ ਪਹਿਲਾਂ ਹੀ ਸੰਕਟ ਗ੍ਰਸਤ ਸੀ ਸੰਘਰਸ਼ ਦੇ ਰਾਹ ਪੈਂਦੀ ਹੈ। ਪੰਜਾਬ ਇਸ ਸ਼ਾਂਤੀ ਪੂਰਵਕ ਸੰਘਰਸ਼ ਦਾ ਮੋਢੀ ਬਣਦਾ ਹੈ, ਪਰ ਜਦੋਂ ਸਰਕਾਰ ਦੇ ਕੰਨਾਂ ਤੇ ਜੂੰਅ ਨਹੀਂ ਸਰਕਦੀ ਤਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦਿੱਲੀ ਚਲੋ ਦੀ ਕਾਲ ਦਿੰਦੀਆਂ ਹਨ।

ਜਦੋਂ ਪੰਜਾਬ ਦੀ ਅਗਵਾਈ ਵਿੱਚ ਸਾਲ ਤੋਂ ਵੱਧ ਸਮੇਂ ਲਈ ਦੇਸ਼ ਭਰ ਦੇ ਕਿਸਾਨਾਂ ਦੁਆਰਾ ਦਿੱਲੀ ਦੇ ਬਾਰਡਰਾਂ ਉੱਤੇ ਮੋਰਚਾ ਲਗਦਾ ਹੈ ਤਾਂ ਮੋਰਚੇ ਨੂੰ ਫੇਲ੍ਹ ਕਰਨ ਲਈ ਜਿੱਥੇ ਸਰਕਾਰ ਦੀਆਂ ਵੱਖ ਵੱਖ ਏਜੰਸੀਆਂ ਕਮਰ ਕੱਸੇ ਕੱਸਦੀਆਂ ਹਨ ਉਥੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਸ ਦਾ ਰਾਜਨੀਤਿਕ ਲਾਹਾ ਲੈਣ ਲਈ ਅਗਰਸਰ ਹੁੰਦੀਆਂ ਹਨ। ਹੈਰਾਨੀ ਤਾਂ ਤਦ ਹੁੰਦੀ ਹੈ ਜਦੋਂ ਧਨੀ ਕਿਸਾਨੀ ਵੀ ਸਰਕਾਰ ਅਤੇ ਸਿਆਸੀ ਪਾਰਟੀਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕਿਸਾਨ ਮੋਰਚੇ ਦਾ ਨੁਕਸਾਨ ਕਰਨ ਦੇ ਰਸਤੇ ਤੁਰਦੀ ਹੈ। ਏਨੀਆਂ ਵਿਰੋਧਤਾਈਆਂ ਹੋਣ ਦੇ ਬਾਵਜੂਦ ਮੋਰਚਾ ਜਿੱਤਿਆ ਜਾਂਦਾ ਹੈ। ਸਰਕਾਰ ਨੂੰ ਕਿਸਾਨਾਂ ਦੇ ਰੋਹ ਅੱਗੇ ਝੁਕਣਾ ਪੈਂਦਾ ਹੈ। ਇਹ ਗੱਲ ਵੱਖਰੀ ਹੈ ਕਿ ਇਸ ਉਥਲ ਪੁਥਲ ਭਰੇ ਸੰਘਰਸ ਦਰਮਿਆਨ ਅਨੇਕਾਂ ਤਰਾਸਦਿਕ ਘਟਨਾਵਾਂ ਵਾਪਰਦੀਆਂ ਹਨ, ਹਾਸ਼ੀਏ 'ਤੇ ਵਿਚਰਦੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਮਾਨਸਿਕ/ਸਮਾਜਿਕ ਸੰਕਟਾਂ ਵਿੱਚ ਵਾਧਾ ਹੁੰਦਾ ਹੈ। ਸਤਈ ਪੱਧਰ 'ਤੇ ਇਹ ਸੰਘਰਸ਼ ਕਿਸਾਨਾਂ ਅਤੇ ਕੇਂਦਰ ਸਰਕਾਰ ਦਰਮਿਆਨ ਲੱਗਦਾ ਹੈ ਪਰ ਗਹਿਨ ਪੱਧਰ ਤੇ ਸੰਘਰਸ਼ ਹਰੇਕ ਪਾਤਰ ਅੰਦਰ ਕਿਸੇ ਨਾ ਕਿਸੇ ਰੂਪ ਵਿੱਚ ਲਗਾਤਾਰ ਚੱਲਦਾ ਦਿਖਾਈ ਦਿੰਦਾ ਹੈ। ਤਨਾਓ ਦੀ ਇਹ ਮੌਜੂਦਗੀ ਰਿਸ਼ਤਿਆਂ ਵਿੱਚ ਤੋੜ ਭੰਨ ਕਰਦੀ ਹੈ ਪਰਿਵਾਰ ਅਤੇ ਪਿੰਡ ਪੱਧਰ ਤੇ ਹੁੰਦੀ ਇਹ ਰਿਸ਼ਤਿਆਂ ਦੀ ਇਹ ਟੁੱਟ ਭੱਜ ਕਿਤੇ ਕਿਤੇ ਪ੍ਰਤੀਕਾਤਮਕ ਰੂਪ ਵਿੱਚ ਅੰਤਰ ਰਾਜੀ ਅੰਤਰ ਵਿਰੋਧਾਂ ਵੱਲ ਵੀ ਸੰਕੇਤ ਕਰਦੀ ਦਿਖਾਈ ਦਿੰਦੀ ਹੈ।ਪਾਣੀ ਅਤੇ ਜਾਇਦਾਦ ਦੇ ਮਸਲੇ ਨੂੰ ਲੈ ਕੇ ਹਰੀ ਸਿੰਘ ਦੀ ਨੋਕ ਝੋਕ ਦੀ ਪ੍ਰਕਿਰਤੀ ਦੇਖੀ ਜਾ ਸਕਦੀ ਹੈ। ਨਾਵਲ ਵਿੱਚ ਆਏ ਹੇਠਲੇ ਸੰਵਾਦ ਗੌਲਣਯੋਗ ਹਨ :

"ਆਡ ਟੁੱਟ ਗਈ ਕਿ ਭਾਖੜਾ, ਸ਼ਰਮ ਨਾ ਆਈ ਪੰਚਾਇਤਾਂ ਕਰਦੇ ਨੂੰ?"

ਪੰਚਾਇਤੀਆਂ ਸਰਾਣੇ ਖੜੋਤੇ ਹਰੀ ਨੇ ਪੰਜਾਬ ਦੀ ਗੱਲ ਭੁੰਜੇ ਪੈਣ ਤੋਂ ਪਹਿਲਾਂ ਹੀ ਬੋਚ ਲਈ ਤੇ ਉਸੇ ਰੌ ਵਿੱਚ ਬੋਲਿਆ, "ਭਾਊ, ਮੈਨੂੰ ਤਾਂ ਇਹ ਭਾਖੜਾ ਤੋਂ ਵੀ ਵੱਧ ਮਾਰ ਕਰ ਗੀ।" ਨਾ ਮੈਂ ਪਾਣੀ ਜਾਣ ਕੇ ਤੋੜਿਆ।"

"ਹੋਰ ਕੀ?"...

"ਮੈਂ ਵੀ ਪਿਓ ਦਾ ਪੁੱਤ ਨੀਂ ਜੇ ਦਵਿੰਦਰ ਦੇ ਹਿੱਸੇ ਦਾ ਪਾਣੀ ਨਾ ਲਿਆ ਤੇ।"

"ਬੁੜ੍ਹੀ ਨੂੰ ਗੁਰਦੁਆਰੇ ਛੱਡ ਆਉਣੇ ਆਂ ਫੇ?""

"ਦਿੱਤੀ ਹੋਈ ਆ ਸੜਕ ਆਲੀ ਖੱਤੀ।"

ਖੱਤੀ ਨਾ ਹੋਈ ਫਾਜ਼ਲਕਾ ਅਬੋਹਰ ਆਲੀ ਪੱਟੀ ਹੋ ਗੀ?"ਪੰਜਾਬ ਵੀ ਹਰੀ ਵਾਲੀ ਸੁਰ ਵਿੱਚ ਬੋਲਿਆ।

ਨਾਵਲ ਦਾ ਪ੍ਰਮੁੱਖ ਪਾਤਰ ਪੰਜਾਬ ਸਿੰਘ ਜੋ ਪੰਜਾਬ ਦੀ ਕਿਸਾਨੀ ਦਾ ਪ੍ਰਤੀਨਿਧ ਪਾਤਰ ਹੈ ਆਪਣੇ ਭਰਾ ਹਰੀ ਸਿੰਘ ਦੀਆਂ ਸਾਜ਼ਿਸ਼ਾਂ ਕਾਰਨ ਤਨਾਉ ਭੋਗਦਾ ਹੈ। ਨਾਵਲ ਦੇ ਅੰਤ ਤਕ

ਪੁੱਜਦਿਆਂ ਨਾ ਉਸ ਪਾਸ ਦੁੱਧ ਰਹਿੰਦਾ ਹੈ ਨਾ ਪੁੱਤ, ਨਾ ਪੈਸਾ ਨਾ ਪਤ। ਉਸ ਦੀ ਕੰਗਾਲੀ ਰਿਸ਼ਤਿਆਂ ਵਿੱਚ ਵੀ ਖਟਾਸ ਭਰਦੀ ਹੈ। ਇਵੇਂ ਹੀ ਉਸ ਦੀ ਪਤਨੀ ਕਰਮ ਕੌਰ ਖਾੜਕੂ ਲਹਿਰ ਨਾਲ ਸਬੰਧਾਂ ਦੇ ਸਿੱਟੇ ਵਜੋਂ ਖਤਮ ਹੋਏ ਆਪਣੇ ਪੇਕੇ ਟੱਬਰ ਅਤੇ ਸਹੁਰੀ ਆਪਣੇ ਛੋਟੇ ਮੁੰਡੇ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਝੂਠੇ ਕੇਸ ਕਾਰਨ ਹੋਈ ਦਰਦਨਾਕ ਮੌਤ ਦਾ ਦੁਖਾਂਤ ਭੋਗਦੀ ਹੋਈ ਸੁੱਧ ਬੁੱਧ ਗਵਾ ਬੈਠਦੀ ਹੈ। ਉਸ ਦੀ ਹਾਲਤ ਇੰਨੀ ਨਿਘਰ ਜਾਂਦੀ ਹੈ ਕਿ ਉਸ ਨੂੰ ਰਸੋਈ ਅਤੇ ਟੋਆਇਲਟ ਵਿੱਚ ਅੰਤਰ ਕਰਨਾ ਭੁੱਲ ਜਾਂਦਾ ਹੈ। ਪੰਜਾਬ ਦਾ ਵੱਡਾ ਪੁੱਤਰ ਜਰਨੈਲ ਪੜ੍ਹ ਲਿਖ ਕੇ ਵੀ ਸੀਮਤ ਆਮਦਨੀ ਵਾਲੇ ਅਡਹਾਕਿਜ਼ਮ ਦਾ ਸ਼ਿਕਾਰ ਹੈ ਅਤੇ ਉਸ ਦੀ ਪਤਨੀ ਰੁਪਿੰਦਰ ਆਪਣੇ ਵਿਭਚਾਰੀ ਜੀਜੇ ਦੇ ਪੈਸੇ ਦੇ ਪ੍ਰਭਾਵ ਹੇਠ ਆ ਕੇ ਮੁੱਕਰਨ ਵਾਲੇ ਪੇਕੇ ਪਰਿਵਾਰ ਦੀ ਬਦਸਲੂਕੀ ਦਾ। ਜਰਨੈਲ ਦਾ ਸਹੁਰਾ ਬਖਤਾਵਰ ਅੱਤਵਾਦ ਦੇ ਕਾਲੇ ਦੌਰ ਦੌਰਾਨ ਖਾੜਕੂਆਂ ਤੇ ਪੁਲਿਸ ਦੀਆਂ ਜਾਬਾਂ ਦੇ ਭੇੜ ਵਿੱਚ ਕਤਲ ਹੋਏ ਪੁੱਤਰਾਂ, ਭੈਣ-ਭਣੋਈਏ ਤੇ ਉਹਦੇ ਬੱਚਿਆਂ ਦੀ ਹੋਣੀ ਹੰਢਾਉਂਦਾ ਹੈ। ਜੈਲਦਾਰਾਂ ਦੀ ਜੈਲੋ ਆਪਣੇ ਪਤੀ ਤਾਰੇ ਦੀ ਨਾਮਰਦੀ ਕਾਰਨ ਵੱਖਰੀ ਤਰ੍ਹਾਂ ਦਾ ਤਨਾਓ ਭੋਗਦੀ ਹੈ। ਜਗਰੂਪ ਅਖੌਤੀ ਨੀਵੀਆਂ ਜਾਤਾਂ ਨਾਲ ਹੁੰਦੇ ਭੈੜੇ ਵਿਹਾਰ ਦੇ ਵਿਰੋਧ ਵਿੱਚ ਚੇਤਨ ਹੋਣ ਦੇ ਬਾਵਜੂਦ ਕੁਝ ਠੋਸ ਨਹੀਂ ਕਰ ਪਾਉਂਦਾ ਤੇ ਵਿਦੇਸ਼ ਵੱਲ ਪਲਾਇਨ ਕਰ ਜਾਂਦਾ ਹੈ। ਮਜ਼ਦੂਰ ਸ਼ਰੇਣੀ ਨਾਲ ਸੰਬੰਧਿਤ ਪਾਤਰ ਊਧੋ ਦੀ ਦਿੱਲੀ ਦੀਆਂ ਬਾਰਡਰਾਂ ਤੇ ਕੀਤੀ ਸਾਰਾ ਸਾਲ ਨਿਰਸਵਾਰਥ ਸੇਵਾ ਵੀ ਫਲੀ ਭੂਤ ਨਹੀਂ ਹੁੰਦੀ। ਨਿਮਨ ਕਿਸਾਨੀ ਅਤੇ ਮਜ਼ਦੂਰ ਸ਼੍ਰੇਣੀ ਨਾਲ ਜੁੜੇ ਇਹਨਾ ਪਾਤਰਾਂ ਦਾ ਨਾਵਲ ਵਿੱਚ ਪੱਸਰਿਆ ਇਹ ਬਹੁਪਰਤੀ ਅਤੇ ਬਹੁਪਸਾਰੀ ਤਣਾਓ ਨਾਵਲਕਾਰ ਦੀ ਨਾਵਲੀ ਵਿਧਾ ਦਾ ਇੱਕ ਨਿਖੇੜੂ ਲੱਛਣ ਹੈ।

ਸਮਾਜਿਕ ਦਰਜਾਬੰਦੀ ਦੀ ਅੰਤਰ ਪਾਠਾਤਮਕਤਾ ਸਾਰੀ ਰਚਨਾ ਦੇ ਆਰ ਪਾਰ ਫੈਲੀ ਹੋਈ ਹੈ। ਵੱਧ ਜਾਇਦਾਦ ਵਾਲੇ ਹਰੀ ਸਿੰਘ ਤੇ ਕੁੰਡੀ ਸਰਪੰਚ ਆਪਣੇ ਭੈਣਾਂ ਭਰਾਵਾਂ ਨੂੰ ਆਪਣੇ ਸਵਾਰਥ ਲਈ ਵਰਤਦੇ ਹਨ। ਕਿਸਾਨਾਂ ਦੀ ਇਹ ਧਨੀ ਜਮਾਤ ਜੋ ਪਿੰਡਾਂ ਦੀ ਸਿਆਸਤ ਉੱਪਰ ਪੂਰੀ ਤਰ੍ਹਾਂ ਕਾਬਜ ਹੈ ਕਿਸਾਨ ਜਥੇਬੰਦੀਆਂ ਦੇ ਆਦੇਸ਼ਾਂ ਨੂੰ ਵੀ ਟਿੱਚ ਜਾਣਦੀ ਹੋਈ ਇਲਾਕੇ ਵਿੱਚ ਖੁੱਲੇ ਪ੍ਰਾਈਵੇਟ ਸਾਈਲੋ 'ਤੇ ਧੜੱਲੇ ਨਾਲ ਕਣਕ ਲਿਜਾਂਦੀ ਹੈ। ਅਜਿਹਾ ਕਰਦਿਆਂ ਨਾ ਸਿਰਫ ਇਹ ਕਿਸਾਨੀ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਪੈਰਾਂ ਵਿੱਚ ਰੋਲਦੀ ਹੈ ਬਲਕਿ ਮਜ਼ਦੂਰ ਸ਼੍ਰੇਣੀ ਨੂੰ ਉਸ ਦਾ ਬਣਦਾ ਮਾਣ ਸਤਿਕਾਰ ਦੇਣ ਤੋਂ ਵੀ ਕੰਨੀ ਕਤਰਾਉਂਦੀ ਹੈ। ਉਹਨਾਂ ਖਿਲਾਫ ਪੰਚਾਇਤੀ ਮਤੇ ਪਾਏ ਜਾਂਦੇ ਹਨ। ਅਜਿਹਾ ਕਰਦਿਆਂ ਇਹ ਸ਼੍ਰੇਣੀ ਇਸ ਗੱਲ ਦਾ ਲੋਅ ਲਿਹਾਜ਼ ਵੀ ਨਹੀਂ ਰੱਖਦੀ ਕਿ ਉਸ ਸ੍ਰੇਣੀ ਨੇ ਉਹਨਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਸਰਕਾਰ ਵਿਰੁੱਧ ਸੰਘਰਸ਼ ਲੜਿਆ ਸੀ। ਨਾਵਲ ਵਿੱਚ ਇਹ ਸਥਿਤੀ ਉਦੋਂ ਸਾਹਮਣੇ ਆਉਂਦੀ ਹੈ ਕਿਸਾਨ ਸੰਘਰਸ਼ ਦੀ ਜਿੱਤ ਤੋਂ ਬਾਅਦ ਸਾਰੇ ਵਾਪਸ ਪਿੰਡ ਪਰਤ ਕੇ ਆਪਸ ਵਿੱਚ ਸੰਵਾਦ ਰਚਾਉਂਦੇ ਹਨ। ਪਾਤਰਾਂ ਵੱਲੋਂ ਇੱਕ ਦੂਜੇ ਪ੍ਰਤੀ ਚੁਣੀ ਗਈ ਸ਼ਬਦਾਵਲੀ ਤੇ ਅਣਬੋਲਿਆ ਗੈਰ ਭਾਸ਼ਾਈ ਪ੍ਰਗਟਾ ਪਾਤਰਾਂ ਦੇ ਸਮਾਜਿਕ ਦਰਜਿਆਂ ਨੂੰ ਪ੍ਰਤੱਖ ਪੇਸ਼ ਕਰਦਾ ਹੈ।ਅਖੌਤੀ ਨੀਵੀ ਜਾਤੀ ਵਾਲਿਆਂ ਨੂੰ ਉਪਹਾਸ ਦਾ ਪਾਤਰ ਬਣਾਇਆ ਜਾਂਦਾ ਹੈ ਤੇ ਉਹਨਾਂ ਨੂੰ ਸਮਾਜਿਕ ਮਾਣ ਮਰਿਆਦਾ ਵੀ ਨਸੀਬ ਨਹੀਂ ਹੁੰਦੀ। ਸੰਘਰਸ਼ ਲੇਖੇ ਇੱਕ ਸਾਲ ਲਾਉਣ ਵਾਲੇ ਦਲਿਤ ਪਾਤਰ ਊਧੋ ਨੂੰ ਸਰੋਪਾ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ। ਉਕਤ ਦਰਜਿਆ ਤੋਂ ਇਲਾਵਾ ਨਾਵਲਕਾਰ ਸਮਕਾਲੀ ਯਥਾਰਥ ਦੇ ਵਿਰੋਧਾਂ ਅਤੇ ਵਿਸੰਗਤੀਆਂ ਨੂੰ ਜੁੱਟ ਵਿਰੋਧਾਂ ਰਾਹੀਂ ਵੱਡੀ ਪੱਧਰ ਉੱਤੇ ਸਾਹਮਣੇ ਲਿਆਉਂਦਾ ਹੈ। ਇਹ ਜੁੱਟ ਵਿਰੋਧ ਅੰਤਰ ਵਿਰੋਧਾਂ ਨੂੰ ਸਾਕਾਰ ਕਰਨ ਦੇ ਸਮਰੱਥ ਹਨ। ਅਮੀਰ-ਗਰੀਬ, ਜਿਮੀਦਾਰ-ਬੇਜ਼ਮੀਨੇ, ਊਚ-ਨੀਚ, ਜਾਤ- ਵਕੁਜਾਤ ਆਦਿ ਅਨੇਕ ਅੰਤਰ ਵਿਰੋਧ ਰਚਨਾ ਦੇ ਆਰ ਪਾਰ ਫੈਲੇ ਹੋਏ ਹਨ।

ਜਗੀਰਦਾਰੀ ਸੋਚ ਵਾਲੇ ਸਮਾਜ ਨੂੰ ਚਿਤਰਦਿਆਂ ਡਾ. ਹਰਨੇਕ ਸਿੰਘ ਹੇਅਰ ਵਿਅਕਤੀ ਨੂੰ ਵਸਤੂ ਵਿੱਚ ਤਬਦੀਲ ਕਰਨ ਵਾਲੇ ਸਮਾਜਿਕ ਸੱਭਿਆਚਾਰਕ ਤਕਾਜ਼ਿਆਂ ਦਾ ਡੂੰਘਾ ਅਹਿਸਾਸ ਰੱਖਦਾ ਹੈ। ਸਾਡੇ ਸਮਾਜ ਵਿੱਚ ਵਿਆਹ ਵਰਜਣਾ ਇਕ ਰੇਖਾ ਵਾਂਗ ਹੈ। ਵਿਆਹ ਬਾਹਰੇ ਪ੍ਰੇਮ ਸੰਬੰਧਾਂ ਨੂੰ ਸਮਾਜਿਕ ਪ੍ਰਵਾਨਗੀ ਨਹੀਂ ਮਿਲਦੀ। ਨਾਮਰਦ ਪਤੀ ਦੀ ਲੜ ਲੱਗੀ ਜੈਲੋ ਨੂੰ ਪਤਾ ਹੈ ਕਿ ਉਸ ਦੇ ਸਹੁਰੇ ਘਰ ਉਸ ਦੀ ਜੜ ਉਦੋਂ ਤੱਕ ਨਹੀਂ ਲੱਗ ਸਕਦੀ ਜਦ ਤੱਕ ਉਹ ਕੋਈ ਵਾਰਸ ਪੈਦਾ ਨਹੀਂ ਕਰਦੀ। ਆਪਣੀ ਵਿਚੋਲਣ ਕਰਮ ਕੌਰ ਦੀ ਸਲਾਹ 'ਤੇ ਅਮਲ ਕਰਦਿਆਂ ਉਹ ਆਪਣਾ ਆਪ ਦਿਓਰ ਨੂੰ ਸੌਂਪ ਦਿੰਦੀ ਹੈ ਤੇ ਉਸ ਦੇ ਪੁੱਤਰ ਦੀ ਮਾਂ ਬਣ ਜਾਂਦੀ ਹੈ। ਇਸ ਤੋਂ ਖਿੱਝ ਕੇ ਉਸ ਦਾ ਨਾਮਰਦ ਪਤੀ ਤਾਰਾ ਆਪਣੇ ਭਰਾ ਦਾ ਅੱਤਵਾਦੀਆਂ ਤੋਂ ਕਤਲ ਕਰਵਾ ਵਿਦੇਸ਼ ਦੌੜ ਜਾਂਦਾ ਹੈ। ਜੈਲੋ ਦਾ ਦੂਸਰਾ ਪੁੱਤਰ ਉਸ ਦੇ ਸਹੁਰੇ ਕੁੰਡੀ ਸਰਪੰਚ ਤੋਂ ਉਸ ਨਾਲ ਹੋਈ ਧੱਕੇਸ਼ਾਹੀ ਕਾਰਨ ਹੁੰਦਾ ਹੈ। ਆਪਣੇ ਦਿਓਰ ਦੇ ਨਕਸ਼ ਜੈਲੋ ਆਪਣੇ ਪੁੱਤਰ ਦੇ ਹਾਣੀ ਕੈਲੇ 'ਚੋਂ ਤਲਾਸ਼ਦੀ ਹੈ ਪਰ ਕੈਲੇ ਦੇ ਇਹਨਾਂ ਵਿਆਹ ਬਾਹਰੇ ਸਬੰਧਾਂ ਦਾ ਭਵਿੱਖ ਇੱਕ ਸਵਾਲੀਆ ਨਿਸ਼ਾਨ ਹੀ ਕਿਹਾ ਜਾ ਸਕਦਾ ਹੈ। ਰਿਸ਼ਤਿਆਂ ਦਾ ਭੰਜਨ ਨਾਵਲ ਵਿੱਚ ਇੱਕ ਚਿਹਨ ਪ੍ਰਬੰਧ ਦੀ ਤਰ੍ਹਾਂ ਉਸਰਦਾ ਹੈ।

ਨਾਵਲ ਦਾ ਮੁੱਖ ਪਾਤਰ ਜਰਨੈਲ ਇਕ ਵਿਡੰਬਨਾਤਮਕ ਪਾਤਰ ਹੈ ਜੋ ਆਪਣੇ ਅਧਿਆਪਕ ਬਖਤਾਵਰ ਦੀ ਪ੍ਰੇਰਨਾ ਨਾਲ ਕਿਸਾਨ ਸੰਘਰਸ਼ ਵਿੱਚ ਕੁੱਦਦਾ ਹੈ। ਉਸ ਨੂੰ ਸਹੀ ਗਲਤ ਦੀ ਪਛਾਣ ਵੀ ਹੈ ਕਈ ਮੌਕਿਆਂ ਤੇ ਉਹ ਅਰਥ ਦਾ ਅਨਰਥ ਹੋਣੋ ਵੀ ਬਚਾਉਂਦਾ ਹੈ। ਕਿਸਾਨ ਜਥੇਬੰਦੀਆਂ ਕਿਸਾਨੀ ਸੰਘਰਸ਼ ਦੌਰਾਨ ਪਾਏ ਉਸ ਦੇ ਯੋਗਦਾਨ ਨੂੰ ਪੂਰੀ ਤਰ੍ਹਾਂ ਵਿਸਾਰ ਦਿੰਦੀਆਂ ਹਨ। ਕਿਸਾਨਾਂ ਦੁਆਰਾ ਆਪਣੇ ਬੂਹੇ ਅੱਗੇ ਗੋਹੇ ਦੀ ਟਰਾਲੀ ਢੇਰੀ ਕੀਤੇ ਜਾਣ ਤੋਂ ਖਫਾ ਹੋਇਆ ਉਸ ਦੇ ਕਾਲਜ ਦਾ ਪ੍ਰਧਾਨ ਤਿਆਗੀ ਜੋ ਕੇਂਦਰ ਵਿੱਚ ਸਥਾਪਿਤ ਬੀ ਜੀ ਪੀ ਸਰਕਾਰ ਦਾ ਨੁਮਾਇੰਦਾ ਵੀ ਹੈ ਜਦੋਂ ਉਸ ਨੂੰ ਜਦੋਂ ਕਾਲਜ ਦੀ ਆਰਜੀ ਨੌਕਰੀ ਤੋਂ ਕੱਢ ਦਿੰਦਾ ਹੈ ਤਾਂ ਕਿਸਾਨਾਂ ਲਈ ਘਰ ਪਰਿਵਾਰ ਦਾਅ ਉੱਤੇ ਲਾਉਣ ਵਾਲੇ ਜਰਨੈਲ ਨੂੰ ਕਿਸਾਨਾਂ ਵੱਲੋਂ ਕੋਈ ਸਹਾਰਾ ਨਹੀਂ ਮਿਲਦਾ। ਇਸੇ ਕਾਰਨ ਕਿਸਾਨ ਮਜ਼ਦੂਰ ਏਕਤਾ ਦੇ ਨਾਅਰੇ ਲਾਉਂਦੀ ਲਾਉਂਦੀ ਉਹਦੀ ਬਾਂਹ ਲੁੜਕ ਜਾਂਦੀ ਹੈ। ਉਹ ਠੱਗਿਆ ਹੋਇਆ ਮਹਿਸੂਸ ਕਰਦਾ ਹੈ। ਉਸ ਦੀ ਹਾਰ ਦੀਆਂ ਜੜ੍ਹਾਂ ਪਰੰਪਰਾਗਤ ਨਾਵਲ ਵਾਂਗ ਅਦਰਸ਼ਹੀਨਤਾ ਵਿੱਚ ਨਹੀਂ ਬਲਕਿ ਸਥਿਤੀ ਦੀ ਕਠੋਰਤਾ ਵਿਚ ਵਿਦਮਾਨ ਹਨ।

ਪਾਤਰਾਂ ਦੀ ਇਸ ਦੋਫਾੜ ਮਾਨਸਿਕਤਾ ਦਾ ਵੇਰਵਾ ਸਾਰੇ ਨਾਵਲ ਵਿੱਚ ਇੱਕ ਚਿਹਨਕ ਦੇ ਤੌਰ ਤੇ ਉਭਰਦਾ ਹੈ। ਪਾਤਰਾਂ ਨਾਲ ਹੁੰਦੇ ਜ਼ੋਰ,ਜਬਰ ਅਤੇ ਧੱਕੇ ਉਨ੍ਹਾਂ ਨੂੰ ਕਿਵੇਂ ਮਨੋਰੋਗੀ ਬਣਾ ਦਿੰਦੇ ਹਨ ਦੀ ਪੇਸ਼ਕਾਰੀ ਵੀ ਇਸ ਨਾਵਲ ਵਿੱਚ ਖੂਬਸੂਰਤੀ ਨਾਲ ਹੋਈ ਹੈ। ਨਾਵਲ ਦਾ ਪ੍ਰਮੁੱਖ ਇਸਤਰੀ ਪਾਤਰ ਕਰਮ ਕੌਰ ਇਸ ਦੀ ਪ੍ਰਤੀਨਿਧ ਮਿਸਾਲ ਹੈ ਜਿਸ ਦਾ ਭੂਤ ਇਕ ਭੂਤ ਬਣ ਕੇ ਉਸ ਦੇ ਵਰਤਮਾਨ ਤੇ ਭਵਿੱਖ ਨੂੰ ਚੁੰਬੜ ਜਾਂਦਾ ਹੈ। ਵਿਪਰੀਤ ਪ੍ਰਸਥਿਤੀਆਂ ਦੀ ਅਸਹਿ ਪੀੜਾ ਕਾਰਨ ਉਹ ਛੂੰਨਿਆਂ ਹੋ ਜਾਂਦੀ ਹੈ ਤੇ ਉਹ ਆਪਣੀ ਸ਼ਨਾਖਤ ਗਵਾ ਬਹਿੰਦੀ ਹੈ। ਉਸਦੇ ਸਾਰੇ ਸੰਦਰਭ ਗਵਾਚ ਜਾਂਦੇ ਹਨ ਤੇ ਉਹ ਪੂਰੀ ਤਰ੍ਹਾਂ ਅਜਨਬੀ ਹੋ ਜਾਂਦੀ ਹੈ। ਮਾਨਵ ਹੋਣੀ ਦੇ ਕਰੁਣਾਮਈ ਪ੍ਰਸੰਗ ਏਨੇ ਡਰਾਉਣੇ ਹੋ ਜਾਂਦੇ ਹਨ ਕਿ ਪਾਠਕਾਂ ਦੇ ਮਨਾਂ ਵਿੱਚ ਵਤਿਸ਼ਨਾ ਪੈਦਾ ਹੋ ਜਾਂਦੀ ਹੈ। ਸੁਚੇਤ ਤੋਂ ਛੂੰਨਿਆਂ ਹੋਣ ਦੀ ਇਹ ਪੀੜਾਦਾਇਕ ਪ੍ਰਕਿਰਿਆ ਨਾਵਲ ਦੇ ਅੰਤ ਤੱਕ ਭੰਗ ਨਹੀਂ ਹੁੰਦੀ।

ਨਾਵਲ ਦਾ ਇਕ ਹੋਰ ਵਿਸ਼ੇਸ਼ ਪਹਿਲੂ ਜੋ ਚਮਤਕਾਰੀ ਜਾਪਦਾ ਹੈ ਉਹ ਹੈ ਇਸ ਦੇ ਇਸਤਰੀ ਪਾਤਰਾਂ ਦੀ ਖੁਦ ਮੁਖਤਿਆਰੀ। ਭਾਵੇਂ ਇਹ ਪਾਤਰ ਵਿਭਿੰਨ ਕਿਸਮ ਦਾ ਸੰਤਾਪ ਹੰਢਾਉਂਦੇ ਹਨ ਪਰ ਉਹਨਾਂ ਦਾ ਆਪਣੀ ਮਰਜ਼ੀ ਦੇ ਮਾਲਕ ਹੋਣਾ ਕਾਫੀ ਅਚੰਭੇ ਭਰਿਆ ਕਦਮ ਹੈ। ਜੈਲੋ ਤੇ ਕਰਮ ਕੌਰ ਕੈਲੇ ਤੇ ਪਾਲੀ ਨੂੰ ਲੱਭਣ ਲਈ ਹੀ ਸਹੀ ਆਪਣੀ ਮਰਜ਼ੀ ਨਾਲ ਕਿਸਾਨਾਂ ਦੇ ਸੰਘਰਸ਼ ਟਿਕਾਣਿਆਂ ਸ਼ੰਭੂ, ਟਿੱਕਰੀ ਤੇ ਗਾਜ਼ੀਪੁਰ ਬਾਰਡਰਾਂ ਉੱਤੇ ਜਾਂਦੀਆਂ ਹਨ ਤੇ ਉੱਥੇ ਰਹਿ ਕੇ ਲੰਗਰ ਦੀ ਸੇਵਾ ਕਰਦੀਆਂ ਹਨ। ਰੁਪਿੰਦਰ ਤੇ ਉਸ ਦੀ ਭੂਆ ਮਹਿੰਦਰ ਕੌਰ ਵੀ ਆਪਣੀ ਇੱਛਾ ਨਾਲ ਅਚਾਨਕ ਕਿਸਾਨ ਸੰਘਰਸ਼ ਵਿੱਚ ਪੁੱਜਣ ਦਾ ਫੈਸਲਾ ਕਰ ਲੈਂਦੀਆਂ ਹਨ। ਜੈਲੋ ਤੇ ਰੁਪਿੰਦਰ ਦਾ ਦਿੱਲੀ ਦੇ ਥਾਣਿਆਂ ਵਿੱਚ ਫਿਰ ਤੁਰ ਕੇ ਪਾਲੀ ਨੂੰ ਲੱਭ ਲੈਣ ਦੀਆਂ ਘਟਨਾਵਾਂ ਅਗਾਂਹਵਧੂ ਅਤੇ ਕ੍ਰਾਂਤੀਕਾਰੀ ਹਨ। ਉਕਤ ਇਹਨਾਂ ਇਸਤਰੀ ਪਾਤਰਾਂ ਦੀ ਚੇਤਨਾ ਪ੍ਰਗਤੀਵਾਦੀ ਸੁਭਾਅ ਵਾਲੀ ਹੈ।

ਨਾਵਲ ਟਰਾਲੀਨਾਮਾ ਵਿਚ ਬੇਸ਼ੱਕ ਮੂਲ ਕਥਾ ਦੇ ਨਾਲ ਨਾਲ ਕਈ ਉਪ ਕਥਾਵਾਂ ਵੀ ਉਸਾਰੀਆਂ ਗਈਆਂ ਹਨ ਪਰ ਮੂਲ ਰੂਪ ਵਿੱਚ ਇਸ ਨਾਵਲ ਦੀ ਸੰਰਚਨਾ ਇਕਹਿਰੀ ਹੈ। ਇਸ ਦਾ ਬਹੁਤਾ ਬਿਰਤਾਂਤ ਲਕੀਰੀ ਹੈ। ਕਿਤੇ ਕਿਤੇ ਅਗਲਝਾਤ ਤੇ ਪਿਛਲਝਾਤ ਦੀਆਂ ਜੁਗਤਾਂ ਵਰਤ ਕੇ ਕਾਲਕ੍ਰਮ ਭੰਜਨ ਵੀ ਕੀਤਾ ਗਿਆ ਦ੍ਰਿਸ਼ਟੀ ਗੋਚਰ ਹੁੰਦਾ ਹੈ। ਬਿਰਤਾਂਤਕਾਰ ਅਨਿਆਂ ਪੁਰਖੀ ਸ਼ੈਲੀ ਵਿੱਚ ਬਿਰਤਾਂਤ ਨੂੰ ਬਾਹਰੋਂ ਬਿਆਨਦਾ ਹੈ। ਉਸ ਦਾ ਪੈਂਤੜਾ ਭੋਲੇਪਨ ਦਾ ਹੈ ਸਰਬ ਗਿਆਤਾ ਵਾਲਾ ਨਹੀਂ। ਸੂਚਨਾ ਇਕੋ ਥਾਂ ਢੇਰੀ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ। ਰਹੱਸ ਸਿਰਜਣ ਅਤੇ ਰਹੱਸ ਵਿਗੋਪਨ ਨਾਲੋਂ ਨਾਲ ਚਲਦੇ ਹਨ। ਮਿਸਾਲ ਵਜੋਂ ਜਰਨੈਲ ਦਾ ਪੁਲਿਸ ਦੀਆਂ ਡਾਂਗਾਂ ਖਾ ਕੇ ਆਉਣ ਵਾਲੀ ਘਟਨਾ ਦਾ ਅਸਲ ਭੇਦ ਦੂਸਰੇ ਕਾਂਡ ਦੇ ਦੂਜੇ ਕਾਂਡ ਉੱਤੇ ਜਾ ਕੇ ਖੁੱਲਦਾ ਹੈ ਜਦ ਕਿ ਇਸ ਦੇ ਇਸ਼ਾਰੇ ਪਹਿਲੇ ਕਾਂਡ ਦੀ ਪਹਿਲੀ ਸਤਰ ਤੋਂ ਹੀ ਮਿਲਣੇ ਆਰੰਭ ਹੋ ਜਾਂਦੇ ਹਨ। 'ਇੱਕ ਚੰਗਾ ਗਲਪਕਾਰ ਭਾਸ਼ਾ ਦੀ ਸੁਘੜ ਵਰਤੋਂ ਨਾਲ ਇੱਕ ਐਸੀ ਤਕਨੀਕ ਸਿਰਜਦਾ ਹੈ ਜਿਸ ਨਾਲ ਘੁੰਡ ਵੀ ਚੁੱਕਿਆ ਗਿਆ ਹੁੰਦਾ ਹੈ ਅਤੇ ਤਵੀਤ ਵੀ ਨੰਗਾ ਰੱਖਿਆ ਗਿਆ ਹੁੰਦਾ ਹੈ। ਇਹ ਜੁਗਤ ਹੀ ਪਾਠਕ ਦੀ ਬਿਰਤਾਂਤ ਵਿੱਚ ਦਿਲਚਸਪੀ ਪੈਦਾ ਕਰਦੀ ਹੈ।' (ਗਲਪ ਦੀ ਭਾਸ਼ਾ, ਜੋਗਿੰਦਰ ਸਿੰਘ ਰਾਹੀ, ਖੋਜ ਦਰਪਣ ਪੰਨਾ 5)।

ਬਹੁਤੀ ਥਾਈਂ ਬਿਰਤਾਂਤਕਾਰ ਸੂਚਨਾ ਪ੍ਰਦਾਨ ਕਰਨ ਦਾ ਕਾਰਜ ਪਾਤਰਾਂ ਨੂੰ ਸੌਂਪ ਕੇ ਨਾਵਲ ਵਿੱਚੋਂ ਆਪਣੀ ਹਾਜ਼ਰੀ ਅਲੋਪ ਕਰ ਲੈਂਦਾ ਹੈ। ਉਸ ਦੀ ਗ਼ੈਰ ਹਾਜ਼ਰੀ ਵਿੱਚ ਪਾਤਰ ਕਥਾ ਨੂੰ ਅੱਗੇ ਤੋਰਦੇ ਅਤੇ ਸਥਿਤੀਆਂ ਦੀਆਂ ਪਰਤਾਂ ਖੋਲ੍ਹਦੇ ਹਨ। ਪਾਤਰਾਂ ਦੀ ਦ੍ਰਿਸ਼ਟੀ ਦੀ ਵਿਭਿੰਨਤਾ ਕਾਰਨ ਪਾਠਕ ਨੂੰ ਪ੍ਰਾਪਤ ਹੋਈ ਇਹ ਸੂਚਨਾ ਦੀ ਪ੍ਰਕਿਰਤੀ ਗਾਲਪਨਿਕ ਅਤੇ ਬਹੁਕੋਣੀ ਹੋ ਜਾਂਦੀ ਹੈ। ਮਿਸਾਲ ਵਜੋਂ ਚੈਂਚਲ ਦੀ ਮੌਤ ਦਾ ਕਾਰਨ ਉਸ ਦੀ ਭੈਣ ਨੂੰ ਕੁਝ ਹੋਰ ਜਾਪਦਾ ਹੈ ਤੇ ਉਸ ਦੇ ਪਿੰਡ ਤੇ ਸਰਪੰਚ ਨੂੰ ਕੁਝ ਹੋਰ।

ਬਖਤਾਵਰ ਇਸ ਘਟਨਾ ਨੂੰ ਆਪਣੀ ਨੁਕਤਾ ਨਿਗਾਹ ਤੋਂ ਵੇਖਦਾ ਹੈ ਤੇ ਪੰਜਾਬ ਆਪਣੀ ਨੁਕਤਾ ਨਿਗਾਹ ਤੋਂ। ਹੋਰ ਤਾਂ ਹੋਰ ਚੈਂਚਲ ਦਾ ਚਲਦਾ ਪੁਰਜਾ ਸਹੁਰਾ ਆਪਣੀ ਵਿਧਵਾ ਹੋਈ ਧੀ ਨੂੰ ਨੌਕਰੀ ਦਿਵਾਉਣ ਖਾਤਰ ਇਸ ਨੂੰ ਸਰਕਾਰੀ ਕਾਗਜ਼ਾਂ ਵਿੱਚ ਹੋਰ ਤਰਾਂ ਬਿਆਨ ਕਰਦਾ ਹੈ।

ਇਸ ਤੋਂ ਇਲਾਵਾ ਨਾਵਲੀ ਕਥਾ ਵਿੱਚ ਵਰਤੀਆਂ ਗਈਆਂ ਮੌਕਾ ਮੇਲ ਤੇ ਚੇਤਨਾ ਪ੍ਰਵਾਹ ਦੀਆਂ ਜੁਗਤਾਂ ਅਤੇ ਚੁਸਤ ਸੰਵਾਦੀ ਸ਼ੈਲੀ ਕਥਾ ਨੂੰ ਨਾਟਕੀ ਰੂਪ ਹੀ ਨਹੀਂ ਦਿੰਦੀਆਂ ਬਲਕਿ ਸਵਾਦਲਾ ਤੇ ਰੌਚਕ ਵੀ ਬਣਾਉਂਦੀਆਂ ਹਨ। ਉਕਤ ਜੁਗਤਾਂ ਤੋਂ ਇਲਾਵਾ ਨਾਵਲ ਵਿੱਚ ਵਿਅੰਗ ਜੁਗਤ ਦੀ ਵਰਤੋਂ ਵੀ ਬਾਖੂਬੀ ਹੋਈ ਹੈ ਜਿਸ ਰਾਹੀਂ ਉਹ ਅਖੌਤੀ ਜਗੀਰਦਾਰਾਂ/ਧਨੀ ਕਿਸਾਨਾਂ, ਸਰਪੰਚਾਂ,ਜਥੇਬੰਦੀਆਂ ਦੇ ਅਖੌਤੀ ਆਗੂਆਂ ਤੇ ਰਾਜਨੀਤਿਕਾਂ ਦੇ ਦੋਗਲੇ ਤੇ ਦੰਭੀ ਕਿਰਦਾਰਾਂ ਦੇ ਬਖੀਏ ਉਧੇੜਦਾ ਹੈ। ਲੋੜ ਵੇਲੇ ਗਧੇ ਨੂੰ ਵੀ ਪਿਓ ਕਹਿਣ ਵਾਲੀ ਧਨੀ ਜਮਾਤ ਮੌਕਾ ਨਿਕਲਣ ਉਪਰੰਤ ਨਿਮਨ ਕਿਸਾਨੀ ਨੂੰ ਵੀ ਨਹੀਂ ਬਖਸ਼ਦੀ। ਬੇਲੋੜੇ ਠੇਕੇ ਵਧਾ ਕੇ ਛੋਟੀ ਕਿਸਾਨੀ ਨੂੰ ਪੈਲੀ ਤੋਂ ਮਹਿਰੂਮ ਕਰਨਾ ਆਮ ਜਿਹਾ ਵਰਤਾਰਾ ਹੈ। ਕੁੰਡੀ ਸਰਪੰਚ ਦਾ ਪੁੱਤਰ ਕੁਲਤਾਰ ਪੰਚਾਇਤੀ ਪੈਲੀ ਦਾ ਠੇਕਾ ਏਨਾ ਵਧਾ ਦਿੰਦਾ ਹੈ ਕਿ ਪੈਲੀ ਪੰਜਾਬ ਦੀ ਪਹੁੰਚ ਤੋਂ ਬਾਹਰ ਹੋ ਜਾਂਦੀ ਹੈ। ਪੰਚਾਇਤੀ ਮੋਟਰ ਦੇ ਪਾਣੀ ਨਾਲ ਗੁਜ਼ਾਰਾ ਕਰਨ ਵਾਲੇ ਪੰਜਾਬ ਨੂੰ ਨਾ ਕੁੰਡੀ ਪਾਣੀ ਦਿੰਦਾ ਹੈ ਤੇ ਨਾ ਉਸ ਦਾ ਭਰਾ ਹਰੀ ਸਿੰਘ। ਧਨੀ ਕਿਸਾਨੀ ਵਾਂਗ ਰਾਜਸੀ ਪਾਰਟੀਆਂ ਦਾ ਕਿਰਦਾਰ ਵੀ ਦੋਹਰਾ ਅਤੇ ਦੰਭੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਆਪ ਹੀ ਕਰਵਾ ਕੇ ਕੈਲੇ ਵਰਗੇ ਨੌਜਵਾਨਾਂ ਨੂੰ ਦੋਸ਼ੀ ਠਹਿਰਾਉਣ ਦੀ ਕੋਝੀ ਸਾਜਿਸ਼ ਰਚਦੀਆਂ ਹਨ। ਕਿਸਾਨੀ ਦਾ ਚੋਲਾ ਪਾ ਕੇ ਬੈਠੇ ਵੱਖੋ ਵੱਖ ਪਾਰਟੀਆਂ ਦੇ ਸਿਆਸਤਦਾਨ ਅੰਦਰੋਂ ਕਿੰਝ ਇੱਕੋ ਹਨ ਦਾ ਨਿਤਾਰਾ ਨਾਵਲ ਵਿੱਚ ਸਿਰਜੇ ਵਿਅੰਗ ਚਿੱਤਰਾਂ ਤੋਂ ਸਹਿਜੇ ਹੀ ਹੋ ਜਾਂਦਾ ਹੈ। ਕਿਸਾਨਾਂ ਵਿੱਚ ਉਭਰੀਆਂ ਲੀਕਾਂ 'ਤੇ ਵਿਅੰਗ ਕਸਦਾ ਹੋਇਆ ਨਾਵਲ ਦਾ ਮੁੱਖ ਪਾਤਰ ਜਰਨੈਲ ਆਖਦਾ ਹੈ :

"ਅੱਗੇ ਤਾਂ ਮੋਰਚਾ ਨਿਰਾ ਦੋਫਾੜ ਈ ਹੋਇਆ ਸੀ ਹੁਣ ਫਾੜੀ ਫਾੜੀ ਹੋਇਆ ਪਿਆ। ਕੋਈ ਰਾਜਨੀਤਿਕ, ਕੋਈ ਅਰਾਜਨੀਤਕ, ਕੋਈ ਖੱਬੇ ਪੱਖੀ ਕੋਈ ਸੱਜੇ ਪੱਖੀ। ਸਿਆਣੇ ਕਹਾਣ ਨ੍ਹੀ ਪਾਉਂਦੇ ਹੁੰਦੇ ਅਖੇ ਬਾਰਾਂ ਪੂਰਬੀਏ ਤੇ ਤੇਰਾਂ ਚੁੱਲੇ। ਸੱਚ ਪੁੱਛੋ ਏਦੂੰ ਵੀ ਗਿਆ ਗੁਜ਼ਰਿਆ ਹਾਲ ਆ ਮੋਰਚੇ ਦਾ। ਹਰ ਕੋਈ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲੱਗਾ ਹੋਇਆ ਆ।"

ਪਾਤਰਾਂ ਦੇ ਨਾਵਾਂ ਦੀ ਚਿਹਨਕ ਜੁਗਤ ਵੀ ਕਮਾਲ ਦੀ ਹੈ। ਅਰਥਾਂ ਦੇ ਉਲਟਾ ਦੁਆਰਾ ਪੈਦਾ ਹੋਇਆ ਇਹ ਵਿਅੰਗ ਤਕਰੀਬਨ ਹਰ ਥਾਂ ਪੱਸਰਿਆ ਦ੍ਰਿਸ਼ਟੀ ਗੋਚਰ ਹੁੰਦਾ ਹੈ। ਪਾਤਰਾਂ ਦੇ ਬਹੁਤੇ ਨਾਮ ਉਹਨਾਂ ਦੀ ਹੋਣੀ ਤੋਂ ਉਲਟ ਹਨ। ਜਰਨੈਲ ਪੜ੍ਹਿਆ ਲਿਖਿਆ, ਚੇਤਨ ਤੇ ਸੂਝਵਾਨ ਆਗੂ ਹੈ ਜੋ ਆਪਣੇ ਆਲੇ ਦੁਆਲੇ ਫੈਲੇ ਕੂੜ ਦੀ ਬਰੀਕ ਸੋਝੀ ਰੱਖਦਾ ਹੈ ਪਰ ਅੰਤ ਤੇ ਉਹ ਆਪਣੀ ਜ਼ਿੰਦਗੀ ਵਿੱਚ ਉਹ ਜਿੱਤਿਆ ਹੋਇਆ ਜਰਨੈਲ ਨਹੀਂ ਸਗੋਂ ਹਾਰਿਆ ਤੇ ਹੰਭਿਆ ਹੋਇਆ ਲਗਦਾ ਹੈ। ਕਰਮ ਕੌਰ ਸਟੇਟ ਅਤੇ ਪਰਿਵਾਰ ਦੇ ਮਾਰੂ ਪ੍ਰਭਾਵ ਹਢਾਉਂਦੀ ਹੋਈ ਕਰਮਹੀਣ ਬਣੀ ਦਿਸਦੀ ਹੈ। ਪੰਜਾਬ ਦੀ ਹਾਲਤ ਖੁਸ਼ਹਾਲੀ ਵਾਲੀ ਨਹੀਂ ਸਗੋਂ ਨਿਘਰੀ ਹੋਈ ਹੈ। ਹਰੀ ਸਿੰਘ ਦਾ ਰੋਲ ਹਰਿਆਵਲ ਫੈਲਾਉਣ ਵਾਲੇ ਰੁੱਖ ਦਾ ਨਹੀਂ ਬਲਕਿ ਹਰਿਆਲੀ ਨੂੰ ਚੂਸਣ ਵਾਲੀ ਅਮਰ ਵੇਲ ਵਰਗਾ ਹੈ। ਨਾਵਲ ਦੇ ਪਾਤਰਾਂ ਦੇ ਕੁਝ ਨਾਮ ਪ੍ਰਤੀਕਾਤਮਕ ਹਨ ਕੁੰਡੀ ਕੁੰਡੀਆਂ ਲਗਾਉਣ ਦਾ ਕਾਰਜ ਵਧੇਰੇ ਕਰਦਾ ਹੈ। ਕੁੰਡੀ ਲਾਉਣ ਵਿੱਚ ਮਾਹਰ ਕੁੰਡੀ ਸਰਪੰਚ ਨਾ ਆਪਣੇ ਪਰਿਵਾਰ ਨੂੰ ਬਖਸ਼ਦਾ ਆ ਨਾ ਪਿੰਡ ਨੂੰ ਤੇ ਨਾ ਕਿਸਾਨ ਮੋਰਚੇ ਨੂੰ। ਇਸ ਤੋਂ ਇਲਾਵਾ ਇੰਦਰ ਕੌਰ ਅਤੇ ਚੈਂਚਲ ਵੀ ਪ੍ਰਤੀਕ ਪਾਤਰਾਂ ਵਜੋਂ ਉਭਰਦੇ ਹਨ। ਗੱਲ ਕੀ ਪਾਤਰਾਂ ਦੇ ਨਾਵਾਂ ਦੀ ਚਿਹਨਕ ਜੁਗਤ ਆਪਣੇ ਅਰਥ ਵਿਰੋਧ ਕਾਰਨ ਰਚਨਾ ਵਿੱਚ ਚਮਤਕਾਰ ਪੈਦਾ ਕਰਦੀ ਤੇ ਗਹਿਨ ਪੱਧਰ 'ਤੇ ਵਿਅੰਗ ਦੀ ਸਿਰਜਣਾ ਕਰਦੀ ਹੈ।

ਡਾ. ਹਰਨੇਕ ਸਿੰਘ ਹੇਅਰ ਦਾ ਇਹ ਨਾਵਲ ਦਸਤਾਵੇਜੀ ਵੀ ਹੈ ਅਤੇ ਗਾਲਪਨਿਕ ਵੀ ਅਰਥਾਤ ਇਸ ਦੇ ਕੁਝ ਵੇਰਵੇ ਇਤਿਹਾਸ ਨਾਲ ਬਰ ਮੇਚ ਕੇ ਤੁਰਦੇ ਹਨ ਅਤੇ ਕਿਤੇ ਕਿਤੇ ਘਟਨਾਵਾਂ ਤੇ ਕਾਲਪਨਿਕਤਾ ਦੀ ਚਾਸ਼ਨੀ ਚੜ੍ਹੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਨਾਵਲ ਦਾ ਥੀਮ ਖੇਤੀ ਸੈਕਟਰ ਨੂੰ ਬਚਾਉਣ ਹਿੱਤ ਵਿੱਢੇ ਗਏ ਕਿਸਾਨ ਸੰਘਰਸ਼ ਇਰਦ ਗਿਰਦ ਘੁੰਮਦਾ ਹੈ। ਥੀਮ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਵਿੱਚ ਨਾਵਲਕਾਰ ਆਪਣੀ ਸੰਤੁਲਿਤ ਪਹੁੰਚ ਦਾ ਵਿਖਾਵਾ ਕਰਦਾ ਹੈ। ਉਹ ਖੱਬੇ ਪੱਖੇ ਜਥੇਬੰਦੀਆਂ ਵੱਲ ਉਲਾਰ ਨਹੀਂ ਹੈ, ਨਾ ਹੀ ਧਰਮ ਦਾ ਸਹਾਰਾ ਲੈ ਕੇ ਆਪਣੇ ਸੌੜੇ ਸਵਾਰਥ ਪੂਰੇ ਕਰਨ ਵਾਲੇ ਲੋਕਾਂ ਦਾ ਸਮਰਥਨ ਕਰਦਾ ਹੈ। ਕਿਸਾਨ ਜਥੇਬੰਦੀਆਂ ਦੀ ਖੱਲ ਪਾ ਕੇ ਬੈਠੇ ਸਰਕਾਰ ਪੱਖੀ ਭੇੜ੍ਹੂਏ ਨੇਤਾਵਾਂ ਉੱਤੇ ਵੀ ਉਹ ਓਨੀ ਹੀ ਉਂਗਲ ਧਰਦਾ ਹੈ ਜਿੰਨੀ ਬੁੱਧੀਜੀਵੀ ਲੋਕਾਂ ਦੀ ਦੋਹਰੀ ਮਾਨਸਿਕਤਾ ਉੱਤੇ। ਉਹ ਹਰ ਲੋਕ ਵਿਰੋਧੀ ਅਨਸਰ ਨੂੰ ਪਛਾਨਣ ਦੀ ਉਹ ਸਮਰੱਥਾ ਰੱਖਦਾ ਹੈ। ਹਾਸ਼ੀਆਗਤ ਵਰਗ ਨਾਲ ਜੁੜੇ ਲੋਕਾਂ ਨਾਲ ਲੇਖਕ ਨੂੰ ਦਿਲੋਂ ਮੋਹ ਹੈ ਤੇ ਉਹ ਇਸ ਦਾ ਪ੍ਰਗਟਾਵਾ ਸਪੱਸ਼ਟ ਰੂਪ ਵਿੱਚ ਕ ਕਰਦਾ ਹੈ। ਨਾਵਲ ਦੀ ਬਰੀਕ ਤੋਂ ਬਰੀਕ

ਤੰਦ ਨੂੰ ਵੀ ਉਹ ਹੱਥੋਂ ਖਿਸਕਣ ਨਹੀਂ ਦਿੰਦਾ। ਇਹ ਗੱਲ ਉਸ ਨੂੰ ਸਮਰੱਥਾਵਾਨ ਲੇਖਕ ਸਿੱਧ ਕਰਦੀ ਹੈ। ਹਰੇਕ ਸਾਹਿਤਕਾਰ ਆਪਣੀ ਰਚਨਾ ਦੀ ਆਧਾਰ ਸਮੱਗਰੀ ਆਪਣੇ ਚੁਗਿਰਦੇ ਵਿੱਚੋਂ ਲੈਂਦਾ ਹੈ ਤੇ ਇਹ ਚੁਗਰਦਾ ਅਛੋਪਲੇ ਹੀ ਉਸਦੀ ਰਚਨਾ ਦੇ ਆਰ ਪਾਰ ਫੈਲਿਆ ਹੁੰਦਾ ਹੈ। ਡਾ.ਹਰਨੇਕ ਸਿੰਘ ਹੇਅਰ ਦੁਆਬੇ ਦੇ ਦੋਨਾ ਇਲਾਕੇ ਦਾ ਜਮਪਲ ਹੈ। ਇਸੇ ਕਾਰਨ ਉਸ ਦੇ ਨਾਵਲ ਵਿੱਚ ਦੋਨਾ ਇਲਾਕੇ ਦੀ ਜੀਵਨ ਜਾਚ ਆਪਣੇ ਸਮੱਗਰ ਰੂਪ ਵਿੱਚ ਹਾਜ਼ਰ ਹੈ। ਦੁਆਬੇ ਦੇ ਦੋਨੇ ਇਲਾਕੇ ਦਾ ਰਹਿਣ ਸਹਿਣ, ਖਾਣ ਪੀਣ, ਪਹਿਰਾਵਾ, ਰੀਤੀ ਰਿਵਾਜ, ਕਦਰਾਂ ਕੀਮਤਾਂ ਅਤੇ ਦੁਆਬੀ ਉਪ ਭਾਸ਼ਾ ਦੀ ਪੇਸ਼ਕਾਰੀ ਨਾਵਲ ਵਿੱਚ ਸੁਤੇ ਸਿੱਧ ਹੋਈ ਹੈ। ਨਾਵਲ ਦੀਆਂ ਉਕਤ ਖਾਸੀਅਤਾਂ ਇਸ ਨੂੰ ਆਂਚਲਿਕ ਨਾਵਲ ਦੇ ਘੇਰੇ ਦਾ ਨਾਵਲ ਬਣਾਉਂਦੀਆਂ ਹਨ। ਇਹ ਆਂਚਲਿਕਤਾ ਸਤਈ ਅਤੇ ਪੇਤਲੀ ਨਾ ਹੋ ਕੇ ਬੜੀ ਨਿਗਰ ਅਤੇ ਜਾਨਦਾਰ ਹੈ। ਬਾਕੀ ਇਲਾਕਿਆਂ ਨਾਲ ਜੁੜੇ ਹੋਏ ਪਾਤਰ ਆਪੋ ਆਪਣੇ ਇਲਾਕਿਆਂ ਦੀ ਭਾਸ਼ਾ ਬੋਲਦੇ ਹਨ। ਕੇਂਦਰੀ ਮੰਤਰੀਆਂ ਅਤੇ ਉਹਨਾਂ ਦੇ ਅਮਲੇ ਦੀ ਭਾਸ਼ਾ ਅੰਗਰੇਜ਼ੀ ਰਲਾ ਵਾਲੀ ਹਿੰਦੀ ਹੈ :

ਉਹ (ਮੰਤਰੀ ਸਾਹਿਬ) ਆਪਣੀ ਗੱਲ ਜਾਰੀ ਰੱਖਦਿਆਂ ਬੋਲੇ, "ਮੁਝੇ ਧਰਨੇ ਕੀ ਮੌਜੂਦਾ ਰਿਪੋਰਟ ਚਾਹੀਏ, ਫੌਰਨ। ਮੈਂ ਭੀ ਤੋ ਕਿਸੀ ਕੋ ਜਵਾਬ ਦੇਹ ਹੂੰ। ਕਲ ਕੋ ਇਲੈਕਸ਼ਨ ਸਰ ਪੇ ਖੜੀ ਹੈ, ਅਗਰ ਕੋਈ ਉਨੀਸ ਇਕੀਸ ਹੋ ਗਈ ਤੋ ਕਿਸੀ ਕੋ ਮੂੰਹ ਦਿਖਲਾਨੇ ਕੇ ਕਾਬਿਲ ਨਹੀਂ ਰਹੂੰਗਾ। ਅਗਰ ਮੇਰੀ ਕੁਰਸੀ ਹਿਲੀ ਤੋ ਆਪ ਕੋ ਕੋਈ ਫੂਟੀ ਕੌੜੀ ਕੇ ਭਾਵ ਭੀ ਨਹੀਂ ਪੂਛੇਗਾ।"

ਪੀ ਏ ਸਿੱਧਾ ਮੁੱਦੇ ਤੇ ਆਉਂਦਾ ਬੋਲਿਆ, "ਅਪਨੀ ਕੱਲ ਵਾਲੀ ਪਲੈਨ ਕਾਮਯਾਬ ਰਹੀ ਸਰ ! ਹਮ ਧਰਨੇ ਮੇ ਫੂਟ ਡਲਵਾਨੇ ਮੇ ਕਾਮਯਾਬ ਰਹੇ। ਸਰ, ਅਬ ਮਾਰਚ ਏਕ ਤਰਫ਼ ਨਹੀ ਦੋ ਤਰਫ ਚਲੇਗਾ, ਆਧਾ ਏਕ ਤਰਫ ਔਰ ਬਾਕੀ ਆਧਾ ਦੂਸਰੀ ਤਰਫ। ਮਾਰਚ ਕੀ ਰਵਾਨਗੀ ਕਾ ਸਮਯ ਭੀ ਅਲੱਗ ਅਲੱਗ ਹੋਗਾ। ਹਮ ਕੋ ਸੰਭਾਲਨੇ ਮੇ ਆਸਾਨੀ ਰਹੇਗੀ। ਰਾਤ ਮੇਰੀ ਅਪਨੇ ਆਗੂਓਂ ਸੇ ਭੀ ਬਾਤ ਹੋ ਗਈ ਸਰ। ਉਨਹੋਨੇ ਉਨਕਾ ਸਮਝੌਤਾ ਨਹੀਂ ਹੋਣੇ ਦੀਆ। ਸਰ, ਵੋ ਅਪਣੇ ਬਾਤੋਂ ਪੇ ਅੜੇ ਰਹੇ। ਅਗਰ ਹਮਾਰੇ ਬੰਦੇ ਉਨਹੇ ਲਾਲ ਕਿਲੇ ਤੱਕ ਲਿਜਾਨੇ ਮੇ ਕਾਮਯਾਬ ਰਹੇ ਤੋ ਆਪਣੀ ਜੀਤ ਲਾਜਮੀ ਹੋਗੀ ਸਰ !"

"ਮਾਰਚ ਕੋ ਉਧਰ ਲਾਨੇ ਕੇ ਲੀਏ ਕਿਆ ਬੰਦੋਬਸਤ ਕੀਆ ਕਿਆ ਹੈ?"

"ਉਸ ਤਰਫ਼ ਦੀ ਬੈਰੀਕੇਡਿੰਗ ਜਾਨ ਬੂਝ ਕਰ ਢੀਲੀ ਰੱਖੀ ਗਈ ਹੈ ਸਰ ! ਜਲ ਤੋਪੋ ਔਰ ਆਂਸੂ ਗੈਸ ਕੇ ਦਸਤੋ ਕੋ ਨਰਮਾਈ ਰੱਖਣੇ ਕੀ ਖਾਸ ਹਦਾਇਤ ਦੀ ਗਈ ਹੈ ਔਰ ਕਿਲੇ ਕੀ ਸੁਰਕਸ਼ਾ ਫੋਰਸ ਕੋ ਹੁਕਮ ਦੀਆ ਗਿਆ ਹੈ ਕਿ ਜਿਤਨੀ ਦੇਰ ਹਮ ਨਾ ਕਹੇ ਕੋਈ ਕਾਰਵਾਈ ਨਾ ਕਰੇ। ਕਿਲੇ ਕੀ ਧਰੋਹਰ ਮੇਂ ਆਪ ਨੇ ਬੰਦੇ ਪਹਿਲੇ ਸੇ ਮੌਜੂਦ ਰਹੇਂਗੇ। ਜੋ ਜੋ ਕਰਨਾ ਹੈ ਉਨਕੋ ਸਭ ਸਮਝਾ ਦੀਆ ਗਿਆ ਹੈ। ਮੀਡੀਆ ਉਨ ਕੇ ਹਰ ਉੱਪਦਰ ਕੋ ਛੂਟ ਕਰਕੇ ਲੋਗੋਂ ਤੱਕ ਪਹੁੰਚਾਏਗਾ ਸਰ !"

ਡਾ. ਹਰਨੇਕ ਸਿੰਘ ਹੇਅਰ ਕੋਲ ਸ਼ਬਦਾਵਲੀ ਦਾ ਅਮੁੱਕ ਭੰਡਾਰ ਹੈ। ਉਸ ਦੀ ਵਿਸ਼ਾਲ ਸਮਾਜ ਸੱਭਿਆਚਾਰਕ ਤੇ ਰਾਜਸੀ ਸੂਝ, ਉਸ ਵੱਲੋਂ ਔਨ ਮੌਕੇ 'ਤੇ ਚੁਣੇ ਗਏ ਯੋਗ ਤੇ ਸਹੀ ਸ਼ਬਦਾਂ ਦੀ ਵਰਤੋਂ ਕਮਾਲ ਦੀ ਹੈ। ਉਸ ਦੇ ਪਾਤਰ ਬਹੁਤ ਵੱਡੀ ਗਿਣਤੀ ਵਿੱਚ ਮੁਹਾਵਰੇ, ਅਖਾਣਾ, ਟੋਟਕਿਆਂ ਦੀ ਵਰਤੋਂ ਹਰ ਸਥਿਤੀ ਵਿੱਚ ਕਰਦੇ ਹਨ। ਇਹ ਜਨੋਮਿਕ ਕੋਡ ਵਿਸ਼ਾਲ ਰੂਪ ਵਿੱਚ ਸਾਰੇ ਨਾਵਲ ਵਿੱਚ ਹਾਜ਼ਰ ਹੈ। ਅਜਿਹਾ ਸ਼ਬਦ ਚਮਤਕਾਰ ਉਸ ਦੇ ਖੱਬੇ ਹੱਥ ਦੀ ਖੇਡ ਜਾਪਦੀ ਹੈ। ਬਹੁਤ ਥਾਵਾਂ ਉੱਤੇ ਗੁਰਬਾਣੀ ਦੀ ਢੁਕਵੀਂ ਵਰਤੋਂ ਕੀਤੀ ਗਈ ਹੈ ਜੋ ਨਾਵਲ ਨੂੰ ਚਾਰ ਚੰਨ ਲਾਉਂਦੀ ਹੈ। ਇਸ ਤੋਂ ਇਲਾਵਾ ਨੀਤੀ ਕਥਾਵਾਂ ਦੀ ਵਰਤੋਂ ਵੀ ਵੇਖਣ ਯੋਗ ਹੈ।

ਨਾਵਲੀ ਪਾਠ ਇਕ ਧਾਗਿਆਂ ਦੇ ਗੋਲੇ ਦੀ ਤਰ੍ਹਾਂ ਹੁੰਦੀ ਹੈ ਗਹਿਰਾਈ ਨਾਲ ਜਾਨਣ ਲਈ ਇਸ ਨੂੰ ਉਧੇੜਨਾ ਜ਼ਰੂਰੀ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਨਾਵਲ ਦੀ ਬਿਰਤਾਂਤਕ ਕੋਡਾਂ ਨੂੰ ਖੋਲ੍ਹਣਾ ਲਾਜ਼ਮੀ ਹੁੰਦਾ ਹੈ। ਅਜਿਹਾ ਕਰਨ ਨਾਲ ਹੀ ਸੰਭਾਵਤ ਅਰਥਾਂ ਦੀ ਦੀ ਬਹੁਤਾਤ ਤੋਂ ਜਾਣੂ ਹੋਇਆ ਜਾ ਸਕਦਾ ਹੈ। ਰਚਨਾਕਾਰ ਦੀ ਕਲਾ ਕੌਸ਼ਲਤਾ ਦੀ ਸਮਝ ਵੀ ਪੈਂਦੀ ਹੈ। ਜਦੋਂ ਟਰਾਲੀਨਾਮਾ ਨਾਵਲ ਨੂੰ ਪੜ੍ਹਦੇ ਹਾਂ ਤਾਂ ਨਾਵਲ ਦੀ ਕਥਾ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀ ਹੈ ਜਾਂ ਇੰਜ ਕਹੋ ਕਿਸਾਨ ਮੋਰਚੇ ਦੇ ਦ੍ਰਿਸ਼ ਪਾਠਕ ਦੀਆਂ ਅੱਖਾਂ ਅੱਗੇ ਸਾਕਾਰ ਹੋਣ ਲੱਗਦੇ ਹਨ। ਪਾਠਕ ਰਚਨਾ ਦੇ ਅੰਗ ਸੰਗ ਵਿਚਰਦਾ ਹੈ ਜਾਂ ਕਹਿ ਲਓ ਰਚਨਾ ਪਾਠਕ ਦੇ ਅੰਗ ਸੰਗ ਵਿਚਰਦੀ ਪ੍ਰਤੀਤ ਹੁੰਦੀ ਹੈ। ਇਹੋ ਇਸ ਨਾਵਲ ਦੀ ਸਰਵੋਤਮ ਪ੍ਰਾਪਤੀ ਹੈ।

ਕਹਿ ਸਕਦੇ ਹਾਂ ਇਹ ਨਾਵਲ ਪੰਜਾਬੀ ਗਲਪ ਸਾਹਿਤ ਦੀ ਵਿਸ਼ੇਸ਼ ਪ੍ਰਾਪਤੀ ਅਤੇ ਗੁਣਾਂਤਮਕ ਵਾਧਾ ਹੈ।



# ਪੈੜ ਜਗੀਰੋ ਦੀ

**ਸੰਤ ਸਿੰਘ ਸੰਧੂ**

ਟੈਰਿਫ਼ – ਲੱਡੂ ਪੰਜਾਂ ਦੇ, ਪੰਜਾਹ ਦੀ ਕੁੜਤੀ, ਪਾੜ ਦਿਤੀ ਰੱਗ ਭਰ ਕੇ।
ਤੀਆਂ – ਕਾਨੂੰਗੋ ਦੀ ਰੰਨ ਮਰਜੇ, ਜੀਹਨੇ ਕੱਟਿਆ ਨਾ ਤੀਆਂ ਦਾ ਮੁਰੱਬਾ।
ਅਕਾਲੀ ਦਲ – ਤੁਸੀਂ ਰੱਖ ਨਾ ਸਕੇ ਨਨਕਾਣਾ, ਗੁਰੂ ਜੀ ਨੇ ਹਿੰਦ ਰੱਖ ਲਈ।
ਪੱਛਮੀ ਪੰਜਾਬ – ਇਹ ਤਾਂ ਨਿਭਣ ਸਿਰਾਂ ਦੇ ਨਾਲੇ, ਲੱਗੀਆਂ ਮਸੀਤਾਂ ਦੀਆਂ।
ਢਾਹਾਂ ਇਨਾਮ – ਧਰਮੀ ਵੀਰਾ ਨੇ, ਸਣੇ ਬਲਦ ਗੱਡਾ ਪੁੰਨਾ ਕੀਤਾ।
ਕ੍ਰਿਸਾਨੀ – ਕੁਲੀਆਂ 'ਚ ਦਿਨ ਕੱਟਦੀ, ਕਦੇ ਆਇਆ ਨਾ ਸਰਵਣਾ ਵੀਰਾ।
ਯੂਕ੍ਰੇਨ – ਲੁਟ ਕੇ ਗੁਲਾਬੀ ਰੰਗ ਤੇਰਾ, ਊਠਾਂ ਵਾਲੇ ਤਰ ਜਾਣਗੇ।
ਸੰਤਾਲੀ – ਧਾਹਾਂ ਮਾਰ ਕੇ ਦੇਵਤੇ ਰੋਏ, ਜੰਡ ਹੇਠਾਂ ਜੱਟ ਵੱਢਿਆ।
ਲੈਂਡ ਪੂਲਿੰਗ ਰੱਦ – ਰੱਤੇ ਝੀਊਰ ਨੇ ਮਾਰਿਆ ਲਲਕਾਰਾ, ਟਿਬਿਆਂ 'ਚ ਜੰਞ ਘੇਰ ਲਈ।
ਪਰਵਾਸ – ਕੀਤਾ ਰਿਜ਼ਕ ਨੇ ਆ ਉਦਾਸ ਰਾਂਝਾ, ਚਲੋ ਚਲੀ ਹੀ ਜਿਉਂ ਪੁਕਾਰਿਆ ਈ।
ਚੋਣ ਕਮਿਸ਼ਨ – ਕਣਕਾਂ ਵਿਚ ਬਟੇਰੇ, ਦੋ ਸਾਧੂਆਂ ਦੇ, ਦੋ ਮੇਰੇ।
ਅਕਾਲੀ ਟਰੇਨ – ਇਕ ਘੜੀ ਦੇ ਵਿਚ ਅਕਾਲੀਆਂ ਨੇ, ਲਿਆ ਦਾਲ ਫੁਲਕਾ ਓਥੇ ਵੰਡ ਮੀਆਂ।
ਪ੍ਰਿਅੰਕਾ – ਪੀੜ੍ਹੀ ਉਤੇ ਬਹਿ ਜਾਹ ਵੀਰਨਾ, ਸੱਸ, ਚੰਦਰੀ ਦੇ ਰੁਦਨ ਸੁਣਾਵਾਂ।
ਕੰਗਣਾ – ਮਧਰੋ ਗੁੜ ਵਰਗੀ, ਪਰ ਬੋਲ ਚਾਲ ਦੀ ਮਾੜੀ।
ਫੌਜਾ ਸਿੰਘ – ਜੱਗੇ ਜੱਟ ਦਾ ਜਾਂਘੀਆਂ ਪੱਟ ਦਾ, ਕਿੱਲੀ ਉਤੇ ਟੰਗਿਆ ਰਿਹਾ–
ਗੁਰਦਾਸ ਮਾਨ – ਬੱਚਾ ਜਾਹ ਤੇਰਾ ਕੰਮ ਹੋਇਆ ਈ, ਜਦੋਂ ਪੀਰ ਦੀ ਮਿਹਰ ਮਨਜ਼ੂਰ ਹੋਵੇ।
ਬਾਬਾ ਨਜ਼ਮੀ – ਕੋਠੇ ਕੋਠੇ ਆ ਜਾ ਵੀਰਨਾ, ਸੱਸ ਚੰਦਰੀ ਬੂਹਾ ਨਾ ਖੋਲ੍ਹੇ।
ਭਗਵੰਤ ਮਾਨ – ਬਾਬਲੇ ਨੇ ਵਰ ਟੋਲਿਆ, ਮੇਰੀ ਗੁੱਤ ਦੇ ਪਰਾਂਦੇ ਨਾਲੋਂ ਛੋਟਾ।
ਭਾਜਪਾ – ਕਾਲੀ ਤੇਰੀ ਗੁੱਤ ਵੇਖ ਕੇ, ਸਾਨੂੰ ਸੱਪਣੀ ਦੇ ਪੈਣ ਭੁਲੇਖੇ।
ਰਾਹੁਲ ਗਾਂਧੀ – ਵੈਰੀਆਂ ਦਾ ਖੂਹ ਵਗਦਾ, ਸਾਨੂੰ ਤੇਰੀ ਵੇ ਜਾਨ ਦਾ ਧੋਖਾ।
ਨਿਤੀਸ਼ ਕੁਮਾਰ – ਕਾਲੇ ਕੋਲ ਮੰਜਾ ਨਹੀਂ ਡਾਹੁਣਾ, ਲਿਸ਼ਕੇ ਤਾਂ ਪੈਜੂ ਬਿਜਲੀ।
ਪ੍ਰੋ. ਜਸਵਿੰਦਰ ਭੱਲਾ – ਜਾਂਦਾ ਹੋਇਆ ਦੱਸ ਨਾ ਗਿਆ, ਕਿਹੜੀ ਛਾਉਣੀ 'ਚ ਲੁਆ ਲਿਆ ਨਾਵਾਂ।
ਅਮਿਤ ਸ਼ਾਹ – ਥਰ–ਥਰ ਕੰਬੇ ਗੁੱਸੇ ਨਾਲ ਜੋਗੀ, ਅੱਖੀਂ ਰੋਹ ਪਲੱਟਿਆਂ ਨੀਰ ਮੀਆਂ।
ਪੰਜਾਬ – ਅੱਗ ਲੱਗ ਕੇ ਸੜੇ ਜ਼ਿਮੀਂ ਅਸਮਾਨ ਸਾਰਾ, ਲਿਖਾਂ ਜੇ ਮੈਂ ਦੁਖੜੇ ਸਾਰਿਆਂ ਨੂੰ।
ਟ੍ਰੰਪ – ਕੱਲ੍ਹ ਦਾ ਰੁਸਿਆ ਫਿਰ, ਕੀ ਚੌਲਾਂ ਦੀ ਬੁਰਕੀ।
ਬਲਵੀਰ ਪਰਵਾਨਾ – ਇਕ ਤਾਂ ਮੁੰਡਾ ਚੜ੍ਹ ਗਿਆ ਪਿੱਪਲ ਨੂੰ ਟਾਹਣੇ ਨੂੰ ਹਥ ਪਾ ਕੇ।
ਭਗਵੰਤ ਰਸੂਲਪੁਰੀ – ਨਾਥ, ਖੋਲ੍ਹ ਅੱਖੀਂ ਕਿਹਾ ਰਾਂਝਣੇ ਨੂੰ, ਬੱਚਾ ਜਾਹ ਤੇਰਾ ਕੰਮ ਹੋਇਆ ਈ।

ਤਲਵੰਡੀ ਸਲੇਮ (ਜਲੰਧਰ)
97794–79169


ਚੱਕਰਵਿਊ
(ਨਾਵਲ)
ਹਰਨੇਕ ਸਿੰਘ ਹੇਅਰ


ਧਰਮਪਾਲ ਸਾਹਿਲ
ਖੋਰਾ


ਦਲਿਤ ਪੈਂਥਰ
ਅੰਦੋਲਨ ਦਾ ਇਤਿਹਾਸ
ਐੱਸ. ਐੱਲ. ਵਿਰਦੀ


ISSN 2395-4086
25ਵਾਂ ਅੰਕ
ਰਣਜੀਤ
ਸ਼ਹਾਦਤ
ਵਿਸ਼ੇਸ਼ ਅੰਕ
ਰਣਜੀਤ ਮੈਮੋਰੀਅਲ ਚੈਰੀਟੇਬਲ ਟਰੱਸਟ (ਰਜਿ.) ਆਦਮਪੁਰ-ਜਲੰਧਰ ਦਾ ਉੱਦਮ

| Apni Aawaaz | Volume 4 | Issue 2 | September 2025 | RNI : PUNPUN/2022/82997 |
|---|---|---|---|---|













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001

Editor - Dr. Ram Murti

*Publication Date : 18/9/2025*

ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਡਾ. ਰਾਮ ਮੂਰਤੀ

ਪ੍ਰਕਾਸ਼ਕ ਮਿਤੀ : 18/9/2025